13ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -13 ISSUE - 14
July 10, 2024

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



ਲਾਸਾਨੀ ਸ਼ਹੀਦ ਭਾਈ ਮਨੀ ਸਿੰਘ ਜੀ
(ਵਿਸ਼ੇਸ ਲੇਖ ਅੰਦਰ ਦੇਖੋ)



ਸ਼ਹੀਦ ਭਾਈ ਤਾਰੂ ਸਿੰਘ ਜੀ
(ਵਿਸ਼ੇਸ ਲੇਖ ਅੰਦਰ ਦੇਖੋ)

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ



ਸਾਬਕਾ ਉਪ ਪ੍ਰਧਾਨ ਮੰਤਰੀ ਬਾਬੂ ਜਗਜੀਵਨ ਰਾਮ ਜੀ ਦੀ ਬਰਸੀ ’ਤੇ ਅਦਾਰਾ “ਦੇਸ਼ ਦੁਆਬਾ””ਵੱਲੋਂ ਭਾਵ-ਭਿੰਨੀ ਸ਼ਰਧਾਂਜਲੀ ਭੇਟ ਕੀਤੀ ਜਾਂਦੀ ਹੈ। (ਉਹਨਾਂ ਨੂੰ ਸਮਰਪਿਤ ਲੇਖ ਦੇਖੋ ਸਫਾ 6 -7 ‘ਤੇ)

## ਜਲੰਧਰ ਪੱਛਮੀ ਵਿਧਾਨ ਸਭਾ ਚੋਣਾਂ ‘ਚ ਘੱਟ ਵੋਟਿੰਗ ਬਣੀ ਚਿੰਤਾ

### ਵਿਰੋਧੀ ਧਿਰਾਂ ਵੱਲੋਂ ਦਖਲਅੰਦਾਜ਼ੀ ਦੇ ਦੋਸ਼, ਇਕ-ਦੋ ਥਾਵ ’ਤੇ ਦੇਖਿਆ ਗਿਆ ਤਕਰਾਰ



**ਜਲੰਧਰ (ਬਿਊਰੋ)** ਆਸ ਤੋਂ ਉਲਟ ਪੰਜਾਬ ਦੀ ਜਲੰਧਰ ਪੱਛਮੀ ਵਿਧਾਨ ਸਭਾ ਸੀਟ ਉਤੇ ਅੱਜ ਕਾਫੀ ਘੱਟ ਵੋਟਿੰਗ ਹੋਈ। ਜਿਸ ਤਰ੍ਹਾਂ ਇਸ ਸੀਟ ਉਤੇ ਸਾਰੀਆਂ ਧਿਰਾਂ ਨੇ ਪੂਰੀ ਤਾਕਤ ਲਗਾਈ ਹੋਈ ਸੀ, ਉਸ ਨੂੰ ਦੇਖਦਿਆਂ ਇਹ ਕਿਹਾ ਜਾ ਰਿਹਾ ਸੀ ਕਿ ਵੋਟਿੰਗ ਕਾਫੀ ਜ਼ਿਆਦਾ ਹੋਵੇਗੀ ਪਰ ਅਜਿਹਾ ਨਹੀਂ ਹੋਇਆ। ਵਿਰੋਧੀ ਧਿਰਾਂ ਦਾ ਦੋਸ਼ ਹੈ ਕਿ ਇਹ ਚੋਣ ਨਿਰੋਲ ਪ੍ਰਸ਼ਾਸਨਿਕ ਦਖਲਅੰਦਾਜ਼ੀ ਵਿਚਕਾਰ ਹੋਈ ਹੈ ਅਤੇ ਵਿਰੋਧੀ ਪਾਰਟੀ ਦੇ ਵੋਟਰਾਂ ਨੂੰ ਘਰਾਂ ਵਿਚੋਂ ਨਿਕਲਣ ਹੀ ਨਹੀਂ ਦਿੱਤਾ ਗਿਆ, ਜਦਕਿ ਸੱਤਾਧਾਰੀ ਧਿਰ ਦਾ ਕਹਿਣਾ ਹੈ ਕਿ ਚੋਣਾਂ ਪੂਰੀ ਤਰ੍ਹਾਂ ਪਾਰਦਰਸ਼ਤਾ ਨਾਲ ਹੋਈਆਂ ਹਨ। ਇਸ ਸੀਟ ’ਤੇ ਅੱਜ 60 ਫੀਸਦੀ ਦੇ ਕਰੀਬ ਵੋਟਿੰਗ ਹੋਈ। ਇੱਥੇ ਵੋਟਾਂ ਸਵੇਰੇ 7 ਵਜੇ ਤੋਂ ਪੈਣੀਆਂ ਸ਼ੁਰੂ ਹੋਈਆਂ ਸਨ ਤੇ ਸ਼ਾਮ 6 ਵਜੇ ਤੱਕ ਜਾਰੀ ਰਹੀਆਂ। ਇਸ ਸੀਟ ’ਤੇ ਤਿਕੋਣਾ ਮੁਕਾਬਲਾ ਮੰਨਿਆ ਜਾ ਰਿਹਾ ਹੈ ਜਿਸ ਵਿੱਚ ਭਾਜਪਾ ਤੋਂ ਉਮੀਦਵਾਰ ਸਾਬਕਾ ਵਿਧਾਇਕ ਸ਼ੀਤਲ ਅੰਗੁਰਾਲ, ‘ਆਪ’ ਤੋਂ ਭਾਜਪਾ ਦੇ ਸਾਬਕਾ ਮੰਤਰੀ ਦੇ ਪੁੱਤਰ ਮਹਿੰਦਰ ਭਗਤ ਅਤੇ ਕਾਂਗਰਸ ਤੋਂ ਸਾਬਕਾ ਸੀਨੀਅਰ ਡਿਪਟੀ ਮੇਅਰ ਬੀਬੀ ਸੁਰਿੰਦਰ ਕੌਰ ਹਨ । ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਲਈ ਕੁੱਲ 15 ਉਮੀਦਵਾਰ ਮੈਦਾਨ ਵਿੱਚ ਹਨ। ਇਹ ਜ਼ਿਮਨੀ ਚੋਣ ਇਸ ਹਲਕੇ ਤੋਂ ‘ਆਪ’ ਦੇ ਵਿਧਾਇਕ ਸ਼ੀਤਲ ਅੰਗੁਰਾਲ ਵੱਲੋਂ ਅਸਤੀਫ਼ਾ ਦੇਣ ਕਾਰਨ ਹੋਈ। ਸ਼ੀਤਲ ਅੰਗੁਰਾਲ ‘ਆਪ’ ਛੱਡ ਕੇ ਭਾਜਪਾ ’ਚ ਸ਼ਾਮਲ ਹੋ ਗਏ ਸਨ ਅਤੇ ਹੁਣ ਇਸ ਹਲਕੇ ਤੋਂ ਭਾਜਪਾ ਉਮੀਦਵਾਰ ਹਨ। ਜਲੰਧਰ ਪੱਛਮੀ ਵਿਧਾਨ ਸਭਾ ਹਲਕਾ (ਰਾਖਵਾਂ) ਮੁਕੰਮਲ ਤੌਰ ’ਤੇ ਸ਼ਹਿਰੀ ਹਲਕਾ ਹੈ। ਹਲਕੇ ਦੇ ਕੁੱਲ 1,71,963 ਵੋਟਰ ਇਨ੍ਹਾਂ 15 ਉਮੀਦਵਾਰਾਂ ਦੀ ਕਿਸਮਤ ਦਾ ਫੈਸਲਾ ਕਰਨਗੇ। ਇਨ੍ਹਾਂ ਕੁੱਲ ਵੋਟਰਾਂ ਵਿੱਚ 89,629 ਪੁਰਸ਼, 82,326 ਮਹਿਲਾ ਅਤੇ 8 ਥਰਡ ਜੈਂਡਰ ਵੋਟਰ ਸ਼ਾਮਲ ਹਨ।

## 'ਭਾਰਤ ਚਾਹੇ ਤਾਂ ਰੁਕਵਾ ਸਕਦਾ ਹੈ ਰੂਸ ਤੇ ਯੂਕਰੇਨ ਦੀ ਜੰਗ'

### ਮੋਦੀ ਤੇ ਪੁਤਿਨ ਦੀ ਦੋਸਤੀ ਦੇਖ ਕੇ ਬਦਲੇ ਅਮਰੀਕਾ ਨੇ ਪ੍ਰਗਟਾਈ ਆਸ

**ਵਾਸ਼ਿੰਗਟਨ (ਬਿਊਰੋ)** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦੋ ਦਿਨਾਂ ਦੇ ਰੂਸ ਦੌਰੇ 'ਤੇ ਅਮਰੀਕਾ ਅਤੇ ਚੀਨ ਵਰਗੇ ਦੇਸ਼ਾਂ ਦੀ ਨਜ਼ਰ ਸੀ। ਪ੍ਰਧਾਨ ਮੰਤਰੀ ਮੋਦੀ ਰੂਸ-ਯੂਕਰੇਨ ਜੰਗ ਦਰਮਿਆਨ ਪਹਿਲੀ ਵਾਰ ਰੂਸ ਪਹੁੰਚੇ ਸਨ। ਪ੍ਰਧਾਨ ਮੰਤਰੀ ਮੋਦੀ ਨੇ ਮਾਸਕੋ ਵਿੱਚ ਰਾਸ਼ਟਰਪਤੀ ਪੁਤਿਨ ਨਾਲ ਗਰਮਜੋਸ਼ੀ ਨਾਲ ਮੁਲਾਕਾਤ ਕੀਤੀ। ਦੋਹਾਂ ਨੇਤਾਵਾਂ ਵਿਚਾਲੇ ਰੂਸ-ਯੂਕਰੇਨ ਯੁੱਧ 'ਤੇ ਵੀ ਚਰਚਾ ਹੋਈ। ਪੀਐੱਮ ਮੋਦੀ ਨੇ ਰੂਸ-ਯੂਕਰੇਨ ਯੁੱਧ 'ਚ ਮਾਰੇ ਜਾ ਰਹੇ ਲੋਕਾਂ, ਖਾਸ ਕਰਕੇ ਬੱਚਿਆਂ 'ਤੇ ਸਪੱਸ਼ਟ ਤੌਰ 'ਤੇ ਚਿੰਤਾ ਜ਼ਾਹਰ ਕੀਤੀ। ਉਨ੍ਹਾਂ ਨੇ ਕਿਹਾ ਕਿ ਅਜੋਕਾ ਸਮਾਂ ਜੰਗ ਦਾ ਨਹੀਂ ਹੈ। ਅਮਰੀਕਾ ਇਸ ਜੰਗ ਵਿੱਚ ਖੁੱਲ੍ਹ ਕੇ ਯੂਕਰੇਨ ਦੇ ਨਾਲ ਖੜ੍ਹਾ ਹੈ। ਪੀਐੱਮ ਮੋਦੀ ਦੇ ਰੂਸ ਦੌਰੇ 'ਤੇ ਅਮਰੀਕਾ ਤੋਂ ਪ੍ਰਤੀਕਿਰਿਆ ਆਈ ਹੈ। ਅਮਰੀਕਾ ਦਾ ਮੰਨਣਾ ਹੈ ਕਿ ਰੂਸ ਤੇ ਭਾਰਤ ਦੇ ਚੰਗੇ ਸਬੰਧਾਂ ਕਾਰਨ ਇਸ ਜੰਗ ਨੂੰ ਕਾਬੂ ਕੀਤਾ ਜਾ ਸਕਦਾ ਹੈ।

ਜ ਦੋ

ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੀਨ ਜੀਨ-ਪੀਅਰੇ ਨੂੰ ਪੀਐੱਮ ਮੋਦੀ ਅਤੇ ਰਾਸ਼ਟਰਪਤੀ ਪੁਤਿਨ ਦੀ ਮੁਲਾਕਾਤ ਬਾਰੇ ਸਵਾਲ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਭਾਰਤ ਅਤੇ ਅਮਰੀਕਾ ਇਕ ਰ ਣ ਨੀ ਤ ਕ



ਭਾਗੀਦਾਰ ਹੈ। ਦੋਵਾਂ ਦੇਸ਼ਾਂ ਵਿਚਾਲੇ ਹਰ ਮੁੱਦੇ 'ਤੇ ਸਪੱਸ਼ਟ ਗੱਲਬਾਤ ਹੁੰਦੀ ਹੈ। ਜਦੋਂ ਯੂਕਰੇਨ ਦੀ ਗੱਲ ਆਉਂਦੀ ਹੈ, ਭਾਰਤ ਸਮੇਤ ਸਾਰੇ ਦੇਸ਼ ਸਥਾਈ ਸ਼ਾਂਤੀ ਪ੍ਰਾਪਤ ਕਰਨ ਦੀਆਂ ਕੋਸ਼ਿਸ਼ਾਂ ਦਾ ਸਮਰਥਨ ਕਰਦੇ ਹਨ। ਕੈਰਿਨ ਜੀਨ-ਪੀਅਰੇ ਨੇ ਕਿਹਾ ਕਿ ਅਮਰੀਕਾ ਦਾ ਮੰਨਣਾ ਹੈ ਕਿ ਭਾਰਤ ਕੋਲ ਰੂਸ ਨਾਲ ਗੱਲ ਕਰ ਕੇ ਜੰਗ ਨੂੰ ਰੋਕਣ ਦੀ ਸਮਰੱਥਾ ਹੈ। ਹਾਲਾਂਕਿ, ਯੁੱਧ ਨੂੰ ਰੋਕਣ ਵਾਲਾ ਆਖਰੀ ਰਾਸ਼ਟਰਪਤੀ ਪੁਤਿਨ ਹੈ। ਰਾਸ਼ਟਰਪਤੀ ਪੁਤਿਨ ਨੇ ਯੁੱਧ ਸ਼ੁਰੂ ਕੀਤਾ, ਅਤੇ ਉਹ ਯੁੱਧ ਨੂੰ ਖਤਮ ਕਰ ਸਕਦਾ ਹੈ।

ਮੰਗਲਵਾਰ ਨੂੰ ਭਾਰਤ ਅਤੇ ਰੂਸ ਵਿਚਾਲੇ 22ਵੇਂ ਸ਼ਿਖਰ ਸੰਮੇਲਨ ਸਮਾਰੋਹ ਵਿੱਚ ਪੀਐੱਮ ਮੋਦੀ ਨੇ ਰੂਸ-ਯੂਕਰੇਨ ਯੁੱਧ ਦਾ ਮੁੱਦਾ ਚੁੱਕਿਆ ਸੀ। ਸਿਖਰ ਸੰਮੇਲਨ ਵਿੱਚ ਪੀਐੱਮ ਮੋਦੀ ਨੇ ਕਿਹਾ ਕਿ ਜਦੋਂ ਮਾਸੂਮ ਬੱਚੇ ਜੰਗ ਵਿੱਚ ਮਰਦੇ ਹਨ ਤਾਂ ਦਿਲ ਨੂੰ ਦੁਖੀ ਹੋ ਜਾਂਦਾ ਹੈ ਅਤੇ ਇਹ ਦਰਦ ਬਹੁਤ ਭਿਆਨਕ ਹੁੰਦਾ ਹੈ। ਮੋਦੀ ਦਾ ਪੁਤਿਨ ਨੂੰ ਸਪੱਸ਼ਟ ਸੰਦੇਸ਼ ਸੀ ਕਿ ਬੰਬਾਂ, ਬੰਦੂਕਾਂ ਅਤੇ ਜੰਗ ਦੇ ਮੈਦਾਨਾਂ ਨਾਲ ਸ਼ਾਂਤੀ ਵਾਰਤਾ ਸਫਲ ਨਹੀਂ ਹੋ ਸਕਦੀ।



Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539





DR. TAKHAR'S FAMILY
MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC



SAROAY
INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



MAJESTIC
HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ
ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ ’ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।



Sandeep Jony Bagga
6930 65TH STREET # 115 SACRAMENTO CA 95823

ਸੋਹੰ

SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

ਜਉ ਤੁਮ ਗਿਰਿਵਰ ਤਉ ਹਮ ਮੋਰਾ ॥ ਜਉ ਤੁਮ ਚੰਦ ਤਉ ਹਮ ਭਏ ਹੈਂ ਚਕੋਰਾ ॥1॥
ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥ ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥1॥ਰਹਾਉ॥

Devoted families are requesting entire Sangat to attend the following functions:

**July 21, 2024, Sukhmani Sahib path and Langer Sewa by Bagha family**

Bagha family will be hosting Sukhmani Sahib path and langar sewa on July 21, 2024 for the CHARDIKALA of their family. They are requesting all the sangat to come.

**August 2-3-4, 2024, Akhand Path and Langar Sewa by Naresh Kumar & family**

Akhand Path and langar sewa will be hosted by Naresh Kumar and family to thank Guru Sahib for His blessings. Akhand Path will start on Friday, August 02, 2024 at 10:00 AM and will conclude with Bhog ceremony on Sunday, August 4, 2024.

**August 9-10-11, 2024**

**Sant Kabir ji Birth Anniversary**

Sant Kabir ji's birth anniversary will be celebrated on August 11, 2024. Akhand Path will start on Friday , August 9, 2024, at 10:00 AM and conclude with Bhog ceremony on Sunday August 11, 2024. Sant Kabir ji was a well-known mystic poet and saint of 15th-century in India. His verses are found in the Holy Scripture, Guru Granth Sahib ji. Path and Langar sewa will be hosted by the devotees.

"NANAK NAM CHARDI KALA TERE BHANE SARBAT DA BHALA"

Sangat Sewadars www.sriguruavidasstemple.com



Chairman
Ramesh Suman



President
Vinod Kumar



Secretary
Dilbag Singh



Treasurer
Sunita Singh

# ਭਾਰਤ ਦੇ ਹਰ ਦੁੱਖ-ਸੁੱਖ ਦਾ ਸਾਥੀ ਹੈ ਰੂਸ: ਮੋਦੀ

ਮਾਸਕੋ- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਰੂਸ ਨੂੰ ਭਾਰਤ ਦੇ ਦੁੱਖ-ਸੁੱਖ ਦਾ ਸਾਥੀ ਅਤੇ ਸਭ ਤੋਂ ਭਰੋਸੇਮੰਦ ਦੋਸਤ ਦਸਦਿਆਂ ਪਿਛਲੇ ਦੋ ਦਹਾਕਿਆਂ 'ਚ ਦੁਵੱਲੇ ਸਬੰਧਾਂ ਨੂੰ ਮਜ਼ਬੂਤ ਬਣਾਉਣ ਵਿੱਚ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੀ ਲੀਡਰਸ਼ਿਪ ਦੀ ਸ਼ਲਾਘਾ ਕੀਤੀ। ਯੂਕਰੇਨ ਜੰਗ ਨੂੰ ਲੈ ਕੇ ਰੂਸੀ ਆਗੂ ਨੂੰ ਅਲੱਗ-ਥਲੱਗ ਕਰਨ ਦੀਆਂ ਪੱਛਮੀ ਮੁਲਕਾਂ ਦੀਆਂ ਕੋਸ਼ਿਸ਼ਾਂ ਵਿਚਾਲੇ ਇੱਥੇ ਭਾਰਤੀ ਭਾਈਚਾਰੇ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਪੂਤਿਨ ਦੀਆਂ ਤਾਰੀਫ਼ਾਂ ਕੀਤੀਆਂ।

ਰੂਸ ਆਪਣੀ ਸੈਨਾ 'ਚ ਸਹਾਇਕ ਕਰਮੀਆਂ ਵਜੋਂ ਭਾਰਤੀਆਂ ਦੀ ਭਰਤੀ ਬੰਦ ਕਰਨ ਅਤੇ ਸੈਨਾ 'ਚ ਕੰਮ ਕਰ ਰਹੇ ਭਾਰਤੀਆਂ ਦੀ ਵਤਨ ਵਾਪਸੀ ਯਕੀਨੀ ਬਣਾਉਣ ਲਈ ਭਾਰਤ ਦੀ ਮੰਗ 'ਤੇ ਸਹਿਮਤ ਹੋ ਗਿਆ ਹੈ। ਇਹ ਜਾਣਕਾਰੀ ਵਿਦੇਸ਼ ਸਕੱਤਰ ਵਿਨੈ ਕਵਾਤਰਾ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੰਘੀ ਰਾਤ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨਾਲ ਗ਼ੈਰ-ਰਸਮੀ ਮੁਲਾਕਾਤ ਦੌਰਾਨ ਇਹ ਮਸਲਾ ਮਜ਼ਬੂਤੀ ਨਾਲ ਉਠਾਇਆ ਸੀ। ਉਨ੍ਹਾਂ ਦੱਸਿਆ ਕਿ ਰੂਸੀ ਧਿਰ ਨੇ ਵਾਅਦਾ ਕੀਤਾ ਹੈ ਕਿ ਸਾਰੇ ਭਾਰਤੀ ਨਾਗਰਿਕਾਂ ਨੂੰ ਜਲਦੀ ਰਿਹਾਅ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਦੋਵੇਂ ਧਿਰਾਂ ਭਾਰਤੀਆਂ ਦੀ ਘਰ ਵਾਪਸੀ ਲਈ ਮਿਲ ਕੇ ਕੰਮ ਕਰ ਰਹੀਆਂ ਹਨ।



ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, 'ਦਹਾਕਿਆਂ ਤੋਂ ਭਾਰਤ ਤੇ ਰੂਸ ਵਿਚਾਲੇ ਜੋ ਵਿਲੱਖਣ ਰਿਸ਼ਤਾ ਰਿਹਾ ਹੈ, ਮੈਂ ਉਸ ਦਾ ਕਾਇਲ ਹਾਂ। ਰੂਸ ਸ਼ਬਦ ਸੁਣਦੇ ਹੀ ਹਰ ਭਾਰਤੀ ਦੇ ਮਨ 'ਚ ਜੋ ਪਹਿਲਾ ਸ਼ਬਦ ਆਉਂਦਾ ਹੈ, ਉਹ ਇਹ ਕਿ ਉਹ ਭਾਰਤ ਦੇ ਦੁਖ-ਸੁਖ ਦਾ ਸਾਥੀ ਹੈ। ਭਾਰਤ ਦਾ ਭਰੋਸੇਯੋਗ ਮਿੱਤਰ।' ਉਨ੍ਹਾਂ ਕਿਹਾ, 'ਰੂਸ 'ਚ ਸਰਦੀਆਂ ਵਿੱਚ ਤਾਪਮਾਨ ਜਮਾਉ ਦਰਜੇ ਤੋਂ ਕਿੰਨਾ ਵੀ ਹੇਠਾਂ ਕਿਉਂ ਨਾ ਚਲਾ ਜਾਵੇ ਪਰ ਭਾਰਤ ਤੇ ਰੂਸ ਦੀ ਦੋਸਤੀ ਹਮੇਸ਼ਾ ਨਿੱਘੀ ਰਹੀ ਹੈ, ਗਰ-ਮਜੋਸ਼ੀ ਭਰੀ ਰਹੀ ਹੈ।' ਉਨ੍ਹਾਂ ਕਿਹਾ ਕਿ ਇਹ ਰਿਸ਼ਤਾ ਆਪਸੀ ਭਰੋਸੇ ਤੇ ਸਨਮਾਨ ਦੀ ਮਜ਼ਬੂਤ ਨੀਂਹ 'ਤੇ ਟਿਕਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਲੰਘੇ ਦੋ ਦਹਾਕਿਆਂ ਤੋਂ ਭਾਰਤ ਤੇ ਰੂਸ ਦੀ ਮਿੱਤਰਤਾ ਨੂੰ ਨਵੀਆਂ ਬੁਲੰਦੀਆਂ 'ਤੇ ਲਿਜਾਣ ਲਈ ਉਹ ਆਪਣੇ ਮਿੱਤਰ ਪੂਤਿਨ ਦੀ ਸ਼ਲਾਘਾ ਕਰਦੇ ਹਨ। ਪ੍ਰਧਾਨ ਮੰਤਰੀ ਨੇ ਕਿਹਾ ਕਿ ਲੰਮੇ ਸਮੇਂ ਤੋਂ ਦੁਨੀਆ ਨੇ ਪ੍ਰਭਾਵ ਕਬੂਲਣ ਵਾਲਾ ਆਲਮੀ ਪ੍ਰਬੰਧ ਦੇਖਿਆ ਹੈ। ਉਨ੍ਹਾਂ ਕਿਹਾ, 'ਦੁਨੀਆ ਨੂੰ ਪ੍ਰਭਾਵ ਦੀ ਨਹੀਂ ਬਲਕਿ ਆਪਸੀ ਮੇਲ-ਮਿਲਾਪ ਦੀ ਜ਼ਰੂਰਤ ਹੈ ਤੇ ਭਾਰਤ ਤੋਂ ਬਿਹਤਰ ਕੋਈ ਵੀ ਇਹ ਸੁਨੇਹਾ ਨਹੀਂ ਦੇ ਸਕਦਾ ਜਿੱਥੇ ਮੇਲ-ਮਿਲਾਪ ਦੀ ਪੂਜਾ ਕਰਨ ਦੀ ਮਜ਼ਬੂਤ ਰਵਾਇਤ ਰਹੀ ਹੈ।' ਉਨ੍ਹਾਂ ਕਿਹਾ ਕਿ ਭਾਰਤ ਅੱਜ ਤਬਦੀਲੀ ਦੇ ਦੌਰ 'ਚੋਂ ਲੰਘ ਰਿਹਾ ਹੈ ਅਤੇ ਪਿਛਲੇ 10 ਸਾਲਾਂ 'ਚ ਹੋਏ ਇਸ ਦੇ ਵਿਕਾਸ ਨੇ ਸਾਰੀ ਦੁਨੀਆ ਨੂੰ ਹੈਰਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਭਾਰਤ ਬਦਲ ਰਿਹਾ ਹੈ ਕਿਉਂਕਿ ਉਹ ਆਪਣੇ 140 ਕਰੋੜ ਨਾਗਰਿਕਾਂ ਦੀ ਤਾਕਤ 'ਚ ਯਕੀਨ ਰੱਖਦਾ ਹੈ ਜੋ ਹੁਣ 'ਵਿਕਸਿਤ ਭਾਰਤ' ਦੇ ਸੰਕਲਪ ਨੂੰ ਹਕੀਕਤ 'ਚ ਬਦਲਣ ਦਾ ਸੁਫਨੇ ਦੇਖ ਰਹੇ ਹਨ। ਉਨ੍ਹਾਂ ਕਿਹਾ ਕਿ ਪਿਛਲੇ 10 ਸਾਲ ਦੇਸ਼ ਨੇ ਵਿਕਾਸ ਦਾ ਟਰੇਲਰ ਦੇਖਿਆ ਹੈ ਜਦਕਿ ਆਉਣ ਵਾਲੇ 10 ਸਾਲ ਤੇਜ਼ ਵਿਕਾਸ ਦੇ ਹੋਣਗੇ ਅਤੇ ਭਾਰਤ ਦੀ ਨਵੀਂ ਰਫ਼ਤਾਰ ਦੁਨੀਆ ਦੇ ਵਿਕਾਸ ਦਾ ਨਵਾਂ ਅਧਿਆਏ ਲਿਖੇਗੀ। ਉਨ੍ਹਾਂ ਕਿਹਾ ਕਿ ਦੁਨੀਆ ਦੇ ਲੋਕ ਜਦੋਂ ਭਾਰਤ ਆਉਂਦੇ ਹਨ ਤਾਂ ਕਹਿੰਦੇ ਹਨ ਕਿ ਭਾਰਤ ਬਦਲ ਰਿਹਾ ਹੈ। ਭਾਰਤ ਦਾ ਕਾਇਆ ਕਲਪ ਹੋ ਰਿਹਾ ਹੈ ਤੇ ਭਾਰਤ ਦਾ ਨਵ-ਨਿਰਮਾਣ ਸਾਫ-ਸਾਫ਼ ਦਿਖਾਈ ਦੇ ਰਿਹਾ ਹੈ।

ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਹਾਰੇ ਲੇਖੇ।
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨ ਦੇਖੇ॥



*You are cordially invites to*
*Inauguration of our foundation*

SHRI GURU RAVIDASS SABHA
BAY AREA CALIFORNIA

*Path Sri Sukhmani Sahib*

**On Sunday 14th July 2024**

*from 10:00 am to 2:00 pm*

**at 31252 Veasy Street, Union City, California 94587**


*Program sewa taken by*
*President Tarlochan Singh Badhan and family.*

*Contact:- Vinod Kumar Ph.: (510) 953-9800*
*Tarlochan Singh Ph.: (510) 712-1743*
*Naresh Kumar Gaddu Ph.: (510) 857-4551*

*Design by : STYLISH PRINTERS, PHAGWARA*
Exclusive Wedding Cards & Boxes

# ਮੈ ਡੈਮੋਕਰੈਟਿਕ ਪਾਰਟੀ ਦੁਆਰਾ ਨਾਮਜ਼ਦ ਹਾਂ, ਕੁਝ ਲੋਕ ਮੈਨੂੰ ਮੁਕਾਬਲੇ ਵਿਚੋਂ ਹਟਾ ਦੇਣਾ ਚਹੁੰਦੇ ਹਨ, ਅਜਿਹਾ ਕਦੀ ਨਹੀਂ ਹੋਵੇਗਾ-ਬਾਈਡਨ


**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**- ਰਾਸ਼ਟਰਪਤੀ ਜੋ ਬਾਈਡਨ ਨੇ ਇਕ ਚੋਣ ਰੈਲੀ ਦੌਰਾਨ ਕਿਹਾ ਕਿ ਉਨਾਂ ਦੇ ਕੁਝ ਸਾਥੀ ਡੈਮੋਕਰੈਟਸ 2024 ਦੀਆਂ ਚੋਣਾਂ ਵਿਚੋਂ ਉਸ ਨੂੰ ਬਾਹਰ ਕਰ ਦੇਣਾ ਚਹੁੰਦੇ ਹਨ ਪਰੰਤੂ ਅਜਿਹਾ ਨਹੀਂ ਹੋਵੇਗਾ, ਮੈ ਡਟਿਆ ਰਹਾਂਗਾ। ਮੈਡੀਸਨ, ਵਿਸਕਾਨਸਿਨ ਵਿਚ ਇਕ ਮਿਡਲ ਸਕੂਲ ਜਿਮਨੇਜ਼ੀਅਮ ਵਿਚ ਆਪਣੇ ਸਮਰਥਕਾਂ ਨੂੰ ਸੰਬੋਧਨ ਕਰਦਿਆਂ ਈਡਨ ਨੇ ਕਿਹਾ ਕਿ ਮੈ ਡੈਮੋਕਰੈਟਿਕ ਪਾਰਟੀ ਦੁਆਰਾ ਨਾਮਜ਼ਦ ਹਾਂ ਤੇ ਪੂਰੇ ਅਮਰੀਕਾ ਵਿਚੋਂ ਮੈਨੂੰ ਤੁਹਾਡੇ ਵਾਂਗ ਲੱਖਾਂ-ਕਰੋੜਾਂ ਡੈਮੋਕਰੈਟਸ ਨੇ ਵੋਟਾਂ ਪਾ ਕੇ ਨਾਮਜ਼ਦ ਕੀਤਾ ਹੈ। ਉਨਾਂ ਕਿਹਾ ਹੋਰ ਕਿਸੇ ਨੇ ਨਹੀਂ ਤੁਸੀਂ ਮੈਨੂੰ ਆਪਣੇ ਉਮੀਦਵਾਰ ਵਜੋਂ ਵੋਟਾਂ ਪਾਈਆਂ ਹਨ। ਇਸ ਦੇ ਬਾਵਜੂਦ ਕੁਝ ਲੋਕ ਇਸ ਹਕੀਕਤ ਨੂੰ ਸਮਝ ਨਹੀਂ ਰਹੇ। ਉਹ ਮੈਨੂੰ ਚੋਣ ਮੈਦਾਨ ਵਿਚੋਂ ਬਾਹਰ ਕੱਢ ਦੇਣ ਦੀ ਕੋਸ਼ਿਸ਼ ਕਰ ਰਹੇ ਹਨ। ਉਨਾਂ ਕਿਹਾ ਮੈ ਸਪੱਸ਼ਟ ਤੌਰ ਤੇ ਆਪਣਾ ਪੱਖ ਰਖਣ ਜਾ ਰਿਹਾ ਹਾਂ ਤੇ ਉਹ ਇਹ ਹੈ ਕਿ ਮੈ ਮੁਕਾਬਲੇ ਵਿਚੋਂ ਨਹੀਂ ਹਟਾਂਗਾ ਤੇ ਮੈ ਡੋਨਲਡ ਟਰੰਪ ਨੂੰ ਹਰਾਵਾਂਗਾ। ਰੈਲੀ ਵਿਚ ਵਿਸਕਾਨਸਿਨ ਦੇ ਡੈਮੋਕਰੈਟਿਕ ਗਵਰਨਰ ਟੋਨੀ ਐਵਰਜ ਨੇ ਬਾਈਡਨ ਦੀ ਜਾਣ ਪਛਾਣ ਕਰਵਾਈ। ਬਾਈਡਨ ਨੇ ਕਿਹਾ ਕੁਝ ਕਿਆਸਅਰਾਈਆਂ ਲਾਈਆਂ ਜਾ ਰਹੀਆਂ ਹਨ ਕਿ ਬਾਈਡਨ ਕੀ ਕਰਨ ਜਾ ਰਿਹਾ ਹੈ? ਕੀ ਉਹ ਮੁਕਾਬਲੇ ਵਿਚ ਬਣਿਆ ਰਹੇਗਾ? ਕੀ ਉਹ ਮਕਾਬਲੇ ਵਿਚੋਂ ਹਟ ਰਿਹਾ ਹੈ? ਇਸ ਦੇ ਜਵਾਬ ਵਿਚ ਮੇਰਾ ਉਤਰ ਇਹ ਹੈ ਕਿ ਮੈ ਚੋਣ ਲੜਨ ਜਾ ਰਿਹਾ ਹਾਂ ਤੇ ਚੋਣ ਜਿਤਾਂਗਾ। ਰੈਲੀ ਤੋਂ ਬਾਅਦ ਵਸ਼ਿੰਗਟਨ ਜਾਣ ਲਈ ਏਅਰ ਫੋਰਸ ਦੇ ਜਹਾਜ਼ ਵਿਚ ਸਵਾਰ ਹੋਣ ਤੋਂ ਪਹਿਲਾਂ ਇਕ ਪੱਤਰਕਾਰ ਵੱਲੋਂ ਪੁੱਛੇ ਸਵਾਲ ਦੇ ਜਵਾਬ ਵਿਚ ਬਾਈਡਨ ਨੇ ਚੋਣ ਮੁਕਾਬਲੇ ਵਿਚੋਂ ਹਟਣ ਦੀ ਸੰਭਾਵਨਾ ਨੂੰ ਮੁਕੰਮਲ ਤੌਰ ਤੇ ਰੱਦ ਕਰ ਦਿੱਤਾ।



ਇਥੇ ਜਿਕਰਯੋਗ ਹੈ ਕਿ ਪਿਛਲੇ ਹਫਤੇ ਡੋਨਲਡ ਟਰੰਪ ਨਾਲ ਬਹਿਸ ਦੌਰਾਨ ਉਨਾਂ ਨੂੰ ਆਪਣੀ ਗੱਲ ਪੂਰੀ ਕਰਨ ਵਿੱਚ ਦਿੱਕਤ ਆਈ ਸੀ ਤੇ ਇਕ ਸਮੇ ਉਨਾਂ ਇਹ ਕਿਹਾ ਕਿ ਮੈ ਉਸ ਨੂੰ 2020 ਵਿਚ ਦੁਬਾਰਾ ਫਿਰ ਹਰਾਵਾਂਗਾ ਹਾਲਾਂ ਕਿ ਬਾਅਦ ਵਿਚ ਉਨਾਂ ਨੇ ਇਸ ਨੂੰ ਠੀਕ ਕਰਕੇ ਕਿਹਾ ਅਸੀਂ 2024 ਵਿਚ ਦੁਬਾਰਾ ਫਿਰ ਅਜਿਹਾ ਕਰਾਂਗੇ। ਇਸ ਬਹਿਸ ਤੋਂ ਬਾਅਦ ਕੁਝ ਡੈਮੋਕਰੈਟਸ ਬਾਈਡਨ ਨੂੰ ਚੋਣ ਲੜਨ ਸਬੰਧੀ ਦੁਬਾਰਾ ਵਿਚਾਰ ਕਰਨ ਲਈ ਕਹਿ ਰਹੇ ਹਨ।

# ਟੈਕਸਾਸ ਵਿਚ ਮਾਂ ਨੇ ਅੱਤ ਦੀ ਗਰਮੀ ਵਿਚ ਆਪਣੇ 3 ਬੱਚਿਆਂ ਨੂੰ ਕਾਰ ਵਿਚ ਛੱਡਿਆ, ਹੋਈ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**- ਅਮਰੀਕਾ ਦੇ ਟੈਕਸਾਸ ਰਾਜ ਵਿਚ ਸੈਨਐਨਟੋਨੀਓ ਵਿਖੇ ਇਕ ਮਾਂ ਵੱਲੋਂ ਆਪਣੇ 3 ਬੱਚਿਆਂ ਨੂੰ ਅੱਤ ਦੀ ਗਰਮੀ ਵਿਚ ਆਪਣੀ ਕਾਰ ਵਿਚ ਛੱਡ ਕੇ ਖਰੀਦਦਾਰੀ ਕਰਨ ਲਈ ਚਲੇ ਜਾਣ ਦੀ ਖਬਰ ਹੈ। ਬਾਅਦ ਵਿਚ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਇਕ ਰਾਹਗੀਰ ਨੇ ਫੋਨ ਕਰਕੇ ਪੁਲਿਸ ਨੂੰ ਦੱਸਿਆ ਕਿ ਇਕ ਕਾਰ ਵਿਚ ਬੱਚੇ ਬੰਦ ਹਨ ਤੇ ਕਾਰ ਬੰਦ ਹੈ। ਇਸ ਉਪਰੰਤ ਪੁਲਿਸ ਅਫਸਰ ਮੌਕੇ 'ਤੇ ਪੁੱਜੇ।



ਸੈਨਐਨਟੋਨੀਓ ਪੁਲਿਸ ਵਿਭਾਗ ਅਨੁਸਾਰ ਮੁੱਢਲੀ ਰਿਪੋਰਟ ਅਨੁਸਾਰ ਕਾਰ ਵਿਚੋਂ 3 ਬੱਚੇ ਬਚਾਏ ਗਏ ਹਨ ਜਿਨਾਂ ਦੀ ਉਮਰ 1,2 ਤੇ 4 ਸਾਲ ਹੈ। ਵਿਭਾਗ ਅਨੁਸਾਰ ਜਦੋਂ ਮਾਂ ਮੌਕੇ 'ਤੇ ਪੁੱਜੀ ਤਾਂ ਉਸ ਨੇ ਕਿਹਾ ਕਿ ਉਹ ਸਟੋਰ ਵਿਚ ਗਈ ਸੀ ਪਰੰਤੂ ਉਸ ਨਹੀਂ ਸੀ ਪਤਾ ਕਿ ਏਨਾ ਸਮਾਂ ਲੱਗ ਜਾਵੇਗਾ। ਬੱਚੇ ਤਕਰੀਬਨ 50 ਮਿੰਟ ਕਾਰ ਵਿਚ ਬੰਦ ਰਹੇ। ਮਾਂ ਦੀ ਪਛਾਣ ਐਂਗਲਾ ਗਰਜ਼ਾ ਅਮਾਡੋਰ ਵਜੋਂ ਹੋਈ ਹੈ। ਜਿਸ ਨੂੰ ਗ੍ਰਿਫਤਾਰੀ ਉਪਰੰਤ ਨਿੱਜੀ ਮਚਲਕੇ 'ਤੇ ਰਿਹਾਅ ਕਰ ਦਿੱਤਾ ਗਿਆ।

# 2 ਸ਼ਮਸ਼ਾਨਘਾਟਾਂ ਵਿਚ ਯਹੂਦੀ ਕਬਰਾਂ ਦੀ ਭੰਨਤੋੜ, ਮਾਮਲੇ ਦੀ ਜਾਂਚ ਐਫ ਬੀ ਆਈ ਤੇ ਪੁਲਿਸ ਕਰੇਗੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਅਮਰੀਕਾ ਦੇ ਓਹੀਓ ਰਾਜ ਦੇ ਸ਼ਹਿਰ ਸਿਨਸਿਨਾਟੀ ਦੇ 2 ਸ਼ਮਸ਼ਾਨਘਾਟਾਂ ਵਿਚ 180 ਦੇ ਕਰੀਬ ਯਹੂਦੀ ਕਬਰਾਂ ਦੀ ਭੰਨਤੋੜ ਕੀਤੀ ਗਈ ਹੈ।

ਕਬਰਾਂ ਉਪਰ ਲੱਗੇ ਪੱਥਰਾਂ ਨੂੰ ਤੋੜ ਦਿੱਤਾ ਗਿਆ ਹੈ। ਇਹ ਜਾਣਕਾਰੀ



ਜੈਵਿਸ਼ ਸੀਮਿਟਰੀਜ ਗਰੇਟ ਸਿਨਸਿਨਾਟੀ ਤੇ ਜੈਵਿਸ਼ ਫੈਡਰੇਸ਼ਨ ਸਿਨਸਿਨਾਟੀ ਨੇ ਦਿੱਤੀ ਹੈ। ਜਿਨਾਂ ਕਬਰਾਂ ਦੇ ਪੱਥਰ ਤੋੜੇ ਗਏ ਹਨ ਉਨਾਂ ਵਿਚੋਂ ਕੁਝ ਕਬਰਾਂ 18ਵੀਂ ਸਦੀ ਦੇ ਆਖਰ ਦੀਆਂ ਹਨ।

ਯਹੂਦੀ ਸੰਸਥਾਵਾਂ ਵੱਲੋਂ ਜਾਰੀ ਬਿਆਨ ਅਨੁਸਾਰ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਕਬਰਾਂ ਦਾ ਅਪਮਾਨ 25 ਜੂਨ ਤੋਂ 1 ਜੁਲਾਈ ਦੇ ਵਿਚਾਲੇ ਹੋਇਆ ਹੈ ਪਰੰਤੂ ਇਸ ਦਾ ਪਤਾ ਸੋਮਵਾਰ ਦੀ ਸਵੇਰ ਨੂੰ ਲੱਗਾ। ਬਿਆਨ ਅਨੁਸਾਰ ਮਾਮਲੇ ਦੀ ਐਫ ਬੀ ਆਈ, ਸਿਨਸਿਨਾਟੀ ਪੁਲਿਸ ਤੇ ਗਰੀਨ ਟਾਊਨਸ਼ਿੱਪ ਹਮਿਲਟਨ ਕਾਊਂਟੀ ਕਰ ਰਹੇ ਹਨ।

ਜੈਵਿਸ਼ ਫੈਡਰੇਸ਼ਨ ਸਿਨਸਿਨਾਟੀ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਉਹ ਇਸ ਨਫਰਤ ਭਰੀ ਕਾਰਵਾਈ ਤੇ ਅਪਮਾਨ ਦੀ ਨਿੰਦਾ ਕਰਦੇ ਹਨ। ਅਸੀਂ ਇਸ ਬੇਹੂਦਾ ਕਾਰਵਾਈ ਤੋਂ ਪ੍ਰਭਾਵਿਤ ਪਰਿਵਾਰਾਂ ਦੇ ਦੁੱਖ ਵਿਚ ਸ਼ਰੀਕ ਹਾਂ। ਸਿਨਸਿਨਾਟੀ ਵਿਚਲਾ ਯਹੂਦੀ ਭਾਈਚਾਰਾ ਬਹੁਤ ਉਦਾਰ ਪਹੁੰਚ ਰਖਦਾ ਹੈ ਤੇ ਉਹ ਕਬਰਾਂ ਦੀ ਮੁਰੰਮਤ ਕਰਨ ਤੇ ਉਨਾਂ ਦੀ ਪਵਿੱਤਰਤਾ ਬਹਾਲ ਕਰਨ ਪ੍ਰਤੀ ਦ੍ਰਿੜ ਸੰਕਲਪ ਹੈ। ਇਥੇ ਜਿਕਰਯੋਗ ਹੈ ਕਿ ਪਿਛਲੇ ਸਾਲ ਅਕਤੂਬਰ ਵਿਚ ਹਮਾਸ ਤੇ ਇਸਰਾਈਲ ਵਿਚਾਲੇ ਛਿੜੀ ਜੰਗ ਤੋਂ ਬਾਅਦ ਅਮਰੀਕਾ ਵਿਚ ਯਹੂਦੀਆਂ ਨੂੰ ਨਿਸ਼ਾਨਾ ਬਣਾਉਣ ਦੀਆਂ ਘਟਨਾਵਾਂ ਵਿਚ ਭਾਰੀ ਵਾਧਾ ਹੋਇਆ ਹੈ।


Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call :
Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

# ਮੰਗਾਂ ਨੂੰ ਲੈ ਕੇ ਪੱਤਰਕਾਰਾਂ ਨੇ ਕੀਤਾ ਸਰਕਾਰ ਖਿਲਾਫ ਰੋਸ ਮਾਰਚ

## ਡੀ ਪੀ ਆਰ ਓ ਦਾ ਮੰਗਿਆ ਤਬਾਦਲਾ

**ਅੰਮ੍ਰਿਤਸਰ (ਜਸਪਾਲ ਕੁਮਾਰ)** ਪਪੰਜਾਬ ਸਰਕਾਰ ਵੱਲੋਂ ਫੀਲਡ ਵਿੱਚ ਕੰਮ ਕਰਦੇ ਪੱਤਰਕਾਰਾਂ ਨੇ ਸਰਕਾਰੀ ਸ਼ਨਾਖਤੀ ਕਾਰਡ ਬਣਾਉਣ ਵਿੱਚ ਵੱਡੀ ਕਟਾਉਤੀ ਕਰਨ ਨੂੰ ਲੈ ਕੇ ਚੰਡੀਗੜ੍ਹ ਪੰਜਾਬ ਜਰਨਲਿਸਟਸ ਐਸੋਸੀਏਸ਼ਨ ਨੇ ਸ਼ਹਿਰ ਵਿੱਚ ਰੋਸ



ਮਾਰਚ ਕੀਤਾ। ਪੰਜਾਬ ਸਰਕਾਰ ਦੀਆਂ ਗਲਤ ਨੀਤੀਆਂ ਤੇ ਲੰਮੇ ਸਮੇਂ ਤੋਂ ਅੰਮ੍ਰਿਤਸਰ ਵਿੱਚ ਪੈਰ ਜਮਾਈ ਬੈਠੇ ਜਿਲ੍ਹਾ ਲੋਕ ਸੰਪਰਕ ਅਧਿਕਾਰੀ ਸ਼ੇਰ ਜੰਗ ਸਿੰਘ ਨੂੰ ਤੁਰੰਤ ਬਦਲਣ ਦੀ ਜ਼ੋਰਦਾਰ ਮੰਗ ਕੀਤੀ।

ਚੰਡੀਗੜ੍ਹ ਪੰਜਾਬ ਜਰਨਲਿਸਟ ਐਸੋਸੀਏਸ਼ਨ ਦੇ ਪ੍ਰਧਾਨ ਸ੍ਰ ਜਸਬੀਰ ਸਿੰਘ ਪੱਟੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਫੀਲਡ ਵਿੱਚ ਕੰਮ ਕਰਦੇ ਪੱਤਰਕਾਰਾਂ ਦੀ ਅਣਦੇਖੀ ਕੀਤੀ ਜਾ ਰਹੀ ਹੈ ਤੇ ਪਹਿਲੀਆਂ ਸਰਕਾਰਾਂ ਵੱਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਤੋਂ ਪੰਜਾਬ ਸਰਕਾਰ ਵਾਂਝਿਆ ਕਰ ਰਹੀ ਜਿਹੜਾ ਸਿੱਧੇ ਰੂਪ ਵਿੱਚ ਧੱਕੇਸ਼ਾਹੀ ਹੈ।ਸ੍ਰ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਬਣੀ ਸੀ ਤਾਂ ਉਹਨਾਂ ਨੇ ਪੱਤਰਕਾਰਾਂ ਨੂੰ ਸਰਕਾਰੀ ਬੱਸਾਂ ਵਿੱਚ ਫਰੀ ਸਫਰ ਕਰਨ ਲਈ ਵਿਸ਼ੇਸ਼ ਪ੍ਰਕਾਰ ਦੇ ਪਾਸ ਜਾਰੀ ਕੀਤੇ ਸਨ ਤੇ ਨਾਲ ਹੀ ਪੱਤਰਕਾਰਾਂ ਨੂੰ ਸ਼ਨਾਖਤੀ ਕਾਰਡ ਵੀ ਜਾਰੀ ਕੀਤੇ।ਕੈਪਟਨ ਅਮਰਿ-ਦਰ ਸਿੰਘ ਦੀ ਸਰਕਾਰ ਨੇ ਜਿਥੇ ਪੱਤਰਕਾਰਾਂ ਨੂੰ ਬੀਮੇ ਤੇ ਪੈਨਸ਼ਨ ਦੀ ਸਹੂਲਤ ਵੀ ਦਿੱਤੀ ਉਥੇ ਪਹਿਲੀਆਂ ਮਿਲਦੀਆਂ ਸਹੁ਼ਲਤਾਂ ਵੀ ਜਾਰੀ ਰੱਖੀਆ।ਜਦੋਂ ਦੀ ਆਮ ਆਦਮੀ ਪਾਰਟੀ ਦੀ ਬਦਲਾਅ ਵਾਲੀ ਸਰਕਾਰ ਹੋਂਦ ਵਿੱਚ ਆਈ ਹੈ ਇਸ ਨੇ ਹਰ ਵਰਗ ਦੀਆਂ ਸਹੂਲਤਾਂ ਵਿੱਚ ਕਟੌਤੀ ਕਰਨ ਦੇ ਨਾਲ ਨਾਲ ਪੱਤਰਕਾਰਾਂ ਦੇ ਸ਼ਨਾਖਤੀ ਕਾਰਡਾਂ 'ਤੇ ਵੀ ਟੋਕਾ ਫੇਰ ਕੇ ਪੱਤਰਕਾਰ ਭਾਈਚਾਰੇ ਵਿੱਚ ਰੋਸ ਦੀ ਭਾਵਨਾ ਪੈਦਾ ਕੀਤੀ ਹੈ ਸਰਕਾਰੀ ਅਫਸਰਸ਼ਾਹੀ ਵੱਲੋ ਕੀਤੀ ਜਾ ਰਹੀ ਇਸ ਵਧੀਕੀ ਨੂੰ ਲੈ ਕੇ ਪੱਤਰਕਾਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਤੇ ਪੱਤਰਕਾਰਾਂ ਨੇ ਸਖਤ ਗਰਮੀ ਵਿੱਚ ਵੀ ਅੰਦਰੂਨ ਸ਼ਹਿਰ ਵਿੱਚ ਰੋਸ ਮਾਰਚ ਕੀਤਾ ਜਿਸ ਨੂੰ ਸ਼ਹਿਰ ਦੇ ਦੁਕਾਨਦਾਰਾਂ ਨੇ ਕਾਫੀ ਵੱਡਾ ਹੁੰਗਾਰਾ ਦਿੱਤਾ।ਦੁਕਾਨਦਾਰਾਂ ਨੇ ਤਾਂ ਪੱਤਰਕਾਰਾਂ ਨੂੰ ਗਰਮੀ ਵਿੱਚ ਰੋਸ ਮਾਰਚ ਕਰਨ ਲਈ ਮਜ਼ਬੂਰ ਕਰਨ ਲਈ ਸਰਕਾਰ ਨੂੰ ਕੋਸਿਆ ਤੇ ਠੰਡਾ ਪਾਣੀ ਵੀ ਪਿਲਾਇਆ।ਮੁੱਖ ਮੰਤਰੀ ਨਾਲ ਪੱਤਰਕਾਰਾਂ ਦੀਆਂ ਮੰਗਾਂ ਨੂੰ ਲੈ ਕੇ ਕਈ ਵਾਰੀ ਸਮਾਂ ਮੰਗਿਆ ਗਿਆ ਪਰ ਢਾਈ ਸਾਲਾਂ ਵਿੱਚ ਮੁੱਖ ਮੰਤਰੀ ਕੋਲ ਪੱਤਰਕਾਰ ਐਸੋਸੀਏਸ਼ਨ ਨੂੰ ਮਿਲਣ ਦਾ ਸਮਾਂ ਨਹੀਂ ਦਿੱਤਾ ਜਾ ਰਿਹਾ ਜਿਹੜਾ "ਹਿਟਲਰਸ਼ਾਹੀ" ਦੀ ਸ਼ਾਹਦੀ ਭਰਦਾ ਹੈ।ਪੱਤਰਕਾਰਾਂ ਨੇ ਇਹ ਵੀ ਮੰਗ ਕੀਤੀ ਗਈ ਕਿ ਪੱਤਰਕਾਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ ਤੇ ਮੋਹਾਲੀ ਤੇ ਜਲੰਧਰ ਵਿੱਚ ਪੱਤਰਕਾਰਾਂ ਨਾਲ ਕੀਤੀ ਗਈ ਵਧੀਕੀ ਦਾ ਇਨਸਾਫ ਦਿੱਤਾ ਜਾਵੇ।

ਪੱਤਰਕਾਰਾਂ ਵੱਲੋਂ ਪੰਜਾਬ ਸਰਕਾਰ -ਮੁਰਦਾਬਾਦ, ਮਾਨ ਸਰਕਾਰ ਨੂੰ ਚੱਲਦਾ ਕੀਤਾ ਜਾਵੇ, ਡੀ ਪੀ ਆਰ ਓ ਮੁਰਦਾਬਾਦ, ਡੀ ਪੀ ਆਰ ਓ ਦਾ ਤਬਾਦਲਾ ਤੁਰੰਤ ਕੀਤਾ ਜਾਵੇ ਵਰਗੇ ਬੁਲੰਦ ਅਵਾਜ਼ ਵਿੱਚ ਨਾਅਰੇ ਵੀ ਲਗਾਏ।ਜੇਕਰ ਡੀ ਪੀ ਆਰ ਓ ਦਾ ਤਬਾਦਲਾ ਨਹੀਂ ਕੀਤਾ ਜਾਂਦਾ ਤਾਂ ਅਗਲੇ ਦਿਨਾਂ ਵਿੱਚ ਪੱਤਰਕਾਰ ਐਸੋਸੀਏਸ਼ਨ ਡੀ ਸੀ ਦਫਤਰ ਦੇ ਬਾਹਰ ਲੜੀਵਾਰ ਭੁੱਖ ਹੜਤਾਲ ਸ਼ੁਰੂ ਕਰਨਗੇ। ਮੁੱਖ ਮੰਤਰੀ ਨੂੰ ਕਾਲੀਆਂ ਝੰਡੀਆਂ ਵੀ ਵਿਖਾਈਆ ਜਾਣਗੀਆਂ।ਵੈਟਰਨ ਪੱਤਰਕਾਰਾਂ ਨਾਲ ਹੋ ਰਿਹਾ ਵਿਤਕਰਾ ਵੀ ਬੰਦ ਕੀਤਾ ਜਾਵੇ ਜਦ ਕਿ ਵੈਟਰਨ ਪੱਤਰਕਾਰ ਪੇਸ਼ੇ ਦੇ ਪਿਤਾਮਾ ਤੇ ਸਰਕਾਰ ਲਈ ਇੱਕ ਸ਼ੀਸ਼ੇ ਦਾ ਕਾਰਜ ਕਰਨ ਦੇ ਸਮੱਰਥ ਹੁੰਦੇ ਹਨ।ਵੈਟਰਨ ਪੱਤਰਕਾਰਾਂ ਨੇ ਆਪਣੀ ਜਿੰਦਗੀ ਲਗਾਈ ਹੁੰਦੀ ਹੈ ਤੇ ਉਹ ਸਰਕਾਰ ਦੀ ਰੇਖ ਵਿੱਚ ਮੇਖ ਮਾਰਨ ਦੀ ਸਮੱਰਥਾ ਰੱਖਦੇ ਹਨ। ਇਸ ਸਮੇ ਰਾਜੇਸ਼ ਸ਼ਰਮਾ, ਵਿਸ਼ਾਲ ਕੁਮਾਰ ਸ਼ਰਮਾ, ਕੁਮਾਰ ਸੋਨੀ, ਪ੍ਰਿਥੀਪਾਲ ਸਿੰਘ ਮਜੀਠਾ, ਬਲਵਿੰਦਰ ਕੁਮਾਰ ਚਵਿੰਡਾ, ਸਿਮਰਨ ਰਾਜਪੂਤ, ਖੁਸ਼ਬੂ ਸ਼ਰਮਾ, ਸੁਖਬੀਰ ਸਿੰਘ , ਮਲਕੀਅਤ ਸਿੰਘ, ਨਰਿੰਦਰਜੀਤ ਸਿੰਘ, ਹਰਦੇਵ ਸਿੰਘ, ਸੁਖਜੀਤ ਕੌਰ, ਬਲਜੀਤ ਸਿੰਘ ਖਾਲਸਾ, ਸੰਦੀਪ ਅਰੋੜਾ,ਸਤਨਾਮ ਸਿੰਘ ਜੱਜ ਮਹਿਤਾ, ਡਾ ਦਲਜੀਤ ਸਿੰਘ ਮਹਿਤਾ, ਪ੍ਰੀਤਮ ਸਿੰਘ ਕੱਥੂਨੰਗਲ, ਸਰਬਜੀਤ ਸਿੰਘ, ਸਾਹਿਬ ਦਿਆਲ, ਦਵਾਰਕਾ ਦਾਸ ਰਾਣਾ, ਸਤਨਾਮ ਸਿੰਘ, ਗੌਰਵਪ੍ਰੀਤ ਸਿੰਘ, ਪਰਮਜੀਤ ਕੌਰ, ਸੁਖਦੇਵ ਸਿੰਘ, ਹਰੀਸ਼ ਤੇ ਦਲਬੀਰ ਸਿੰਘ ਗੁਮਾਨਪੁਰਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪੱਤਰਕਾਰ ਹਾਜ਼ਰ ਸਨ।

# ਕੈਂਟੂਕੀ ਰਾਜ ਵਿਚ ਹੋਈ ਗੋਲੀਬਾਰੀ 'ਚ 4 ਮੌਤਾਂ ਤੇ 3 ਹੋਰ ਗੰਭੀਰ ਜ਼ਖਮੀ




**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਕੈਂਟੂਕੀ ਰਾਜ ਦੇ ਇਕ ਘਰ ਵਿਚ ਜਨਮ ਦਿਨ ਪਾਰਟੀ ਦੇ ਜਸ਼ਨ ਮਨਾ ਰਹੇ ਲੋਕਾਂ ਉਪਰ ਕੀਤੀ ਅੰਧਾਧੁੰਦ ਗੋਲੀਬਾਰੀ ਵਿਚ 4 ਵਿਅਕਤੀਆਂ ਦੇ ਮਾਰੇ ਜਾਣ ਤੇ 3 ਹੋਰਨਾਂ ਦੇ ਜ਼ਖਮੀ ਹੋਣ ਦੀ ਖਬਰ ਹੈ। ਫਲੋਰੈਂਸ ਪੁਲਿਸ ਵਿਭਾਗ ਦੇ ਮੁੱਖੀ ਜੈਫ ਮੈਲਰੀ ਨੇ ਜਾਰੀ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਗੋਲੀਬਾਰੀ ਦੀ ਘਟਨਾ ਸਿਨਸਿਨਾਟੀ, ਓਹੀਓ ਦੇ ਦੱਖਣ ਪੱਛਮ ਵਿਚ ਫਲੋਰੈਂਸ ਵਿਚ ਰਿਜ਼ਕਰੈਸਟ ਡਰਾਈਵ 'ਤੇ ਇਕ ਘਰ ਵਿਚ ਤੜਕਸਾਰ 3 ਵਜੇ ਦੇ ਕਰੀਬ ਵਾਪਰੀ। ਸੂਚਨਾ ਮਿਲਣ 'ਤੇ ਪੁਲਿਸ ਅਫਸਰ ਮੌਕੇ ਉਪਰ ਪੁੱਜੇ ਤਾਂ ਉਨਾਂ ਨੂੰ ਗੋਲੀਆਂ ਵੱਜਣ ਕਾਰਨ ਜ਼ਖਮੀ ਹੋਏ 7 ਵਿਅਕਤੀ ਮਿਲੇ। ਮ੍ਰਿਤਕਾਂ ਦੀ ਪਛਾਣ ਸ਼ੇਨ ਮਿਲਰ (20), ਹੇਡਨ ਰੀਬਿਕੀ (20), ਡੇਲਾਨੀ ਏਰੀ (19) ਤੇ ਮੇਲੀਸਾ ਪੈਰਟ (44) ਵਜੋਂ ਹੋਈ ਹੈ। ਮੈਲਰੀ ਨੇ ਕਿਹਾ ਹੈ ਕਿ ਘਰ ਦੇ ਮਾਲਕ ਮੇਲੀਸਾ ਪੈਰਟ ਨੇ ਆਪਣੇ ਪੁੱਤਰ ਦੇ 21 ਵੇਂ ਜਨਮ ਦਿਨ 'ਤੇ ਪਾਰਟੀ ਰਖੀ ਸੀ ਜਿਸ ਦੌਰਾਨ ਗੋਲੀਬਾਰੀ ਦੀ ਘਟਨਾ ਵਾਪਰੀ ਹੈ। ਪੁਲਿਸ ਨੇ ਸ਼ੱਕੀ ਦੋਸ਼ੀ ਦੀ ਪਛਾਣ ਚੇਸ ਗਾਰਵੇ (21) ਵਜੋਂ ਕੀਤੀ ਹੈ ਜਿਸ ਨੂੰ ਪਾਰਟੀ ਲਈ ਸੱਦਿਆ ਨਹੀਂ ਗਿਆ ਸੀ ਪਰ ਉਹ ਪਾਰਟੀ ਵਿਚ ਸ਼ਾਮਿਲ ਲੋਕਾਂ ਨੂੰ ਜਾਣਦਾ ਸੀ। ਪੁਲਿਸ ਅਨੁਸਾਰ ਗਾਰਵੇ ਮੌਕੇ ਤੋਂ ਫਰਾਰ ਹੋ ਗਿਆ ਸੀ ਪਰੰਤੂ ਛੇਤੀ ਹੀ ਉਸ ਨੂੰ ਇਕ ਹਾਦਸਾਗ੍ਰਸਤ ਹੋਏ ਵਾਹਣ ਵਿਚੋਂ ਜ਼ਖਮੀ ਹਾਲਤ ਵਿਚ ਲੱਭ ਲਿਆ ਗਿਆ । ਪੁਲਿਸ ਅਨੁਸਾਰ ਸਪੱਸ਼ਟ ਤੌਰ 'ਤੇ ਗਾਰਵੇ ਖੁਦ ਵੱਲੋਂ ਚਲਾਈ ਗੋਲੀ ਨਾਲ ਜ਼ਖਮੀ ਹੋਇਆ ਹੈ। ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਉਹ ਦਮ ਤੋੜ ਗਿਆ। ਪੁਲਿਸ ਮੁੱਖੀ ਅਨੁਸਾਰ ਸ਼ੂਟਰ ਵੱਲੋਂ ਗੋਲੀ ਚਲਾਉਣ ਦਾ ਮਕਸਦ ਸਪੱਸ਼ਟ ਨਹੀਂ ਹੋ ਸਕਿਆ। ਉਨਾਂ ਕਿਹਾ ਕਿ ਇਕੱਲਾ ਗਾਰਵੇ ਹੀ ਇਸ ਗੋਲਬਾਰੀ ਦੀ ਘਟਨਾ ਵਿਚ ਸ਼ਾਮਿਲ ਹੈ। ਪੁਲਿਸ ਘਟਨਾ ਦੀ ਜਾਂਚ ਕਰ ਰਹੀ ਹੈ। ਪੁਲਿਸ ਅਨੁਸਾਰ 3 ਜ਼ਖਮੀਆਂ ਨੂੰ ਸਿਨਸਿਨਾਟੀ ਦੇ ਇਕ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ ਜਿਥੇ ਉਨਾਂ ਦੀ ਹਾਲਤ ਗੰਭੀਰ ਪਰ ਸਥਿੱਰ ਹੈ।


SUNSHINE AUTO CARE INC.

WE REPAIR ALL MAKES & MODELS. AUTO, DIESEL TRUCK & TRAILERS

- DPF Filter Cleaning
- Clutch
- Transmission
- New/Used Tires
- Oil Changes
- Wheel Balancing
- Truck & Trailer Repair
- All Major & Minor Repairs
- We Do Aluminum Welding
- Computer Check
- Differential
- Inspections
- Van/Reefer Work

WE PROVIDE SHUTLE SERVICE FOR ALL CUSTOMERS

hablamos español
We Speak English, Spanish & Punjabi

We Provide Towing & 24/7 Mobile Road Services For All Autos, Trucks & Trailers

Open Monday to Saturday

Com-Check
T-Check
EFS Check

ACCEPTED HERE
VISA MasterCard AMERICAN EXPRESS DISCOVER NETWORK




209-239-1551

1003 MOFFAT BLVD., MANTECA, CA 95336
3575 S ELDORADO ST., STOCTON, CA 95206

ਦੇਸ਼ ਦੁਆਬਾ

# ਜਾਤਪਾਤ ਦੀ ਉਤਪਤੀ, ਸਮੱਸਿਆਵਾਂ ਅਤੇ ਹੱਲ

## ਮਰਹੂਮ ਉਪ ਪ੍ਰਧਾਨ ਮੰਤਰੀ ਬਾਬੂ ਜਗਜੀਵਨ ਰਾਮ ਜੀ



ਅਨੁਵਾਦਕ:
ਡਾ. ਜੀ ਸੀ ਕੌਲ

ਜਾਤੀ ਪ੍ਰਥਾ, ਜਿਸ ਦੀ ਉਪਜ ਛੂਆਛਾਤ ਹੈ, ਇਕ ਗੁੰਝਲਦਾਰ ਅਤੇ ਅਜੀਬੋ ਗਰੀਬ ਸਮਾਜਿਕ ਵਰਤਾਰਾ ਹੈ। ਜਾਤੀ ਪ੍ਰਥਾ ਦੀਆਂ ਜੜ੍ਹਾਂ ਬਹੁਤ ਧੁੰਦਲੇ ਅਤੇ ਅਤਿ ਪ੍ਰਾਚੀਨ ਸਮੇਂ ਵਿਚ ਲੱਗੀਆਂ ਹਨ ਅਤੇ ਇਸੇ ਕਰਕੇ ਵਿਦਵਾਨਾਂ ਲਈ ਇਸ ਅਨੋਖੇ ਪ੍ਰਬੰਧ ਦੀ ਉਤਪਤੀ ਅਤੇ ਵਾਧੇ ਸਬੰਧੀ ਇਕ ਮਤ ਦੇ ਹੋਣਾ ਸੰਭਵ ਨਹੀਂ ਹੈ, ਫਿਰ ਵੀ ਮੁੱਖ ਤੌਰ 'ਤੇ ਨਿਚੋੜ ਸਪਸ਼ਟ ਹਨ ਅਤੇ ਇਹਨਾਂ ਬਾਰੇ ਆਮ ਸਹਿਮਤੀ ਹੈ। ਸਮਾਜ ਦੇ ਵਿਕਾਸ ਦੇ ਮੁਢਲੇ ਪੜਾਵਾਂ ਵਿਚ ਸਮਾਜ ਦੀ ਵਰਗਾਂ ਜਾਂ ਇਕ ਕਿੱਤੇ ਦੇ ਲੋਕਾਂ ਦੀ ਜਮਾਤ ਭਾਵੇਂ ਕੁਝ ਹੱਦ ਤੱਕ ਖਾਨਦਾਨੀ ਕਿਸਮ ਦੀ, ਵੰਡ ਹੋਣੀ ਅਰੁਕ ਸੀ। ਇਸ ਤਰ੍ਹਾਂ ਜਾਤੀ ਪ੍ਰਥਾ ਦੇ ਕੁਝ ਲੱਛਣ ਮੁਢਲੇ ਸਮਾਜ ਜਿੰਨੇ ਪੁਰਾਣੇ ਹਨ।

ਸਜਾਤੀ ਵਿਆਹ ਕੁਝ ਹੱਦ ਤੱਕ ਇਕ ਬਾਇਲੀ ਖਾਸਾ ਹੈ। ਮੁਢਲੀਆਂ ਕੌਮਾਂ ਅਵਿਕਾਸ ਵੇਲੇ ਅਣਗਿਣਤ ਜਾਤਾਂ ਵਿਚ ਵੰਡੀਆਂ ਹੋਈਆਂ ਸਨ, ਜਿਹੜੀਆਂ ਆਮ ਕਰਕੇ ਇਕ-ਦੂਜੇ ਪ੍ਰਤੀ ਬੇਹੱਦ ਨਫ਼ਰਤ ਰੱਖਦੀਆਂ ਅਤੇ ਉਹ ਆਪਸ ਵਿਚ ਸ਼ਾਦੀ ਵੀ ਨਾ ਕਰਦੀਆਂ ਭਾਵੇਂ ਉਹ ਗੁਆਂਢੀ ਇਲਾਕੇ ਵਿਚ ਹੀ ਕਿਉਂ ਨਾ ਰਹਿੰਦੇ ਹੋਣ ਅਤੇ ਇੱਕੋ ਭਾਸ਼ਾ ਹੀ ਕਿਉਂ ਨਾ ਬੋਲਦੇ ਹੋਣ।

ਸਹਿਭੋਜ ਜਾਂ ਆਪਣੇ ਹੀ ਰਿਸ਼ਤੇਦਾਰਾਂ ਵਿਚ ਭੋਜਨ ਵੰਡਣ ਦੀ ਰਸਮ ਕਿਸੇ ਭਿੱਟ ਦੇ ਵਿਚਾਰ ਨਾਲ ਨਹੀਂ ਸ਼ੁਰੂ ਹੋਈ। ਇਹ ਹਿਸ ਕਰਕੇ ਹੋਈ ਕਿ ਨਾਕਾਫ਼ੀ ਭੋਜਨ ਨੂੰ ਸੰਭਾਲਿਆ ਜਾਵੇ, ਜਿਹੜਾ ਬੜੀਆਂ ਸਖ਼ਤ ਘਾਲਣਾਵਾਂ ਨਾਲ ਇਕੱਠਾ ਕੀਤਾ ਜਾਂਦਾ ਸੀ।

ਜਦੋਂ ਆਰੀਆ ਭਾਰਤ ਵਿਚ ਦਾਖਲ ਹੋਏ, ਉਹਨਾਂ ਨੇ ਕਬਾਇਲੀ ਸਜਾਤੀ ਵਿਆਹਾਂ ਨੂੰ ਪੀਡਿਆਂ ਕੀਤਾ। ਉਹਨਾਂ ਵਿਚ ਸਿਰਫ਼ ਤਿੰਨ ਵੰਡਾਂ ਸਨ- ਪੁਜਾਰੀ, ਸੈਨਿਕ ਅਤੇ ਦਸਤਕਾਰ। ਇਸ ਤ੍ਰੀਵਰਨਾ ਸਮਾਜ ਵਿਚ ਵਰਨ ਇਕ ਖਾਸ ਸਮਾਜਿਕ ਕੰਮ ਨੂੰ ਦੱਸਣ ਦੇ ਨਾਲ ਕਲਾ ਅਤੇ ਰਹਿਣ ਦੇ ਤਰੀਕੇ ਦੀ ਇਕ ਖਾਸ ਪੱਧਰ ਦੱਸਦਾ ਸੀ।


ਆਰੀਆ ਹਮਲਾਵਰਾਂ ਅਤੇ ਭਾਰਤ ਦੇ ਆਦਿ-ਵਾਸੀਆਂ ਵਿਚਕਾਰ ਯੁੱਧ ਨੇ ਨਾ ਸਿਰਫ਼ ਸਭਿਆਚਾਰਕ ਸਗੋਂ ਕਿੱਤਿਆਂ ਅਤੇ ਕ੍ਰਿਆਤਮਕ ਵੰਡੀਆਂ ਨੂੰ ਵੱਡਿਆਂ ਕੀਤਾ। ਸ਼ੂਦਰ ਕਹੀ ਜਾਂਦੀ ਚੌਥੀ ਜਾਤ ਹੋਂਦ ਵਿਚ ਆਈ। ਸਮਾਜ ਚਤੁਰ ਵਰਨੀ ਬਣ ਗਿਆ। ਰਿਸ਼ੀਆਂ ਨੇ ਇਸ ਦੀ ਸਦੀਵੀ ਨੇਚਰ ਦੇ ਗੁਣ ਗਾਏ।ਲੋਕ ਹੌਲੀ-ਹੌਲੀ ਇਹ ਵਿਸ਼ਵਾਸ ਕਰਨ ਲੱਗ ਪਏ ਕਿ ਇਹ ਪ੍ਰਬੰਧ ਰੱਬ ਵੱਲੋਂ ਸਿਰਜਿਆ ਹੈ।

(ਭਾਰਤ ਦੇ) ਆਦਿਵਾਸੀ ਜਾਂ ਨਿਰਾਸ਼ ਲੋਕਾਂ ਨੂੰ ਰੱਬੀ (ਅਖੌਤੀ) ਕਾਨੂੰਨ ਦੁਆਰਾ ਸਥਾਪਤ ਸਮਾਜਿਕ ਪ੍ਰਬੰਧ ਅਤੇ ਸਾਂਝੀ ਜ਼ਮੀਨ ਵਿਚ ਹਰ ਤਰ੍ਹਾਂ ਦੇ ਦਾਅਵਿਆਂ ਤੋਂ ਵੰਚਿਤ ਰੱਖਿਆ ਗਿਆ। ਉਹਨਾਂ ਨੂੰ ਪਿੰਡ ਤੋਂ ਬਾਹਰ ਰਹਿਣ ਲਈ ਮਜਬੂਰ ਕੀਤਾ ਗਿਆ। ਉਹ ਅਛੂਤਾਂ (ਹੁਣ ਅਣਗਿਣਤ ਜਾਤਾਂ 'ਚ ਵੰਡੇ ਹਨ) ਦੇ ਵੱਡ-ਵਡੇਰੇ ਸਨ ਅਤੇ ਅਸਪ੍ਰਿਸ਼ਿਆ ਜਾਂ ਪੰਚਮ ਜਾਣੇ ਜਾਂਦੇ ਸਨ। ਉਹਨਾਂ ਨੂੰ ਹਿੰਦੂ ਸਮਾਜ ਨਾਲ ਜੋੜਿਆ ਗਿਆ ਪਰ ਫਿਰ ਵੀ ਉਹ ਉਹਨਾਂ ਨਾਲ ਸਬੰਧਤ ਨਹੀਂ ਸਨ ਅਤੇ ਚਤੁਰਵਰਨ ਵਿਚ ਸ਼੍ਰੇਣੀ ਬੋਧ ਸਮਾਜ ਦੀ ਜਾਤ ਵਿਚ ਕੋਈ ਸਥਾਨ ਨਾ ਦਿੱਤਾ ਗਿਆ।

ਜਦੋਂ ਕਿ ਜਿੱਤਣ ਅਤੇ ਬੰਦੋਬਸਤ ਦੀ ਪ੍ਰਕਿਰਿਆ ਪ੍ਰਗਤੀ ਵੱਲ ਸੀ, ਉਸ ਸਮੇਂ ਦੀ ਸਮਾਜਿਕ ਵਿਵਸਥਾ ਤੇ ਵੱਖ-ਵੱਖ ਹੋਰ ਤੱਤਾਂ ਵੱਲੋਂ ਆਪਣਾ ਅਸਰ ਪਾਉਂਦੇ ਦੇਖਿਆ ਗਿਆ। ਲੋਕ ਇੱਧਰ ਉਧਰ ਵੱਧ ਰਹੇ ਸਨ। ਰਸਮ-ਰਿਵਾਜ ਬਦਲ ਰਹੇ ਸਨ ਕੁਝ ਆਦਿਵਾਸੀ ਕਬੀਲਿਆਂ ਨੇ ਆਰੀਆ ਸਾਹਵੇਂ ਹਥਿਆਰ ਸੁੱਟ ਦਿੱਤੇ ਅਤੇ ਉਹਨਾਂ ਦੇ ਧਰਮ ਤੱਕ ਨੂੰ ਅਪਣਾ ਲਿਆ। ਬਾਕੀਆਂ ਨੇ ਦ੍ਰਿੜ੍ਹਤਾ ਨਾਲ ਆਰੀਆ ਵਿਰੁੱਧ ਵਿਚਾਰ ਵਿਰੋਧ ਜਾਰੀ ਰੱਖਿਆ। ਰੰਗ ਭੇਦ ਵੱਲੋਂ ਆਰੀਆ, ਜੋ ਆਪਣੇ ਆਪ ਨੂੰ ਸਭਿਆਚਾਰਕ ਤੌਰ 'ਤੇ ਉੱਤਮ ਸਮਝਦੇ ਸਨ, ਆਪਦੇ ਖ਼ੂਨ ਦੀ ਪਵਿੱਤਰਤਾ ਨੂੰ ਬਰਕਰਾਰ ਰੱਖਣ ਲਈ ਫਿਕਰਮੰਦ ਸਨ। ਇਹਨਾਂ ਤਾਕਤਾਂ ਦੇ ਅਸਰ ਕਾਰਨ ਤਿੰਨ ਵਰਨੀ ਸਮਾਜ ਚਤਰਵਰਨੀ ਬਣ ਗਿਆ ਅਤੇ ਚੌਥਾ ਵਰਣ (ਸ਼ੂਦਰ) ਸਮਾਜ ਦੇ ਚਾਰਕੋਣੀ ਪ੍ਰਬੰਧ ਦੇ ਦਾਇਰੇ ਵਿਚ ਅਣਗਿਣਤ ਜਾਤਾਂ ਵਿਚ ਵੰਡਿਆ ਗਿਆ।

ਪਰੋਹਿਤ ਵਰਗ ਜਾਂ ਬ੍ਰਾਹਮਣ ਲੋਕ ਬੁੱਧੀਜੀਵੀ ਅਤੇ ਧਾਰਮਿਕ ਆਗੂ ਸਨ। ਪੜ੍ਹਾਈ ਅਤੇ ਅਧਿਆਤਮਕ ਗਿਆਨ ਰਹੱਸਮਈ ਗੁਣ ਸਮਝੇ ਜਾਂਦੇ ਸਨ ਅਤੇ ਇਹਨਾਂ ਦੀ ਸਾਧਨਾ ਲਈ ਵਿਸ਼ੇਸ਼ ਧਿਆਨ ਦੀ ਲੋੜ ਸਮਝੀ ਜਾਂਦੀ ਸੀ। ਇਸ ਲਈ ਬ੍ਰਾਹਮਣਾਂ ਲਈ ਸਰੀਰਕ ਮਿਹਨਤ ਵਰਜਿਤ ਬਣ ਗਈ। ਸਰੀਰਕ ਮਿਹਨਤ ਕਸ਼ੱਤਰੀਆਂ ਲਈ ਵੀ ਵਰਜਿਤ ਹੋ ਗਈ। ਇਹਨਾਂ ਕਸ਼ੱਤਰੀਆਂ ਨਾਲ ਬ੍ਰਾਹਮਣਾਂ ਨੇ ਤਾਕਤ ਵਿਚ ਭਾਈਵਾਲੀ ਕੀਤੀ ਅਤੇ ਕਸ਼ੱਤਰੀ ਬ੍ਰਾਹਮਣਾਂ ਦੇ ਸਮਾਨ ਅਤੇ ਵਿਰੋਧੀ ਸਨ। ਕਸ਼ੱਤਰੀਆਂ ਦਾ ਰਾਜ ਪ੍ਰਬੰਧ ਇਕੱਲੀ ਤਾਕਤ ਨਾਲ ਜਾਰੀ ਨਹੀਂ ਰਹਿ ਸਕਦਾ ਸੀ। ਇਸ ਲਈ ਬ੍ਰਾਹਮਣਾਂ ਨੇ ਵੱਖ ਵੱਖ ਸਮਾਜਿਕ ਅਤੇ ਸਭਿਆਚਾਰਕ ਗਰੁੱਪਾਂ ਲਈ ਨਾ ਸਿਰਫ਼ ਮਹੱਤਤਾ ਅਤੇ ਦਰਜਾ ਦੇਣ ਲਈ ਵਿਸਥਾਰ ਪੂਰਵਕ ਨਿਯਮ ਹੀ ਘੜੇ ਸਗੋਂ ਹਰ ਇਕ ਵਰਗ ਲਈ ਵੱਖ-ਵੱਖ ਧਾਰਮਿਕ ਕਰਮ ਕਾਂਡ ਅਤੇ ਰੀਤੀ ਰਿਵਾਜ਼ ਮੁਕੱਰਰ ਕੀਤੇ। ਵਰਣ ਵਿਵਸਥਾ ਦੀ ਮੁਢਲੀ ਸੋਚ, ਜਿਵੇਂ ਕਿ ਖਾਸ ਸਮਾਜਿਕ ਕ੍ਰਮ ਅਤੇ ਸਭਿਆਚਾਰ ਦੀ ਸਪਸ਼ਟ ਪੱਧਰ ਦੱਸਿਆ ਗਿਆ ਹੈ, ਨੇ ਸਮਾਜ ਦੀ ਰੱਬ ਵੱਲੋਂ ਕੀਤੀ ਵੰਡ ਦੇ ਵਿਚਾਰ ਨੂੰ ਜਨਮ ਦਿੱਤਾ। ਪੁਨਰਜਨਮ, (ਜਾਤੀਵਾਦੀ) ਕਿਸਮਤਵਾਦ ਅਤੇ ਮਾਇਆ ਜਾਂ ਵਾਸਤਵਿਕ ਹੋਂਦ ਤੋਂ ਇਨਕਾਰੀ ਹੋਣ ਦੇ ਮਤਾਂ ਨੂੰ ਸਮਾਜਿਕ ਪ੍ਰਬੰਧ ਦੀ ਸਹਾਇਤਾ ਲਈ ਘੜਿਆ ਗਿਆ ਅਤੇ ਇਕ ਬੇਇਨਸਾਫ਼ੀ ਭਰੀ ਅਤੇ ਗੈਰ-ਲੋਕਤੰਤਰਿਕ ਵਿਵਸਥਾ ਨੂੰ ਸ਼ਕਤੀਸ਼ਾਲੀ ਅਤੇ ਅਸਰ ਰਸੂਖ ਵਾਲੀ ਘੱਟ ਗਿਣਤੀ (ਆਰੀਆਂ) ਨੇ ਅਬਾਦੀ ਦੀ ਬਹੁਗਿਣਤੀ (ਸ਼ੂਦਰਾਂ ਅਨੁਸੂਚਿਤ ਜਾਤੀਆਂ ਆਦਿ-ਅਨੁਵਾਦਕ) ਤੇ ਠੋਸਿਆ।

ਇਹ ਲੱਗਦਾ ਹੈ ਕਿ ਯੂਰਪ ਵਿਚ ਇਲਾਕਾਈ ਸਰਕਾਰਾਂ ਨੇ ਨਾ ਸਿਰਫ਼ ਕਬੀਲਾਪ੍ਰਸਤੀ ਤੋਂ ਜ਼ਿਮੀਂਦਾਰੀ ਪ੍ਰਥਾ ਵਿਚ ਹੀ ਤਬਦੀਲੀ ਲਿਆਂਦੀ ਸਗੋਂ ਕਬਾਇਲੀ ਵਿਤਕਰਿਆਂ ਨੂੰ ਖਤਮ ਕਰਕੇ ਕੌਮੀ ਜਾਂ ਕ੍ਰਾਡੀਅਲ ਧਰਮ ਨੂੰ ਲਾਗੂ ਕੀਤਾ।



ਭਾਰਤ ਵਿਚ ਪੰਜਵੀਂ ਸਦੀ ਈਸਾ ਪੂਰਵ ਤੱਕ ਅਜਿਹੀ ਕੋਈ ਸ਼ਕਤੀਸ਼ਾਲੀ ਇਲਾਕਾਈ ਤਾਕਤ ਨਹੀਂ ਦਿੱਸਦੀ ਸੀ ਜੋ ਵੱਖ-ਵੱਖ ਕਬੀਲਾਪ੍ਰਸਤੀ ਨੂੰ ਇਕ ਕੌਮ ਦੀ ਸ਼ਕਲ ਦੇ ਸਕਦੀ। ਹਿੰਦੂ ਧਰਮ ਏਕੇਸ਼ਵਰਵਾਦ ਨਾਲੋਂ ਬਹੁ-ਈਸ਼ਵਰਵਾਦ ਸੀ ਅਤੇ ਇਹ ਗੁੰਝਲਦਾਰ ਧਾਰਨਾ ਧਾਰੀ ਬੈਠਾ ਸੀ ਕਿ ਇਹੀ ਇਕ ਸਦੀਵੀ ਧਰਮ ਹੈ ਅਤੇ ਦੂਜੇ ਧਰਮ ਸਿਰਫ਼ ਇਸ ਵਿਚੋਂ ਚਲੇ ਹਨ ਜਾਂ ਇਸ ਦੇ ਵਿਗਾੜੇ ਰੂਪ ਹਨ। ਹਿੰਦੂਵਾਦ ਲੁਪਤ ਰੂਪ ਵਿਚ ਸਮੂਹ ਮਨੁੱਖਤਾ ਨੂੰ ਚਾਰ ਵਰਣਾਂ ਵਿਚ ਪਾੜਨ ਵਿਚ ਵਿਸ਼ਵਾਸ ਰੱਖਦਾ ਹੈ।

ਇਹਨਾਂ ਧਾਰਨਾਵਾਂ ਅਤੇ ਅਜੀਬ ਸਮਾਜਿਕ ਸੰਗਠਨਾਂ ਜੋ ਹਿੰਦੂਆਂ ਨੇ ਘੜੇ ਸਨ, ਵਿਦੇਸ਼ੀ ਹਮਲਾਵਰਾਂ ਦੇ ਬਹੁਤ ਵੱਡੇ ਹਿੱਸੇ ਨੂੰ ਹਿੰਦੂ ਜਾਤੀ ਪ੍ਰਥਾ ਵਿਚ ਸਮਾਉਣ ਵਿਚ ਮਦਦ ਕੀਤੀ। ਮੁਸਲਮਾਨਾਂ ਦੀ ਜਿੱਤ ਸ਼ੁਰੂ ਹੋਣ ਸਮੇਂ ਤੱਕ ਜਾਤੀ ਪ੍ਰਥਾ ਦੀ ਦਰਜੇਬੰਦੀ ਮੁਕੰਮਲ ਹੋ ਚੁੱਕੀ ਸੀ। ਵੱਖ-ਵੱਖ ਜਾਤਾਂ ਦੇ ਜੀਵਨ ਅਤੇ ਵਰਤੋਂ ਵਿਹਾਰ ਸਬੰਧੀ ਨਿਯਮ ਅਤੇ ਕਾਨੂੰਨ ਵਿਵਸਥਾ ਪੂਰਵਕ ਪ੍ਰਗਟ ਕੀਤੇ ਜਾ ਚੁੱਕੇ ਸਨ। ਜਦੋਂ ਤੱਕ ਕਿ ਉਹ ਜੀਵਨ ਦੇ ਸਾਰੇ ਪੱਖਾਂ ਨੂੰ ਕਵਰ ਨਾ ਕਰਦੇ। ਕਾਨੂੰਨ ਸਾਵੇਂ ਕੋਈ ਬਰਾਬਰੀ ਨਹੀਂ ਸੀ। ਜਾਤ ਦੇ ਸਿੱਟੇ ਵਜੋਂ ਉਪਜੀ ਨਾ-ਬਰਾਬਰੀ ਰੱਬ ਵੱਲੋਂ ਕੀਤੀ ਗਈ ਮੰਨੀ ਜਾਣ ਲੱਗੀ ਅਤੇ ਇਸ ਲਈ ਕਾਨੂੰਨ ਬਣਾਉਣ ਵਾਲਿਆਂ ਨੇ ਬਿਨਾ ਕਿਸੇ ਪਛਤਾਵੇ ਦੇ ਵੱਖ-ਵੱਖ ਵਰਣਾਂ ਦੇ ਆਦਮੀਆਂ ਲਈ ਵੱਖ-ਵੱਖ ਤਰ੍ਹਾਂ ਦੀਆਂ ਸਜ਼ਾਵਾਂ ਅਤੇ ਟੈਕਸ ਮੁਕੱਰਰ ਕੀਤੇ। ਧਰਮ ਦੀ ਮਦਦ ਨਾਲ ਪੁਨਰਜਨਮ ਅਤੇ ਕਿਸਮਤਵਾਦ ਦੀਆਂ ਥਿਊਰੀਆਂ ਰਾਹੀਂ ਲੋਕਾਂ ਦੇ ਦਿਮਾਗਾਂ ਨੂੰ ਪੂਰੀ ਤਰ੍ਹਾਂ ਤਾਲੇ ਲਾ ਦਿੱਤੇ ਗਏ।

ਇਸ ਦਿਮਾਗੀ ਜਹਾਲਤ ਨੇ ਬਹੁਗਿਣਤੀ ਦੇ ਮਨਾਂ 'ਚੋਂ ਬਗਾਵਤ ਦੀ ਭਾਵਨਾ ਨੂੰ ਨਸ਼ਟ ਕਰ ਦਿੱਤਾ। ਜਿਸ ਕਰਕੇ ਉਹਨਾਂ ਨੂੰ ਨਾ ਸਿਰਫ਼ ਆਪਣੇ ਪਾਲਣ ਪੋਸ਼ਣ ਲਈ ਮੁਸ਼ੱਕਤ ਕਰਨੀ ਪਈ ਸਗੋਂ ਆਪਣੇ ਤੋਂ ਉੱਚੀਆਂ ਲੁੱਟ ਖਸੁੱਟ ਕਰਨ ਕਰਨੀ ਪਈ ਸਗੋਂ ਆਪਣੇ ਤੋਂ ਉੱਚੀਆਂ ਲੁੱਟ ਖਸੁੱਟ ਕਰਨ ਵਾਲੀਆਂ ਜਾਤੀਆਂ ਦੇ ਪਾਲਣ ਪੋਸ਼ਣ ਲਈ ਵੀ ਮੁਸ਼ੱਕਤ ਕਰਨੀ ਪਈ। ਇੱਥੋਂ ਤੱਕ ਕਿ ਅਛੂਤਾਂ ਨੇ ਵਿਸ਼ਵਾਸ ਕਰਨਾ ਸ਼ੁਰੂ ਕਰ ਦਿੱਤਾ ਕਿ ਜੋ ਉਹ ਆਪਣੇ ਫਰਜ਼ ਇਸ ਜੀਵਨ ਵਿਚ, ਜੋ ਕਿ ਰੱਬ ਵੱਲੋਂ ਲਾਏ ਮੰਨੇ ਗਏ ਹਨ, ਬਿਨਾਂ ਹੀਲ ਹੁੱਜਤ ਕੀਤਿਆਂ, ਖ਼ੁਸ਼ੀ ਖ਼ੁਸ਼ੀ ਅਤੇ ਆਗਿਆ-ਪੂਰਵਕ ਨਿਭਾਏ ਤਾਂ ਉਹ ਸ਼ਾਇਦ ਆਪਣੇ ਅਗਲੇ ਜਨਮ ਵਿਚ ਕਿਸੇ ਉੱਚੀ ਜਾਤ ਵਿਚ ਪੈਦਾ ਹੋਣਗੇ।

ਇਸਲਾਮ ਅਤੇ ਇਸਾਈ ਧਰਮ ਫਿਰ ਵੀ ਅਲੱਗ ਕਿਸਮ ਦੇ ਸਨ। ਇਹ ਧਰਮ ਜੇਤੂਆਂ ਅਤੇ ਹਾਕਮਾਂ ਦੇ ਧਰਮਾਂ ਵਜੋਂ ਆਏ। ਇਹ ਧਰਮ ਉਤਸ਼ਾਹੀ ਅਤੇ ਆਪਣੇ ਵੱਲ ਦੂਜਿਆਂ ਨੂੰ ਖਿੱਚਣ ਵਾਲੇ ਸਨ। ਦੂਸਰੇ ਪਾਸੇ ਹਿੰਦੂਵਾਦ ਦਿਲਕਸ਼ ਨਹੀਂ ਹੈ। ਇਸਲਾਮ ਅਤੇ ਇਸਾਈ ਧਰਮ ਦੋਹਾਂ ਨੇ ਆਦਮੀ ਦੀ ਜਨਮ ਤੋਂ ਬਰਾਬਰੀ ਦਾ ਐਲਾਨ ਕੀਤਾ ਅਤੇ ਆਪਣੇ ਪੈਰੋਕਾਰਾਂ ਵਿਚ ਭਾਈਚਾਰੇ ਦੀ ਭਾਵਨਾ ਨੂੰ ਬੜਾਵਾ ਦਿੱਤਾ। ਇਸ ਲਈ ਹਿੰਦੂ ਧਰਮ ਲਈ ਮੁਸਲਮਾਨਾਂ ਅਤੇ ਇਸਾਈਆਂ ਨੂੰ ਆਪਣੇ ਵਿਚ ਸਮਾਉਣਾ ਸੰਭਵ ਨਹੀਂ ਸੀ ਜਿਵੇਂ ਕਿ ਇਸ ਨੇ ਹਮਲਾਵਰ ਹੂਨ, ਸ਼ਾਕਾਸ, ਯੂ-ਚੀ ਅਤੇ ਦੂਜੇ ਖਾਨਾਬਦੋਸ਼ ਕਬੀਲਿਆਂ, ਜੋ ਭਾਰਤ ਦੇ ਉੱਤਰ-ਪੱਛਮ ਵੱਲੋਂ ਦਾਖਲ ਹੋਏ, ਨੂੰ ਆਪਣੇ ਵਿਚ ਜਜ਼ਬ ਕਰ ਲਿਆ ਸੀ।

ਇਹਨਾਂ ਦੋਹਾਂ ਧਰਮਾਂ ਦੇ ਪ੍ਰਭਾਵ ਕਾਰਨ ਇਕ ਵਿਚਾਰਾਂ ਵਿਚ ਉਬਾਲ ਆਇਆ, ਜਿਸਨੇ ਅਨੇਕਾਂ ਰੋਸਪੂਰਨ ਲਹਿਰਾਂ ਨੂੰ ਸਿਰਜਿਆ, ਜਿਹਨਾਂ ਲਹਿਰਾਂ ਦਾ ਮੰਤਵ ਸਮਾਜਿਕ ਬਰਾਬਰੀ ਲਿਆਉਣਾ ਅਤੇ ਬ੍ਰਾਹਮਣਾਂ ਦੇ ਦਬਦਬੇ ਨੂੰ ਨਸ਼ਟ ਕਰਨਾ ਸੀ। ਬ੍ਰਾਹਮਣਵਾਦੀ ਢਾਂਚੇ ਦੇ ਖਿਲਾਫ, ਜਨਮ ਤੋਂ ਆਦਮੀ ਆਦਮੀ ਵਿਚਕਾਰ ਨਾਬਰਾਬਰੀ ਦੀ ਥਿਊਰੀ ਅਤੇ ਧਾਰਮਿਕ ਕਰਮ ਕਾਂਡਾਂ ਅਤੇ ਰਸਮਾਂ ਰਿਵਾਜਾਂ ਦੀ ਬਹੁਲਤਾ ਦੇ ਢਾਂਚੇ, ਜੋ ਸਾਰੇ ਬ੍ਰਾਹਮਣਾਂ ਦੀ ਸਮਾਜਿਕ ਵਿਵਸਥਾ ਨੂੰ ਕੱਸ ਕੇ ਸ਼ਿਕੰਜੇ ਵਿਚ ਰੱਖਣ ਵਿਚ ਮਦਦ ਕਰਦੇ ਹਨ, ਖਿਲਾਫ ਪਹਿਲੋਂ ਵੀ ਬਗਾਵਤਾਂ ਹੋਈਆਂ।

ਇਤਿਹਾਸ ਵਿਚ ਕੋਈ ਅਜਿਹਾ ਯੁੱਗ ਨਹੀਂ ਹੋਇਆ ਜਿਸ ਵਿਚ ਇਸ ਪ੍ਰਬੰਧ ਦਾ ਵਿਰੋਧ ਜਾਂ ਬਗਾਵਤ ਨਾ ਹੋਈ ਹੋਵੇ। ਇਸ ਸੰਦਰਭ ਵਿਚ ਬੁੱਧ ਪਹਿਲ ਮਹਾਨ ਸਮਾਜਿਕ ਇਨਕਲਾਬੀ ਸਨ, ਜਿਹਨਾਂ ਨੇ ਕੁਝ ਸਮੇਂ ਸਫਲਤਾ ਪੂਰਵਕ ਬ੍ਰਾਹਮਣਾਂ ਦੀ ਉੱਚਤਾ ਨੂੰ ਵੰਗਾਰਿਆ ਅਤੇ ਅੱਛੇ ਚਾਲ-ਚਲਣ ਤੇ ਚੱਲਣ ਦਾ ਸਿੱਧੇ ਸਾਦੇ ਧਰਮ ਦਾ ਪ੍ਰਚਾਰ ਕੀਤਾ। ਫਿਰ ਵੀ ਸਮਾਜਿਕ ਆਧਾਰ ਅਜੇ ਤਿਆਰ ਨਹੀਂ ਸਨ ਜਾਂ ਸੰਗਠਿਤ ਨਾ ਕੀਤੇ ਜਾ ਸਕੇ, ਜੋ ਬੁੱਧ ਦੁਆਰਾ ਪੇਸ਼ ਕੀਤੇ ਕ੍ਰਾਂਤੀਕਾਰੀ ਵਿਚਾਰਾਂ ਨੂੰ ਤੋਰ ਸਕਦੇ। ਇਸ ਕਰਕੇ ਬ੍ਰਾਹਮਣਵਾਦ ਮੁੜ ਪੈਰ ਜਮਾਉਣ ਵਿਚ ਸਫਲ ਹੋ ਗਿਆ। ਬ੍ਰਾਹਮਣਵਾਦ ਅਜਿਹਾ ਹੌਲੀ-ਹੌਲੀ ਇਸ ਕਰਕੇ ਕਰ ਸਕਿਆ ਕਿ ਇਸ ਨੇ ਹਿੰਦੂ ਧਰਮ ਵਿਚ ਬੁੱਧ ਦੀਆਂ ਸਿੱਖਿਆਵਾਂ ਨੂੰ ਸ਼ਾਮਲ ਕਰ ਲਿਆ ਅਤੇ ਸ਼ੁੱਧ ਚਾਲ-ਚਲਣ ਤੇ ਚੱਲਣ 'ਤੇ ਜ਼ੋਰ ਦੇਣਾ ਸ਼ੁਰੂ ਕਰ ਦਿੱਤਾ ਅਤੇ ਇਸ ਤਰ੍ਹਾਂ ਬੁੱਧ ਨੂੰ ਹਿੰਦੂ ਅਵਤਾਰ ਮੰਨ ਕੇ ਉੱਚ ਸਥਾਨ ਦੇ ਕੇ ਅਜਿਹਾ ਕਰ ਸਕਿਆ। ਬ੍ਰਾਹਮਣਵਾਦ ਇਸ ਕਰਕੇ ਵੀ ਸਫਲ ਹੋਇਆ ਕਿਉਂਕਿ ਬੁੱਧਵਾਦ ਨੇ ਜੋ ਮਹੱਲ ਉਸਾਰਿਆ ਸੀ, ਉਹ ਬੁੱਧਵਾਦ ਦੇ ਕੁਝ ਜਮਾਂਦਰੂ ਸਵੈ-ਵਿਰੋਧਾਂ ਕਾਰਨ ਡਗਮਗਾਉਣਾ ਸ਼ੁਰੂ ਹੋ ਗਿਆ ਸੀ।

ਇਸ ਤੋਂ ਬਾਅਦ ਦੀਆਂ ਬਾਗੀ ਅਤੇ ਸੁਧਾਰਕ ਲਹਿਰਾਂ ਦੀ ਅਗਵਾਈ ਰਾਮਾਨੰਦ, ਸਤਿਗੁਰੂ ਕਬੀਰ, ਸਤਿਗੁਰੂ ਰਵਿਦਾਸ (ਰਾਇਦਾਸ), ਸਤਿਗੁਰੂ ਏਕਾਨਾਥ, ਸਤਿਗੁਰ ਤੁਕਾਰਾਮ, ਚੈਤੰਨਯ, ਸਤਿਗੁਰ ਨਾਨਕ ਅਤੇ ਅਨੇਕਾਂ ਹੋਰ ਸੰਤਾਂ ਨੇ ਕੀਤੀ। ਇਹਨਾਂ ਸੁਧਾਰਕਾਂ ਵਿਚੋਂ ਕਿਸੇ ਵੱਲੋਂ ਵੀ ਆਪਣਾ ਮਤ ਸਥਾਪਿਤ ਕਰਨ ਦਾ ਇਰਾਦਾ ਨਹੀਂ ਸੀ। ਹਿੰਦੂ ਸਮਾਜਿਕ ਵਿਵਸਥਾ ਦੀਆਂ ਨਾਬਰਾਬਰੀਆਂ, ਜਿਹਨਾਂ ਨੂੰ ਹੱਥੀਂ ਸਿਰਜਣਾ ਕਿਹਾ ਗਿਆ ਸੀ, ਸ਼ੋਸ਼ਣ ਅਤੇ ਅੱਤਿਆਚਾਰਾਂ, ਜਿਹਨਾਂ ਨੂੰ ਕਿਸਮਤਵਾਦ ਅਤੇ ਆਤਮਾ ਦੇ ਪੁਨਰ ਜਨਮ ਦੀ ਥਿਊਰੀ ਨਾਲ ਜਾਇਜ਼ ਸਿੱਧ ਕੀਤਾ ਜਾਂਦਾ ਰਿਹਾ ਅਤੇ ਸਮਾਜ ਦੇ ਵੱਖ-ਵੱਖ ਵਰਗਾਂ ਨੂੰ ਰੱਬ ਸਬੰਧੀ ਗਿਆਨ ਪ੍ਰਕਾਸ਼ ਜਾਣਣ ਤੋਂ ਇਨਕਾਰ ਕਰਨ ਨੇ, ਇਹਨਾਂ ਸਮਾਜ ਸੁਧਾਰਕਾਂ ਦੇ ਮਨ ਗੁੱਸੇ ਨਾਲ ਭਰ ਦਿੱਤੇ ਸਨ ਅਤੇ ਉਹ ਦੇਸ਼-ਵਾਸੀਆਂ ਦਾ ਸੁਧਾਰ ਕਰਕੇ ਉਹਨਾਂ ਵਿਚ 'ਰੱਬ ਅੱਗੇ ਸਭ ਬਰਾਬਰ ਹਨ' ਦਾ ਇਕ ਨਵਾਂ ਵਿਸ਼ਵਾਸ ਦਿਲੋਂ ਦਿਮਾਗ ਵਿਚ ਭਰ ਦੇਣਾ ਚਾਹੁੰਦੇ ਸਨ। ਪਰ ਲੋਕ ਮਾਨਸਿਕ ਗੁਲਾਮੀ ਵਿਚ ਏਨੇ ਸਮੇਂ ਤੋਂ ਜੀਅ ਰਹੇ ਸਨ ਅਤੇ ਪ੍ਰਚੱਲਿਤ ਬ੍ਰਾਹਮਣਵਾਦੀ ਕਰਮ ਕਾਂਡਾਂ ਵਿਚ ਇੰਨੇ ਗੜੁੱਚੇ ਹੋਏ ਸਨ ਕਿ ਇਹਨਾਂ ਸਮਾਜ ਸੁਧਾਰਕ ਸੰਤਾਂ ਦੇ ਉੱਦਮ ਹਮੇਸ਼ਾ ਨਵੇਂ ਮਤਾਂ ਦੇ ਸਿਰਜਣ ਵਿਚ ਮੁੱਕੇ, ਜਿਹਨਾਂ ਵਿਚੋਂ ਕੁਝ ਪ੍ਰਚੱਲਿਤ ਹਿੰਦੂ ਵਿਚਾਰਧਾਰਾ ਵੱਲ ਹੱਦੋਂ ਵੱਧ ਝੁਕ ਗਏ।

ਇਹਨਾਂ ਮੱਤਾਂ ਵਿਚੋਂ ਬਹੁਤੇ ਅਜੇ ਵੀ ਮੌਜੂਦ ਹਨ ਪਰ ਉਹ ਆਪਣੀ ਪਹਿਲੋਂ ਵਰਗੀ ਗਤੀਸ਼ੀਲਤਾ ਗੁਆ ਚੁੱਕੇ ਹਨ। ਬਹੁਤ ਸਾਰੇ ਦੂਸਰੇ ਮੱਤ ਲੋਕਾਂ ਦੁਆਰਾ ਆਮ ਵਰਤੋਂ 'ਚ ਲਿਆਂਦੇ ਹਿੰਦੂ ਧਰਮ ਨਾਲੋਂ ਵੱਖਰਾਪਣ ਗੁਆ ਚੁੱਕੇ ਹਨ। ਇਸ ਪਾਸੇ ਖਾਸ ਖਿਆਲ ਦੇ ਕੇ ਖੋਜ ਕਰਨੀ ਚਾਹੀਦੀ ਹੈ ਕਿ ਇਹ ਸਮਾਜ ਸੁਧਾਰਕ ਜਨ ਸਮੂਹ ਨੂੰ ਆਜ਼ਾਦ ਕਰਾਉਣ ਵਿਚ ਸਫਲ ਕਿਉਂ ਨਹੀਂ ਹੋ ਸਕੇ ਜੋ ਅਧਿਆਤਮਕ ਵਿਸ਼ਵਾਸਾਂ ਜੋ ਕਿ ਗੈਰ ਸਮਾਜਿਕ ਅਤੇ ਅੰਤਾਂ ਦੇ ਘਾਤਕ ਸਨ, ਦਾ ਗੁਲਾਮ ਬਣਿਆ ਹੋਇਆ ਸੀ।

ਇਹ ਧਿਆਨ ਯੋਗ ਹੈ ਕਿ ਇਹਨਾਂ ਵਿਚੋਂ ਬਹੁਤ ਸਾਰੇ ਮੱਤਾਂ ਨੇ ਉਸੇ ਤਰ੍ਹਾਂ ਦੇ ਬ੍ਰਾਹਮਣੀ ਰਹੱਸਵਾਦੀ ਧਾਰਮਿਕ ਕਰਮ ਕਾਂਡਾਂ ਅਤੇ ਰਸਮੋ ਰਿਵਾਜਾਂ ਵਿਚ ਗ੍ਰਸੇ ਸਨ, ਅਪਣਾ ਲਿਆ। ਅਜਿਹਾ ਕਰਨ ਦੇ ਪਿੱਛੇ ਬ੍ਰਾਹਮਣਾਂ ਦੀ ਬਰਾਬਰੀ ਕਰਨ ਦੀ ਦਰਦ ਭਰੀ ਭਾਵਨਾ ਸੀ। ਅਜਿਹੇ ਮੱਤ, ਜਿਹੜੇ ਹਿੰਦੂਵਾਦ ਦੀ ਮੁੱਖ ਧਾਰਾ 'ਚੋਂ ਨਿਕਲੀਆਂ ਸਹਾਇਕ ਨਦੀਆਂ ਵਾਂਗ ਸਨ, ਸੁੱਕ ਗਏ ਅਤੇ ਕੁਝ ਸਮੇਂ ਬਾਅਦ ਵਿਅਰਥ ਹੋ ਗਏ ਜਾਂ ਮੁੜ ਮੁੱਖ ਧਾਰਾ ਵਿਚ ਸ਼ਾਮਲ ਹੋ ਗਏ। ਪਰ ਫਿਰ ਵੀ ਉਹਨਾਂ ਨੇ ਆਪਣੇ ਸਮਰਥਕਾਂ (ਪੈਰੋਕਾਰਾਂ) ਨੂੰ ਵਿਸ਼ਵਾਸ ਅਤੇ ਦਿਲਾਸੇ ਦੀ ਇਕ ਨਵੀਂ ਸੋਝੀ ਦਿੱਤੀ ਅਤੇ ਉਹਨਾਂ ਨੂੰ ਉਹਨਾਂ ਕਦਰਾਂ ਕੀਮਤਾਂ ਦੀ ਰਾਖੀ ਲਈ ਖੜ੍ਹੇ ਕਰ ਦਿੱਤਾ ਜੋ ਮੁਸਲਮਾਨੀ ਧਰਮ ਦੇ ਲੋਕਤੰਤਰ ਵੱਲੋਂ ਸੁਝਾਈਆਂ ਸਨ। ਇਹਨਾਂ ਅਰਥਾਂ ਵਿਚ, ਇਹਨਾਂ ਮੱਤਾਂ ਨੇ ਬ੍ਰਾਹਮਣੀ ਹਿ-ਦੂਵਾਦ ਦੇ ਥੰਮਾਂ ਦਾ ਕੰਮ ਕੀਤਾ ਅਤੇ ਹਿੰਦੂ ਧਰਮ ਨੂੰ ਵੱਡੇ ਪੱਧਰ ਦੀ ਤਬਾਹੀ ਤੋਂ ਬਚ-ਾਇਆ।

ਇਹਨਾਂ ਸੁਧਾਰਕ ਲਹਿਰਾਂ ਦੇ ਬਾਵਜੂਦ ਸ਼ੂਦਰਾਂ ਜਾਂ ਅਛੂਤਾਂ ਦੀ ਬਹੁਗਿਣਤੀ ਸਿੱਖ ਧਰਮ, ਇਸਲਾਮ ਅਤੇ ਇਸਾਈ ਧਰਮ ਵੱਲ ਖਿੱਚੀ ਗਈ। ਉਹ (ਸ਼ੂਦਰ) ਫਿਰ ਵੀ ਸਿੱਖ ਧਰਮ ਅਤੇ ਈਸਾਈ ਧਰਮ ਵਿਚ ਵੀ ਜਾਤ ਦੇ ਕਲੰਕ ਤੋਂ ਬਚ ਨਾ ਸਕੇ ਅਤੇ ਅਛੂਤ ਸਿੱਖਾਂ ਅਤੇ ਅਛੂਤ ਇਸਾਈਆਂ ਦਾ ਹੋਣਾ ਭਾਰਤ ਵਿਚ ਖਾਸ ਅਤੇ ਅਨੋਖੀ ਹਕੀਕਤ ਹੈ ਅਤੇ ਭਾਰਤੀ ਮਨਾਂ ਉੱਤੇ ਜਾਤੀਵਾਦ ਦੇ ਸ਼ਿਕੰਜੇ ਦਾ ਹੋਣਾ ਦੱਸਦੀ ਹੈ ਕਿ ਇਸਲਾਮ ਅਤੇ ਇਸਾਈ ਧਰਮ ਤੇ ਹਿੰਦੂ ਸਮਾਜਿਕ ਪ੍ਰਬੰਧ ਦਾ ਪ੍ਰਭਾਵ ਮਾਮੂਲੀ ਨਹੀਂ ਸੀ।

ਜੋ ਇਹ ਦਾਅਵਾ ਕਰਦੇ ਹਨ ਕਿ ਇਸ ਵਿਸ਼ੇਸ਼ ਪ੍ਰਬੰਧ ਸਦਕੇ ਹੀ ਹਿੰਦੂ ਇਸਲਾਮ ਅਤੇ ਇਸਾਈ ਧਰਮ ਦੇ ਦਬਾਅ ਦਾ ਮੁਕਾਬਲਾ ਕਰ ਸਕੇ ਸਨ ਅਤੇ ਆਪਣੇ ਧਰਮ ਅਤੇ ਸਮਾਜ ਨੂੰ ਖੇਰੂੰ-ਖੇਰੂੰ ਹੋਣ ਤੋਂ ਬਚਾਅ ਸਕੇ ਸਨ, ਉਹ ਇਕ ਨਿਰਣਾਇਕ ਤੱਕ ਨੂੰ ਵਿਸਾਰ ਜਾਂਦੇ ਹਨ। ਉਹ ਭੁੱਲ ਜਾਂਦੇ ਹਨ ਕਿ ਇਹ ਵੱਖਰਾਪਣ ਕਮਜ਼ੋਰੀ ਦਾ ਸੋਮਾ ਸੀ ਅਤੇ ਇਸ ਨੇ ਸਮਾਜ ਦੀਆਂ ਪ੍ਰਾਪਤੀਆਂ ਨੂੰ ਸੀਮਤ ਕੀਤਾ। ਭਾਰਤ ਦੀਆਂ ਸਾਰੀਆਂ ਪ੍ਰਾਪਤੀਆਂ ਅਤੇ ਉਸ ਦੀਆਂ ਸਾਰੀਆਂ ਸਫਲਤਾਵਾਂ ਸਿਰਫ਼ ਉੱਚ ਜਾਤੀਆਂ ਤੱਕ ਸੀਮਤ ਰੱਖੀਆਂ ਗਈਆਂ। ਜਨ ਸਮੂਹ ਜੋ ਕਿ ਛੋਟੀਆਂ ਜਾਤਾਂ ਦਾ ਵਧੇਰੇ ਕਰਕੇ ਸੀ, ਨੂੰ ਸਮਾਜ ਦੀ ਤਰੱਕੀ ਲਈ ਕੰਮ ਕਰਨ ਲਈ ਮਜਬੂਰ ਕੀਤਾ ਗਿਆ ਪਰ ਉਹਨਾਂ ਨੂੰ ਇਤਿਹਾਸ ਨਿਰਮਾਣ ਦੀ ਪ੍ਰਕਿਰਿਆ ਦੇ ਸਾਂਝੀਵਾਲ ਹੋਣ ਤੋਂ ਵਾਂਝੇ ਰੱਖਿਆ ਗਿਆ। ਉਹਨਾਂ ਨੂੰ ਇਤਿਹਾਸ ਤੋਂ ਜਾਣ ਬੁੱਝ ਕੇ ਇਕ ਪਾਸੇ ਰੱਖਿਆ ਗਿਆ। ਇਸ ਕਰਕੇ ਉਹ ਰਚਨ-ਾਤਮਕ ਕੌਮੀ ਉੱਦਮਾਂ ਤੋਂ ਬਾਹਰ ਸਨ।

ਉੱਚ ਜਾਤੀਆਂ ਅਜਿਹਾ ਕੁਝ ਇਸ ਕਰਕੇ ਕਰ ਸਕੀਆਂ ਕਿਉਂਕਿ ਉਹ ਸਮਾਜਿਕ ਤੌਰ 'ਤੇ ਤਾਕਤਵਰ ਸਨ ਅਤੇ ਉਹ ਛੋਟੀਆਂ ਜਾਤਾਂ ਦੀ ਬਹੁਤ ਵੱਡੀ ਤਾਦਾਦ ਨੂੰ, ਜਿਵੇਂ ਉਹ (ਉੱਚ ਜਾਤੀ) ਆਦੇਸ਼ ਕਰਨ, ਉਵੇਂ ਹੀ ਵਗਾਰ ਵਿਚ ਆਪਣੇ ਲਈ ਕੰਮ ਕਰਵਾ ਸਕਦੀਆਂ ਸਨ। ਪਰ ਹਕੀਕਤ ਇਹ ਹੈ ਕਿ ਆਬਾਦੀ ਦੇ ਬਹੁਤ ਵੱਡੇ ਵਰਗ ਨੂੰ ਲੋਕਾਂ ਅਤੇ ਦੇਸ਼ ਦੀ ਤਦਬੀਰ ਸੰਵਾਰਨ ਦਾ ਰਚਨਾਤਮਕ ਯੋਗਦਾਨ ਦੇਣ ਦੀ ਆਗਿਆ ਨਹੀਂ ਦਿੱਤੀ ਗਈ। ਇਸੇ ਸਭ ਕੁਝ ਨੇ ਨਾ ਸਿਰਫ਼ ਛੋਟੀਆਂ ਜਾਤੀਆਂ ਸਗੋਂ ਉੱਚ ਵਰਗਾਂ ਵਿਚ ਵੀ ਪਤਨ ਲਿਆਂਦਾ ਅਤੇ ਪੰਡਤ ਨਹਿਰੂ ਦੇ ਸ਼ਬਦਾਂ ਵਿਚ 'ਇਕ ਨਾਅਹਿਲਤਾ ਨੂੰ ਜਨਮਿਆ' ਜੋ ਭਾਰਤੀ ਆਰਥਿਕਤਾ ਅਤੇ ਜੀਵਨ 'ਚ ਇਕ ਹਾਣੀ ਲੱਛਣ ਬਣ ਗਿਆ।'' ਵੱਡੇ ਪੱਧਰ 'ਤੇ ਇੱਕਜੁਟਤਾ ਅਤੇ ਸ਼ਾਸਨ ਦੀ ਸਰਪ੍ਰਸਤੀ ਮਿਲਣ 'ਤੇ ਸ਼ਾਇਦ ਮੁਸਲਿਮ ਜਿੱਤ ਨਾ ਹੁੰਦੀ। ਇਸ ਲਈ ਹਕੀਕਤ ਇਹ ਸੀ ਕਿ ਲੰਮੇ ਸਮੇਂ ਤੋਂ ਭਾਰਤੀ ਸਮਾਜ ਮਰਨ ਕਿਨਾਰੇ ਸੀ ਅਤੇ ਸਾਮੰਤਸ਼ਾਹੀ ਪ੍ਰਬੰਧ ਅਜੋਕੇ ਸਮੇਂ ਤੱਕ ਰਾਹ ਦਾ ਰੋੜਾ ਬਣਿਆ ਰਿਹਾ ਅਤੇ ਉਤਸ਼ਾਹ 'ਤੇ ਆਵਿਸ਼ਕਰਤਾ ਦੀ ਭਾਵਨਾ, ਜਿਸ ਨੇ ਪੱਛਮ ਵਿਚ ਉਦਯੋਗਿਕ ਕ੍ਰਾਂਤੀ ਲਿਆਂਦੀ, ਦੀ ਭਾਰਤ ਵਿਚ ਘਾਟ ਸੀ, ਇਹ ਕਿਸੇ ਲਈ ਹੈਰਾਨੀਜਨਕ ਨਹੀਂ ਹੋਣਾ ਚਾਹੀਦਾ।

ਪਹਿਲੋਂ ਦੇ ਸੁਧਾਰਕਾਂ ਦੇ ਅਸਫਲ ਹੋਣ ਦਾ ਕਾਰਨ ਸ਼ਾਇਦ ਇਹ ਸੀ ਕਿ ਉਹਨਾਂ ਨੇ ਪ੍ਰਚੱਲਿਤ ਹਿੰਦੂ ਵਿਚਾਰਕ ਢਾਂਚੇ 'ਤੇ ਸਿੱਧਾ ਹਮਲੇ ਕੀਤੇ। ਸਮਾਜ ਅਜੇ ਸੁਧਾਰਕ ਲਹਿਰਾਂ ਵੱਲੋਂ ਪ੍ਰਚਾਰੀਆਂ ਨਵੀਂ ਕਦਰਾਂ ਕੀਮਤਾਂ ਨੂੰ ਵਡਿਆਉਣ ਜਾਂ ਅਪਣਾਉਣ ਯੋਗ ਨਹੀਂ ਹੋਇਆ ਸੀ। ਭਾਵੇਂ ਜਾਤ ਦੀ ਧਾਰਨਾ

(ਬਾਕੀ ਅਗਲੇ ਸਫੇ 'ਤੇ)

Postal Address of Desh Doaba : 5101 Doe Hollow Pl, Antelope, CA. 95843
The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਜਾਤਪਾਤ ਦੀ ਉਤਪਤੀ, ਸਮੱਸਿਆਵਾਂ ਅਤੇ ਹੱਲ

ਅਤੇ ਪ੍ਰਚੱਲਣ ਅਮੀਰਾਨਾ ਸੋਚ 'ਤੇ ਆਧਾਰਿਤ ਸੀ ਅਤੇ ਲੋਕਤੰਤਰਿਕ ਧਾਰਨਾਵਾਂ ਦੇ ਵਿਰੁੱਧ ਸੀ, ਇਸ ਨੇ ਉਸ ਸਮੇਂ ਦੇ ਸਮਾਜ ਦੇ ਮਾਨਸਿਕ ਸੰਤੁਲਨ ਨੂੰ ਗਤੀਹੀਣਤਾ ਪ੍ਰਦਾਨ ਕੀਤੀ। ਜਾਤੀ ਪ੍ਰਥਾ ਦੀਆਂ ਹੱਦਾਂ ਦੇ ਅੰਦਰ-ਅੰਦਰ ਲੋਕ ਘੁੰਮਣ ਫਿਰਨ ਲਈ ਆਜ਼ਾਦ ਸਨ ਅਤੇ ਜਿਵੇਂ ਉਹ ਚਾਹੁਣ ਕਰ ਸਕਦੇ ਸਨ ਪਰ ਅਜਿਹੀ ਆਜ਼ਾਦੀ ਕੁਦਰਤੀ ਤੌਰ 'ਤੇ ਬਹੁਤ ਨਾਕਾਫ਼ੀ ਸੀ। ਇਸ ਵਿਵਸਥਾ ਦੇ ਅਧੀਨ ਹੀ ਭਾਰਤੀ ਪਿੰਡਾਂ ਦੀ ਸਵੈ-ਨਿਰਭਰ ਆਰਥਿਕਤਾ ਵਧੀ ਫੁੱਲੀ ਅਤੇ ਕ੍ਰਾਂਤੀਆਂ ਦੇ ਹਮਲਿਆਂ, ਨਿਯਮ ਭੰਗਾਂ, ਅੰਦਰੂਨੀ ਯੁੱਧਾਂ ਅਤੇ ਝਗੜਿਆਂ ਦੀ ਲੁੱਟਮਾਰ ਦੇ ਵਿਰੁੱਧ ਖੜ੍ਹੀ ਰਹੀ। ਪਿੰਡ ਜਾਇਦਾਦ ਨੂੰ ਇਕ ਹੱਥ ਤੋਂ ਦੂਜੇ ਹੱਥ ਕਰ ਸਕਦਾ ਸੀ ਪਰ ਪਿੰਡ ਦੇ ਅੰਦਰੂਨੀ ਜੀਵਨ ਜਾਂ ਇਸਦੀ ਆਰਥਿਕਤਾ ਵਿਚ ਕੋਈ ਤਬਦੀਲੀ ਨਹੀਂ ਹੋਵੇਗੀ। ਪਿੰਡਾਂ ਦੀ ਬਹੁਗਿਣਤੀ ਨੂੰ ਬੇਗਾਰੀ ਅਤੇ ਗੁਲਾਮ ਰਹਿਣਾ ਹੁੰਦਾ ਸੀ, ਚਾਹੇ ਕੋਈ ਵੀ ਸ਼ਾਸਕ ਹੋਵੇ। ਰਾਜਨੀਤੀ ਦਾ ਉਹਨਾਂ ਨਾਲ ਕੋਈ ਸਬੰਧ ਨਹੀਂ ਸੀ। ਜੁਲਾਹਿਆਂ, ਤਰਖਾਣਾਂ, ਚਮੜਾ ਰੰਗਣ ਵਾਲਿਆਂ, ਨਾਈਆਂ, ਧੋਬੀਆਂ ਅਤੇ ਦੂਜੇ ਦਸਤਕਾਰਾਂ ਦੀ ਖੁਸ਼ਹਾਲੀ ਆਪਣੀ ਰੋਜ਼ਾਨਾ ਮੁਸ਼ੱਕਤ ਦੀ ਨਿਰਭਰਤਾ ਰਾਜਨੀਤਿਕ ਦ੍ਰਿਸ਼ ਦੀਆਂ ਬਦਲੀਆਂ ਹਾਲਤਾਂ ਤੋਂ ਬਿਨਾਂ ਪ੍ਰਭਾਵਿਤ ਹੋਏ ਸੀ।

ਇਸ ਸਥਿਰ ਸੰਤੁਲਨ ਨੂੰ ਬਰਤਾਨਵੀ ਰਾਜ ਦੀ ਸ਼ੁਰੂਆਤ ਨਾਲ ਸਖ਼ਤ ਧੱਕਾ ਲੱਗਾ। ਭਾਰਤੀ ਆਰਥਿਕਤਾ ਅਤੇ ਇਸਦੀ ਥੋੜ੍ਹੀ ਬਹੁਤੀ ਸਵੈ-ਨਿਰਭਰਤਾ ਦੇ ਲੱਛਣ ਨੂੰ ਉਦੋਂ ਮਾਰੂ ਸੱਟ ਵੱਜੀ ਜਦੋਂ ਮਸ਼ੀਨ ਨਾਲ ਬਣੀਆਂ ਜਾਂ ਮਿੱਲਾਂ ਵਿਚ ਬਣੀਆਂ ਵਸਤਾਂ ਨੂੰ ਹੱਥਾਂ ਦੀਆਂ ਬਣੀਆਂ ਵਸਤਾਂ ਨਾਲ ਮੁਕਾਬਲਾ ਕਰਨਾ ਸ਼ੁਰੂ ਕਰ ਦਿੱਤਾ। ਜਦੋਂ ਉਦਯੋਗੀਕਰਨ ਵਧਣਾ ਸ਼ੁਰੂ ਹੋਇਆ ਅਤੇ ਖੇਤ ਮਜ਼ਦੂਰਾਂ ਜਾਂ ਕਿਸਾਨੀ ਅਤੇ ਇੱਥੋਂ ਤੱਕ ਕਿ ਕਾਰੀਗਰਾਂ ਨੂੰ ਵੀ ਕੰਗਾਲ ਬਣਾ ਕੇ ਉਦਯੋਗਿਕ ਕੇਂਦਰ ਵੱਲ ਧੱਕਿਆ ਗਿਆ। ਸਾਮਰਾਜਵਾਦੀ ਸ਼ੋਸ਼ਣ ਦੇ ਤੌਰ-ਤਰੀਕਿਆਂ ਦਾ ਮੰਤਵ ਸੀ ਕਿ ਪਿੰਡਾਂ ਵਿਚ ਉਦਯੋਗਿਕ ਵਸਤਾਂ ਲਈ ਕੱਚੇ ਮਾਲ ਵਜੋਂ ਵਰਤੀਆਂ ਜਾਂਦੀਆਂ ਮੁਢਲੀਆਂ ਵਸਤਾਂ ਤੋਂ ਬਿਨਾਂ ਕੁਝ ਵੀ ਉਤਪੰਨ ਨਾ ਕੀਤਾ ਜਾਵੇ। ਉਦਯੋਗਿਕ ਜੀਵਨ ਦੀ ਸ਼ੁਰੂਆਤ ਅਤੇ ਉਦਯੋਗੀਕਰਨ ਦੇ ਪ੍ਰਭਾਵ ਕਾਰਨ ਸ਼ਹਿਰਾਂ ਵਿਚ ਜਾਤੀ ਪ੍ਰਥਾ ਦੀ ਕਠੋਰਤਾ ਘਟਾਉਣ ਵਿਚ ਮਦਦ ਮਿਲੀ ਪਰ ਪਿੰਡ ਹਿੰਦੂ ਵਿਵਸਥਾ ਦੀ ਵਿਚਾਰਧਾਰਾ ਦੇ ਸ਼ਰਧਾਲੂ ਅਤੇ ਸਨਾਤਨੀ (ਰੂੜ੍ਹੀਵਾਦੀ) ਰਹੇ।

ਇਸ ਸੰਦਰਭ ਵਿਚ ਜਦੋਂ ਅਸੀਂ ਹਿੰਦੂ ਵਿਵਸਥਾ ਦੀ ਵਿਚਾਰਧਾਰਾ ਜਾਂ ਹਿੰਦੂ ਵਿਚਾਰਧਾਰਾ ਦੇ ਢਾਂਚੇ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਹਰ ਹਾਲਤ ਵਿਚ ਇਹ ਯਾਦ ਰੱਖਣਾ ਹੋਵੇਗਾ ਕਿ ਹਿੰਦੂ ਵਿਚਾਰਕ ਢਾਂਚਾ ਆਪਣੇ ਆਪ ਵਿਚ ਇਕ ਬਹੁਤ ਵੱਡੀ ਗੁੰਝਲ ਹੈ। ਹਿੰਦੂ ਫਿਲਾਸਫ਼ੀ ਵੱਖੋ ਵੱਖ ਅਤੇ ਅਕਸਰ ਵਿਚਾਰਕ ਵਿਰੋਧਾਂ ਦਾ ਵੱਟਿਆ ਹੋਇਆ ਰੱਸਾ ਹੈ। ਮਨੁੱਖ ਤਾਵਾਦੀ ਅਤੇ ਲੋਕਤੰਤਰਿਕ ਤਰਕ ਭਰਪੂਰ ਕਥਨ ਹੈ ਕਿ ਆਦਮੀ ਹੀ ਸਭ ਕੁਝ ਦਾ ਮਾਪਦੰਡ ਹੈ ਅਤੇ ਸਾਰੇ ਮਨੁੱਖ ਆਜ਼ਾਦ ਅਤੇ ਬਰਾਬਰ ਪੈਦਾ ਹੋਏ ਹਨ। ਮਨੁੱਖੀ ਵਿਅਕਤੀਤਵ ਹੀ ਦੈਵੀ ਅਤੇ ਅਦੁੱਤੀ ਹੈ। ਮਿਸ਼ਰਿਤ ਹਿੰਦੂ ਵਿਚਾਰਕ-ਢਾਂਚੇ ਵਿਚ ਅਜਿਹੇ ਵਿਚਾਰਕ ਪ੍ਰਵਾਹ ਹੀ ਹਿੰਦੂਵਾਦ ਨੂੰ ਬਹੁਤ ਉਦਾਰ ਸਮਝੇ ਜਾਣ ਵਾਲੇ ਧਰਮਾਂ 'ਚੋਂ ਹੋਣ ਦੇ ਦਾਅਵੇ ਨੂੰ ਸਿੱਧ ਕਰ ਸਕੇਗਾ। ਵੱਟੀ ਹੋਈ ਰੱਸੀ ਨੁਮਾ ਵੱਖਰੋ ਵੱਖਰਾ ਬਰਾਬਰ ਮਿਸ਼ਰਿਤ ਵਿਚਾਰਕ ਢਾਂਚਾ ਕੱਟੜ ਰੂੜ੍ਹੀਵਾਦੀ ਸਨਾਤਨ ਧਰਮੀਆਂ ਲਈ ਉਤਸ਼ਾਹ ਅਤੇ ਸਹਾਇਤਾ ਪ੍ਰਦਾਨ ਕਰਦਾ ਹੈ, ਜਿਹੜੇ ਪੱਕੇ ਤੌਰ 'ਤੇ ਵਿਸ਼ਵਾਸ ਰੱਖਦੇ ਹਨ ਕਿ ਚਤੁਰਵਰਨ ਰੱਬੀ ਪ੍ਰਬੰਧ ਹੈ। ਹਿੰਦੂਵਾਦ ਇਕ ਮੱਤ ਜਾਂ ਧਰਮ ਨਹੀਂ ਹੈ। ਇਹ ਮੱਤਾਂ ਅਤੇ ਧਰਮਾਂ ਦਾ ਦੋਸਤਪਣ ਹੈ।

ਚਤਰਵਰਨ ਦਾ ਆਧਾਰ ਅਸਲੀ ਅਤੇ ਮੁੱਢਲੀ ਕ੍ਰਿਆਤਮਕ ਵਿਚਾਰਧਾਰਾ ਦੀ ਬਹੁਤ ਲੰਮੀ ਉਮਰ ਕਹਾਣੀ ਹੈ। ਅਜੇ ਵੀ ਇਸ ਦਾ ਜਨ ਸਮੂਹ ਦੇ ਮਨਾਂ ਤੇ ਬਹੁਤ ਤਕੜਾ ਸ਼ਿਕੰਜਾ ਹੈ। ਪਰ ਆਧੁਨਿਕ ਜੀਵਨ ਦੇ ਹਾਲਾਤਾਂ ਦੇ ਪ੍ਰਭਾਵ ਸਦਕੇ ਇਹ ਹੌਲੀ ਹੌਲੀ ਆਪਣੇ ਪ੍ਰਭਾਵ ਘਟਾ ਰਹੀ ਹੈ। ਇਸ ਬਾਰੇ ਕੋਈ ਦੋ ਰਾਵਾਂ ਨਹੀਂ ਕਿ ਨਾ ਤਾਂ ਲੋਕਤੰਤਰ ਵਿਚਾਰ-ਧਾਰਾ ਅਤੇ ਵਿਸ਼ਵਾਸ ਅਤੇ ਨਾ ਹੀ ਭਾਰਤ ਦੀਆਂ ਸਮਾਜਿਕ ਆਰਥਿਕ ਲੋੜਾਂ ਦੇ ਸਬੰਧ ਵਿਚ ਇਸ (ਜਾਤੀਵਾਦੀ) ਵਿਚਾਰਧ-ਾਰਾ ਨੇ ਕਿਸੇ ਵੀ ਨਿਆਂਪੂਰਨ ਕਦਮ ਉਠਾਉਣਾ ਬੰਦ ਰੱਖੀ ਰੱਖਿਆ ਹੈ। ਸਮਾਜ ਦਾ ਵਿਚਾਰਵਾਨ ਵਰਗ ਇੱਕਮਤ ਹੋ ਰਿਹਾ ਹੈ, ਬੀਤੇ ਜ਼ਮਾਨੇ ਦੀ ਇਸ ਘੁੱਟ ਕੇ ਫੜੀ ਲਾਸ਼ ਨੂੰ ਜਿੰਨੀ ਜਲਦੀ ਚੰਗੀ ਤਰ੍ਹਾਂ ਦਫ਼ਨਾਇਆ ਜਾਵੇ, ਉਨਾ ਹੀ ਭਾਰਤੀ ਸਮਾਜ ਲਈ ਬਿਹਤਰ ਰਹੇਗਾ।

ਭਾਵੇਂ ਇਸ ਦੇ ਖ਼ਾਤਮੇ ਲਈ ਇਕ ਸਹਿਮਤੀ ਹੈ ਪਰ ਸਾਧਨਾਂ ਦੀ ਵਰਤੋਂ ਸਬੰਧੀ ਇਕ ਵਿਚਾਰਨਯੋਗ ਅਸਹਿ-ਮਤੀ ਹੈ। ਅਜਿਹੇ ਸਿਧਾਂਤਕ ਲੋਕਤੰਤਰਵਾਦੀ ਅਤੇ ਉਤਸ਼ਾਹੀ ਦੇਸ਼ ਭਗਤ ਹਨ, ਜੋ ਜਾਤ ਦੀ ਵਰਤੋਂ ਕਰਨੀ ਬੰਦ ਕਰ ਦੇਣਾ ਪਸੰਦ ਕਰਨਗੇ। ਉਹ ਇਸ ਖਿਆਲ ਦੇ ਹਨ ਕਿ ਜੇ ਲੋਕ ਜਾਤ ਦੀ ਗੱਲ ਹੀ ਨਾ ਕਰਨ, ਜੇ ਉਹ ਮਨੋਵਿਗਿਆਨਕ ਘੁਰਨਿਆਂ ਤੋਂ ਬਾਹਰ ਆ ਕੇ ਖੁੱਲ੍ਹੇ ਵਾਤਾਵਰਣ ਵਿਚ ਸਾਹ ਲੈਣ ਜਿੱਥੇ ਮਨੁੱਖ ਮਾਤਰ ਨੂੰ ਉਸ ਦੀ ਆਪਣੀ ਗੁਣਾਂ 'ਤੇ ਆਧਾਰਿਤ ਯੋਗਤਾ ਤੇ ਤੋਲਿਆ ਜਾਵੇ ਨਾ ਕਿ ਜਾਤ ਦੇ ਆਧਾਰ 'ਤੇ, ਇਸ ਤਰ੍ਹਾਂ ਜਾਤ ਪਾਤ ਅਤੇ ਛੂਆ ਛਾਤ ਦੀ ਸਮੱਸਿਆ ਖਤਮ ਹੋ ਜਾਵੇਗੀ।

ਇਸ ਤੋਂ ਬਾਅਦ ਉਹ ਲੋਕ ਹਨ ਜੋ ਕੌਮੀ ਅਖੰਡਤਾ ਨੂੰ ਵੱਧ ਮਹੱਤਤਾ ਦਿੰਦੇ ਹਨ ਅਤੇ ਸ਼ਖਸੀਅਤ ਨੂੰ ਘੱਟ ਮਹੱਤਤਾ ਦਿੰਦੇ ਹਨ ਜੋ ਇਸ (ਕੌਮੀ ਅਖੰਡਤਾ) ਨੂੰ ਸਮੂਹਿਕ ਤੌਰ ਤੇ ਸਿਰਜਦੇ ਹਨ। ਉਹ ਸੋਚਦੇ ਹਨ ਕਿ ਸੁਧਾਰਮਈ ਪੈਮਾਨਿਆਂ ਦਾ ਆਧਾਰ ਜਾਤ ਰੱਖਣ ਨਾਲ ਅਸੀਂ ਉਸ ਅਦਾਰੇ ਵਿਚ ਸਵਾਰਥੀ ਹਿਤ ਪੈਦਾ ਕਰ ਰਹੇ ਹਾਂ, ਜਿਸ ਅਦਾਰੇ ਖਿਲਾਫ ਅਸੀਂ ਲੜਨ ਦਾ ਦਾਅਵਾ ਕਰਦੇ ਹਾਂ ਅਤੇ ਇਸ ਤਰ੍ਹਾਂ ਅਣਜਾਣਪੁਣੇ ਵਿਚ ਅਸੀਂ ਜਾਤ ਪਾਤ ਨੂੰ ਇਕ ਨਵਾਂ ਜੀਵਨ ਦਿੰਦੇ ਹਾਂ। ਉਹ ਸੁਧਾਰਮਈ ਪੈਮਾਨੇ ਲਈ ਪਿਛੜੇਪਣ ਦਾ ਪੈਮਾਨਾ ਸਮਾਜਿਕ ਜਾਂ ਆਰਥਿਕ ਰੱਖਣ ਦੇ ਹਾਮੀ ਹਨ ਨਾ ਕਿ ਜਾਤ ਰੱਖਣ ਦੇ ਹਮਾਇਤੀ ਹਨ।

ਇਸ ਤੋਂ ਇਲਾਵਾ ਦੂਸਰੇ ਉਹ ਹਨ ਜੋ ਸਮਝਦੇ ਹਨ ਕਿ ਸਮੱਸਿਆ ਵੱਡੇ ਅਤੇ ਮੁੱਖ ਤੌਰ 'ਤੇ ਆਰਥਿਕ ਹੈ ਅਤੇ ਇਸ ਦੇ ਸਮਾਜਿਕ, ਸਭਿਆਚਾਰਕ ਅਤੇ ਦੂਸਰੇ ਪਹਿਲੂ ਆਪਣਾ ਖਿਆਲ ਆਪ ਕਰ ਲੈਣਗੇ ਤਾਂ ਜੋ ਆਰਥਿਕ ਸਮੱਸਿਆ ਨੂੰ ਠੀਕ ਤਰ੍ਹਾਂ ਸੁਲਝਾਇਆ ਜਾਵੇ। ਉਹ ਸੋਚਦੇ ਹਨ ਕਿ ਇਹ ਸਿਰਫ਼ ਸੁਧਾਰਮਈ ਤਰੀਕਾ ਹੀ ਹੈ ਕਿ ਜਾਤੀ ਪ੍ਰਥਾ ਦੀ ਤਾਕਤ ਅਤੇ ਇਕਮੁੱਠਤਾ ਨੂੰ ਕੌਮੀ ਏਕਤਾ ਅਤੇ ਸਮੁੱਚੇ ਕਿ ਇਹ ਸਿਰਫ਼ ਸੁਧਾਰਮਈ ਤਰੀਕਾ ਹੀ ਹੈ ਕਿ ਜਾਤੀ ਪ੍ਰਥਾ ਦੀ ਤਾਕਤ ਅਤੇ ਇਕਮੁੱਠਤਾ ਨੂੰ ਕੌਮੀ ਏਕਤਾ ਅਤੇ ਸਮੁੱਚੇ ਤੌਰ 'ਤੇ ਸਾਂਝੇ ਉੱਦਮਾਂ ਵਿਚ ਬਦਲਿਆ ਜਾਵੇ। ਅਜਿਹੇ ਵਿਚਾਰਾਂ ਵਾਲੇ ਵਿਅਕਤੀ ਖਾਸ ਸੁਰੱਖਿਆਵਾਂ ਜਿਵੇਂ ਕਿ ਰਾਖਵਾਂਕਰਨ ਜਾਂ ਛੋਟਾਂ ਦੇ ਖਿਲਾਫ ਹਨ, ਕਿਉਂਕਿ ਉਹ ਸਮਝਦੇ ਹਨ ਕਿ ਰਾਖਵਾਂਕਰਨ ਅਤੇ ਛੋਟਾ ਜਾਤੀਵਾਦੀ ਸੋਚ ਅਤੇ ਜਾਤੀ ਪ੍ਰਤੀ ਵਫ਼ਾਦਾਰੀ ਨੂੰ ਪੀਡਿਆਂ ਕਰਨਗੀਆਂ ਅਤੇ ਵਡੇਰੀਆਂ ਵਫ਼ਾਦਾਰੀਆਂ ਅਤੇ ਵਡੇਰੀ ਸਮਾਜਿਕ ਇਕਮੁੱਠਤਾ ਦੀ ਪ੍ਰਗਤੀ ਨੂੰ ਧੀਮੀ ਕਰਨਗੀਆਂ। ਅਜਿਹੇ ਨੇਕਨੀਅਤ ਵਾਲੇ ਲੋਕ ਅਣਜਾਣਪੁਣੇ ਵਿਚ ਆਪਣੇ ਆਪ ਨੂੰ ਪੱਛੜੇ ਵਰਗਾਂ ਦੇ ਪਰਉਪਕਾਰੀ ਰਖਵਾਲੇ ਹੋਣ ਦੇ ਰੋਲ ਕਰਨ ਦਾ ਝੂਠਾ ਦਾਅਵਾ ਕਰਦੇ ਹਨ ਅਤੇ ਸਮਝਦੇ ਹਨ ਕਿ ਉਹਨਾਂ ਨੂੰ ਉਹਨਾਂ ਲੱਖਾਂ ਅੱਧ-ਡੁੱਬਿਆਂ ਲੋਕਾਂ ਪ੍ਰਤੀ ਨੈਤਿਕ ਕਰਜ਼ ਇਸ ਤਰ੍ਹਾਂ ਮੋੜਿਆ ਜਾਵੇ ਕਿ ਜੋ ਕੌਮ ਦੀ ਬਿਹਤਰੀ ਲਈ ਬਹੁਤ ਸਹਾਇਕ ਹੋ ਸਕੇ। ਮੈਨੂੰ ਡਰ ਹੈ ਕਿ ਅਜਿਹੀ ਸੋਚਣੀ ਅਤੇ ਅਜਿਹੀ ਮਨੋਬਿਰਤੀ ਜਾਂ ਤਾਂ ਅਸਲੀਅਤਾਂ ਤੋਂ ਅਣਜਾਣ ਹੋਣ ਦਾ ਪਹਾੜ ਜਿੱਡਾ ਵਿਸ਼ਵਾਸਘਾਤ ਹੈ ਜਾਂ ਉਹਨਾਂ ਤੋਂ ਮੂੰਹ ਲੁਕਾਉਣ ਦੀ ਭਾਵਨਾ ਹੈ।

ਜਾਤੀ ਪ੍ਰਥਾ ਜਾਨਲੇਵਾ ਅਤੇ ਗੈਰ ਮਨੁੱਖੀ ਸੰਸਥਾ ਹੈ, ਕਹਿਣਾ ਹੀ ਕੋਈ ਬੁੱਧੀਵਾਦੀ ਧਾਰਨਾ ਨਹੀਂ ਹੈ। ਅਜਿਹੇ ਵਿਚਾਰ ਹੀ ਰੱਖਣਾ ਕੋਈ ਬਹੁਤੀ ਮਹੱਤਤਾ ਦੀ ਗੱਲ ਨਹੀਂ ਹੈ। ਇਹ ਤਾਂ ਅਜਿਹੀਆਂ ਜਾਤਾਂ ਪ੍ਰਤੀ ਸਲੂਕ ਹੀ ਮਹੱਤਤਾ ਰੱਖਦਾ ਹੈ ਅਤੇ ਇੱਥੋਂ ਤੱਕ ਕਿ ਪੜ੍ਹੇ ਲਿਖੇ ਲੋਕਾਂ ਦਾ ਵਰਤੋਂ ਵਿਹਾਰ ਕੁਝ ਖਾਸ ਪੱਖਪਾਤਾਂ ਤੇ ਨਿਰਭਰ ਕਰਦਾ ਹੈ ਜੋ ਹਿੰਦੂ ਵਿਚਾਰਕ ਢਾਂਚੇ ਵਿਚ ਬਹੁਤ ਮਹੱਤਵਪੂਰਨ ਸਥਾਨ ਰੱਖਦੇ ਹਨ। ਸਰੀਰਕ ਮਿਹਨਤ ਦੇ ਪੇਸ਼ੇਵਰਾਂ ਨੂੰ ਮੁਢਲੇ ਪੱਖਪਾਤ ਅਨੁਸਾਰ ਘਿਰਣਾ ਨਾਲ ਦੇਖਿਆ ਜਾਂਦਾ ਹੈ ਅਤੇ ਅਜਿਹੀ ਮਜ਼ਦੂਰੀ ਨਾਲ ਸਬੰਧਤ ਲੋਕਾਂ ਨੂੰ ਹੇਠੀ ਨਾਲ ਵੇਖਣਾ ਅਜੇ ਵੀ ਮੌਜੂਦ ਹੈ। ਸਮਾਜਿਕ ਮਾਣ ਅਜੇ ਵੀ ਉਸ ਵਿਅਕਤੀ ਨੂੰ ਮਿਲਦਾ ਹੈ ਜੋ ਆਪਣੇ ਹੱਥਾਂ ਨਾਲ ਕੰਮ ਨਹੀਂ ਕਰਦਾ।

ਉੱਚ ਜਾਤੀ ਬੁੱਧੀਮਾਨਾਂ ਦੇ ਵਰਤੋਂ ਵਿਹਾਰ ਵਿਚ ਵਿਰਸੇ ਵਿਚ ਮਿਲੀਆਂ ਆਦਤਾਂ ਅਤੇ ਸਜਾਤੀ ਵਿਆਹ ਦੇ ਵਿਚਾਰ ਅਤੇ ਜਾਤੀ ਪ੍ਰਥਾ ਦਾ ਤਾਣਾ ਬਾਣਾ ਬਹੁਤਾ ਕਰਕੇ ਫੈਸਲਾਕੁੰਨ ਹੁੰਦਾ ਹੈ, ਚਾਹੇ ਉਹਨਾਂ ਦੀਆਂ ਆਪਣੀਆਂ ਧਾਰਨਾਵਾਂ ਹੀ ਕਿਉਂ ਨਾ ਹੋਣ। ਇਹ ਪੱਖਪਾਤ ਸਮਾਜਿਕ ਢਾਂਚੇ ਦਾ ਹਿੱਸਾ ਹਨ (ਇਹ ਪੱਖਪਾਤ) ਸਾਡੇ ਜਿਸਮ ਦੇ ਧੁਰ ਅੰਦਰ ਘਰ ਕਰ ਚੁੱਕੇ ਹਨ। ਇਹੀ ਵਜ੍ਹਾ ਹੈ ਕਿ ਅਸੀਂ ਕਿੱਤੇ ਅਤੇ ਵਰਤੋਂ ਵਿਹਾਰ ਵਿਚ ਇਹ ਸਪਸ਼ਟ ਭੇਦਭਾਵ ਦੇਖਦੇ ਹਾਂ। ਇਹੋ ਕਾਰਨ ਹੈ ਕਿ ਸਾਨੂੰ ਅਖੌਤੀ ਬੁੱਧੀਮਾਨਾਂ ਵਿਚ ਬਹੁਤੇ ਆਜ਼ਾਦ ਖਿਆਲੀ ਵਿਅਕਤੀ ਨਹੀਂ ਮਿਲਦੇ।

ਦੰਭਪਰਣ ਵਿਸ਼ਵਾਸਾਂ ਅਤੇ ਪ੍ਰਚੱਲਿਤ ਵਰਤੋਂ ਵਿਹਾਰਾਂ ਵਿਚਕਾਰ ਅੰਤਰ ਨੂੰ ਕਿਵੇਂ ਕਾਬੂ ਕੀਤਾ ਜਾਵੇ? ਪੱਛੜੇ ਵਰਗਾਂ ਨੂੰ ਕਿਵੇਂ ਯਕੀਨ ਦਿਵਾਇਆ ਜਾਵੇ ਕਿ ਜੇ ਉਹਨਾਂ ਰਿਜ਼ਰਵੇਸ਼ਨ ਹੈ ਤਾਂ ਉਹਨਾਂ ਦੇ ਹਿੱਤ ਉੱਚ ਜਾਤੀਆਂ ਦੇ ਨੇਕ-ਨੀਅਤ ਬੁੱਧੀਮਾਨਾਂ ਦੇ ਹੱਥਾਂ ਵਿਚ ਸੁਰੱਖਿਅਤ ਰਹਿਣਗੇ? ਉੱਚ ਜਾਤੀ ਲੋਕ ਅੱਛੇ ਇਰਾਦਿਆਂ ਅਤੇ ਬੁੱਧੀਵਾਦੀ ਵਿਸ਼ਵਾਸਾਂ ਦੇ ਬਾਵਜੂਦ ਅਜੇ ਇਰਾਦਿਆਂ ਅਤੇ ਬੁੱਧੀਵਾਦੀ ਵਿਸ਼ਵਾਸਾਂ ਦੇ ਬਾਵਜੂਦ ਅਜੇ ਜਾਤੀਵਾਦੀ ਪੱਖਪਾਤਾਂ ਅਤੇ ਵਰਤੋਂ ਵਿਹਾਰਾਂ ਤੋਂ ਉਪਰ ਉੱਠਣ ਦੇ ਯੋਗ ਨਹੀਂ ਹੋਏ। ਇਹੀ ਇਕ ਨਿਰਣਾਇਕ ਸਮੱਸਿਆ ਹੈ ਜੋ ਇਮਾਨਦਾਰੀ ਅਤੇ ਗੰਭੀਰਤਾ ਨਾਲ ਵਿਚਾਰੀ ਜਾਣੀ ਚਾਹੀਦੀ ਹੈ।

ਇਹ ਸਮੱਸਿਆ ਆਪਣੇ ਆਪ ਵਿਚ ਜਾਤੀਵਾਦ ਅਤੇ ਛੂਆਛਾਤ ਨੂੰ ਜੜ੍ਹੋਂ ਪੁੱਟਣ ਲਈ ਨਾਂਹ ਪੱਖੀ ਸਮੱਸਿਆ ਵਜੋਂ ਮੇਰੇ ਲਈ ਘਬਰਾਉਣ ਯੋਗ ਨਹੀਂ। ਨਿੱਜੀ ਤੌਰ 'ਤੇ ਮੈਂ ਸਮੱਸਿਆ ਨੂੰ ਸਾਡੇ ਲੋਕਾਂ (ਭਾਰਤੀਆਂ) ਦੇ ਸੋਚਣ ਢੰਗ ਨੂੰ ਬਦਲਣ ਅਤੇ ਚਿਰੋਂ ਪੁਰਾਣੀ ਹਿੰਦੂ ਵਿਚਾਰਧਾਰਾ ਦੀ ਬਣਤਰ ਅਤੇ ਚਿਰੋਂ ਪੁਰਾਣੀ ਹਿੰਦੂ ਵਿਚਾਰਧਾਰਾ ਦੀ ਬਣਤਰ ਅਤੇ ਤਾਣੇ ਬਾਣੇ ਵਿਚ ਤਬਦੀਲੀ ਲਿਆਉਣ ਦਾ ਪੱਖੀ ਹਾਂ। ਸਮੱਸਿਆ ਪੁਨਰ ਜਾਗਰਣ ਦੀ ਪ੍ਰਕਿਰਿਆ ਨੂੰ ਸੰਪੂਰਨ ਕਰਨ ਦੀ ਹੈ ਅਤੇ ਸਮਾਜ ਸੁਧਾਰ ਜੋ ਬਹੁਤ ਸਾਰੇ ਮਹਾਨ ਸੰਤਾਂ ਨੇ ਸ਼ੁਰੂ ਕੀਤਾ ਅਤੇ ਜੋ ਕਦੀ ਵੀ ਪੂਰੀ ਤਰ੍ਹਾਂ ਨਾ ਹੋਇਆ, ਨੂੰ ਸੰਪੂਰਨ ਕਰਨ ਦੀ। ਹਰ ਇਕ ਨੂੰ ਯੂਰਪ ਦੀ ਤਰੱਕੀ ਦੀ ਅਵਸਥਾ ਦਾ ਪਤਾ ਹੋਵੇਗਾ, ਜਿਸ ਨੂੰ ਪੁਨਰ ਜਾਗਰਣ ਕਿਹਾ ਗਿਆ। ਇਸ ਨੇ ਲੋਕਾਂ ਦੇ ਬੁੱਧੀਵਾਦੀ ਅਤੇ ਨੈਤਿਕ ਮਨੋਬਿਰਤੀ ਵਿਚ ਹੀ ਤਬਦੀਲੀ ਨਹੀਂ ਲਿਆਂਦੀ ਸਗੋਂ ਇਸ ਨੇ ਨਵਾਂ ਸਮਾਜਿਕ ਅਤੇ ਆਰਥਿਕ ਆਧਾਰ ਵੀ ਦਿੱਤਾ ਜੋ ਇਹਨਾਂ ਨਵੇਂ ਵਿਚਾਰਾਂ ਨੂੰ ਚਿਰਸਥਾਈ ਕਰ ਸਕਦੇ ਸਨ। ਇਸ ਦੇ ਪ੍ਰਭਾਵ ਅਤੇ ਉਤਸ਼ਾਹ ਸਦਕੇ ਯੂਰਪੀਨ ਕੌਮਾਂ ਮਹੱਤਵਪੂਰਨ ਕਦਮ ਉਠਾਉਣ ਦੀ ਨਵੀਂ ਸਥਿਤੀ 'ਚ ਹੋਈਆਂ। ਪੁਨਰ ਜਾਗਰਣ ਨੇ ਰਚਨਾਤਮਕ ਸਰਗਰਮੀਆਂ ਨੂੰ ਬਹੁਤ ਤੇਜ਼ੀ ਬਖਸ਼ੀ ਨਾ ਕਿ ਬੁੱਧੀਵਾਦੀ ਹਲਕਿਆਂ ਵਿਚ ਹੀ ਸਗੋਂ ਹੋਰਨਾਂ ਹਲਕਿਆਂ ਵਿਚ ਵੀ।

ਇਹ ਸਭ ਕੁਝ ਕਿਵੇਂ ਵਾਪਰਿਆ? ਇਸ (ਪੁਨਰ ਜਾਗਰਣ) ਨੇ ਆਦਮੀ ਨੂੰ ਧਰਮ ਸ਼ਾਸ਼ਤਰਾਂ ਦੀ ਗੁਲਾਮੀ ਤੋਂ ਆਜ਼ਾਦ ਕੀਤਾ ਅਤੇ ਆਦਮੀ ਨੂੰ ਸੰਤਤਾਈ ਦੀ ਸਪਸ਼ਟ ਪ੍ਰਵਾਨਗੀ ਵੱਲ ਵਧਾਇਆ। ਆਦਮੀ ਦੇ ਆਪਣੇ ਗੁਣਾਂ ਦੇ ਆਧਾਰ 'ਤੇ ਆਦਮੀ ਅਤੇ ਉਸਦੇ ਜੀਵਨ ਦੀ ਮਹੱਤਤਾ ਦਾ ਨਵਾਂ ਸਿਧਾਂਤ ਹੀ ਸੀ ਜੋ ਸੱਚਮੁੱਚ ਇਕ ਚਮਤਕਾਰ ਹੋ ਨਿੱਬੜਿਆ। ਨਾਲ ਦੀ ਨਾਲ ਇਸ ਨੇ ਪਿਛੋਕੜ ਨਾਲੋਂ ਨਾਤਾ ਨਾ ਤੋੜਿਆ। ਇਸ ਨੇ ਮੱਧਯੁੱਗੀ ਵਿਚਾਰਾਂ ਵਿਚਲੀ ਮੌਲਿਕਤਾ ਨੂੰ ਉਭਾਰਿਆ ਅਤੇ ਧਾਰਮਿਕ ਆਜ਼ਾਦੀ ਤੋਂ ਬਾਅਦ ਆਦਮੀ ਦੇ ਤਾਜ਼ੇ ਉੱਦਮਾਂ ਨਾਲ ਇਤਿਹਾਸ ਦੀ ਰਵਾਨਗੀ ਨੂੰ ਤੇਜ਼ੀ ਬਖਸ਼ੀ ਅਤੇ ਮਨੁੱਖੀ ਸੁਭਾਅ ਦੀ ਪਛਾਣ ਨੂੰ ਨਿਖਾਰਿਆ। ਇਸ ਨੇ ਮੱਧਯੁੱਗੀ ਕੱਟੜਤਾ ਦੀਆਂ ਠੋਸੀਆਂ ਤੰਗਦਿਲੀ ਰੁਕਾਵਟਾਂ ਨੂੰ ਚਰਮਰਾ ਦਿੱਤਾ। ਧਾਰਮਿਕ ਅੱਤਿਆਚਾਰਾਂ ਅਤੇ ਰਾਜਨੀਤਿਕ ਕੱਟੜਤਾ ਦੀ ਲੰਮੀ ਗੁਲਾਮੀ ਤੋਂ ਬਾਅਦ ਮਨੁੱਖੀ ਮਨ ਲਈ ਆਜ਼ਾਦੀ ਦੀ ਇਸ ਪੁਨਰ ਪ੍ਰਾਪਤੀ ਨੇ ਅਜੋਕੀਆਂ ਸਿਵਲ ਸਰਕਾਰਾਂ ਦੇ ਉਭਾਰ ਲਈ ਰਸਤਾ ਸਾਫ ਕੀਤਾ। ਨਾਂ ਸਿਰਫ਼ ਆਰਥਿਕ ਜੀਵਨ ਅਤੇ ਵਿਚਾਰਕ ਢਾਂਚੇ ਹੀ ਸਗੋਂ ਧਾਰਮਿਕ ਵਿਸ਼ਵਾਸ਼ ਵੀ ਪ੍ਰਭਾਵਿਤ ਹੋਏ ਅਤੇ ਧਰਮ ਆਪ ਵੀ ਇਸ ਮਹਾਨ ਤਬਦੀਲੀ ਦੀ ਮਾਰ ਹੇਠ ਆ ਗਿਆ। ਬਦਕਿਸਮਤੀ ਨਾਲ ਭਾਰਤ ਵਿਚ ਇਹ ਲਹਿਰ ਕਦੇ ਵੀ ਪੂਰੀ ਰਫ਼ਤਾਰ ਨਾਲ ਨਹੀਂ ਚੱਲੀ। ਬੁੱਧ ਇਸ ਕਰਕੇ ਅਸਫਲ ਰਹੇ ਕਿਉਂਕਿ ਉਹ ਆਪਣੇ ਸਮੇਂ ਤੋਂ ਬਹੁਤ ਜ਼ਿਆਦਾ ਅਗਾਂਹ ਦੇ ਸੁਧਾਰਕ ਸਨ। ਦੂਸਰੇ ਸੰਤਾਂ ਵੱਲੋਂ ਕੀਤੇ ਸੁਧਾਰਾਂ ਦੇ ਅਸਫਲ ਹੋਣ ਦਾ ਕਾਰਨ ਸੀ ਕਿ ਉਹਨਾਂ ਦੇ ਪੈਰੋਕਾਰ ਖਿੱਲਰ ਗਏ ਅਤੇ ਸੁਧਾਰਾਂ ਦਾ ਸਿੱਟਾ ਜਾਤ ਨੂੰ ਮਿਟਾਉਣ ਦੀ ਬਜਾਏ ਉਹਨਾਂ ਸੰਤਾਂ ਦੇ ਪੈਰੋਕਾਰਾਂ ਦੀ ਨਵੀਂ ਜਾਤ ਬਣਨ ਵਿਚ ਨਿਕ-ਲਿਆ। ਇਸ ਤਰ੍ਹਾਂ ਵੱਖਰੇ ਮਨੁੱਖੀ ਵਿਅਕਤੀਤਵ ਲਈ ਵੱਡੇ ਪੱਧਰ 'ਤੇ ਪ੍ਰਵਾਨਗੀ ਅਤੇ ਸਤਿਕਾਰ ਪ੍ਰਾਪਤ ਕਰਨ ਦਾ, ਇਹਨਾਂ ਸੁਧਾਰਾਂ ਪਿੱਛੇ ਛੁਪਿਆ ਪੂਰਾ ਸੁਪਨਾ ਹੀ ਅਸਫਲ ਹੋ ਗਿਆ।

ਪੁਰਾਣੀ ਵਿਵਸਥਾ ਨੂੰ ਸਭ ਤੋਂ ਅਖੀਰ 'ਚ ਅਤੇ ਸਭ ਤੋਂ ਵੱਧ ਸ਼ਕਤੀਸ਼ਾਲੀ ਸੱਟ ਮਹਾਤਮਾ ਗਾਂਧੀ ਨੇ ਮਾਰੀ। ਉਹ ਪਕਿਆਈ, ਲੜਾਕੇਪਣ, ਦ੍ਰਿੜ੍ਹਤਾ ਪਰ ਸਾਵਧਾਨੀ ਨਾਲ ਵਧੇ। ਉਹਨਾਂ ਭਾਰਤੀ ਸਮਾਜ ਦੀ ਚਤੁਰਵਰਨੀ ਵੰਡ ਦੇ ਪਿੱਛੇ ਮੁਢਲੀਆਂ ਪੂਰਵ ਧਾਰਨਾਵਾਂ ਨੂੰ ਵੰਗਾਰੇ ਬਿਨਾਂ ਸ਼ੁਰੂਆਤ ਕੀਤੀ ਅਤੇ ਫਿਰ ਵੀ ਵਿਵਸਥਾ ਦੇ ਆਧਾਰਾਂ ਨੂੰ ਵਿਚਾਰਨਯੋਗ ਹੱਦ ਤੱਕ ਹਿਲਾਉਣ ਵਿਚ ਸਫਲ ਹੋਏ। ਉਹਨਾਂ ਦੁਆਰਾ ਚਲਾਏ ਕੰਮ ਨੂੰ ਜਾਰੀ ਰੱਖਣਾ ਚਾਹੀਦਾ ਹੈ। ਇਹ ਅਮਲ 'ਚ ਲਿਆਉਣਯੋਗ ਹੈ ਕਿ ਆਦਮੀ ਦੀ ਜੀਵਨ ਯਾਤਰਾ ਦਾ ਅਸਲ ਮਨੋਰਥ ਆਜ਼ਾਦੀ ਹੈ। ਜੋ ਵੀ ਸ਼ੈਅ ਮਨੁੱਖੀ ਗੌਰਵ ਤੇ ਬੰਦਿਸ਼ ਲਾਉਂਦੀ ਜਾਂ ਜ਼ਖਮੀ ਕਰਦੀ ਹੈ, ਉਹ ਅਜ਼ਾਦੀ ਤੇ ਬੰਦਿਸ਼ ਲਾਉਂਦੀ ਹੈ। ਇਸਦਾ ਅਹਿਸਾਸ ਹੋਣਾ ਚਾਹੀਦਾ ਹੈ ਕਿ ਛੂਆਛਾਤ ਅਤੇ ਜਾਤ ਪਾਤ ਦੇ ਖ਼ਾਤਮੇ ਦਾ ਸਵਾਲ ਹੋਰ ਕੁਝ ਨਹੀਂ ਬੱਸ ਇਹ ਮਨੁੱਖੀ ਉਤਸ਼ਾਹ ਦੇ ਫੈਲਾਅ ਦੇ ਵਿਸ਼ੇ ਅਤੇ ਇਸ ਦੇ ਆਜ਼ਾਦੀ ਪ੍ਰਾਪਤੀ ਦਾ ਵਿਰੋਧੀ ਪੱਖ ਹੀ ਹੈ।

ਇਹ ਅਹਿਸਾਸ ਕਰਨਯੋਗ ਹੈ ਕਿ ਸ਼ਖ਼ਸੀ ਗੌਰਵ ਅਤੇ ਸੁਰੱਖਿਅਤਾ ਦਾ ਵਿਚਾਰ ਮੌਜੂਦਾ ਹਿੰਦੂ ਵਿਚਾਰਕ ਢਾਂਚੇ ਦੇ ਦਾਇਰੇ ਵਿਚ ਪੂਰੀ ਤਰ੍ਹਾਂ ਚੱਲਣਯੋਗ ਨਹੀਂ ਕਿਉਂਕਿ ਜਿੰਨੀ ਦੇਰ ਤੱਕ ਇਹ ਵਿਚਾਰਕ-ਢਾਂਚਾ ਕੰਮ ਕਰਦਾ ਰਹੇਗਾ, ਹਿੰਦੂਆਂ ਦੇ (ਸ਼ੂਦਰਾਂ ਪ੍ਰਤੀ) ਵਿਵਹਾਰ ਦਾ ਇਸ ਤੋਂ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੈ।

ਇਹ ਇਕ ਬਹੁਤ ਦਮਨਕਾਰੀ ਤਾਕਤ ਹੈ। ਭਾਵੇਂ ਇਹ ਅਤਿ ਸੂਖਮ ਹੈ ਪਰ ਇਹ ਹਿੰਦੂ ਨੂੰ ਵੱਸ ਵਿਚ ਕਰਕੇ ਇਸ ਦੇ ਸੰਪੂਰਨ ਹਾਮੀ ਬਣਨ ਦੇ ਹਾਲਾਤ ਬਣਾ ਦਿੰਦੀ ਹੈ। ਇਸ ਦੀ ਬੌਧਿਕ ਪਕੜ ਅਧੀਨ ਉਹ ਪ੍ਰਸਥਿਤੀਆਂ ਨੂੰ ਲਲਕਾਰ ਨਹੀਂ ਸਕਦਾ। ਉਹ ਇਸ (ਜਾਤੀ ਪ੍ਰਥਾ) ਨੂੰ ਪ੍ਰਵਾਨ ਕਰਦਾ ਹੈ ਅਤੇ ਸਭ ਤੋਂ ਵਧੀਆ ਖੂਬੀਆਂ ਅਤੇ ਮਨੁੱਖੀ ਮਹੱਤਵ ਅਤੇ ਵਿਸ਼ੇਸ਼ਾਧਿਕਾਰ ਆਜ਼ਾਦ ਹੋਣ ਤੋਂ ਵੀ ਹੱਥ ਧੋ ਬੈਠਦਾ ਹੈ। ਇਹ ਰਜ਼ਾਮੰਦੀ ਅਤੇ ਸਵੈ-ਇੱਛੁਤ ਗੁਲਾਮੀ ਦੀ ਭਾਵਨਾ ਹੀ ਪਹਿਲੀ ਰੁਕਾਵਟ ਹੈ ਜਿਸ ਨੂੰ ਇਕ ਸੁਧਾਰਕ ਲਹਿਰ ਵੱਲੋਂ ਨਜਿੱਠਣਾ ਹੋਵੇਗਾ। ਜਾਤ ਦੇ ਘੇਰੇ ਦੇ ਅੰਦਰ-ਅੰਦਰ ਸੁਰੱਖਿਅਤਾ ਅਤੇ ਮਾਨਤਾ ਲੱਭਣ ਦਾ ਅਹਿਸਾਸ ਬੇਵਸੀ ਦੀ ਭਾਵਨਾ ਤੋਂ ਪੈਦਾ ਹੁੰਦਾ ਹੈ, ਇਕ ਬੱਚੇ ਵੱਲੋਂ ਮਾਪਿਆਂ ਦੀ ਸਹਾਇਤਾ ਚਾਹੁਣ ਦੀ ਮਨੋਬਿਰਤੀ ਵਾਂਗ। ਇਸ ਵਿਵਸਥਾ (ਜਾਤੀ ਪ੍ਰਥਾ) ਦਾ ਅਸਰ ਇੰਨਾ ਘਾਤਕ ਅਤੇ ਸਰਵ-ਵਿਆਪਕ ਹੈ ਕਿ ਇਸ ਦੇਸ਼ ਦੀ ਆਬਾਦੀ ਦੀ ਬਹੁਗਿਣਤੀ, ਜੋ ਪੱਛੜੀਆਂ ਬਰਾਦਰੀਆਂ ਦਾ ਮਿਸ਼ਰਣ ਹੈ, ਉੱਚ ਜਾਤੀਆਂ ਦੇ ਰਸਮਾਂ ਅਤੇ ਤੌਰ ਤਰੀਕਿਆਂ ਦੀ ਨਕਲ ਕਰਨ ਬਾਰੇ ਜ਼ਿਆਦਾ ਸੋਚਦੇ ਹਨ ਅਤੇ ਬੰਧਨਾਂ ਤੋਂ ਮੁਕਤ ਹੋਣ ਬਾਰੇ ਘੱਟ। ਛੋਟੀਆਂ ਬਰਾਦਰੀਆਂ ਦੇ ਆਦਮੀਆਂ ਵੱਲੋਂ ਸਨਮਾਨਿਤ ਸਮਝੇ ਜਾਂਦੇ ਗੋਤਾਂ ਨੂੰ ਅਪਣਾਉਣ ਦੀਆਂ ਜਾਂ ਵਿਧਵਾਵਾਂ ਦੇ ਪੁਨਰ ਵਿਆਹ ਨੂੰ ਨਾ ਅਪਣਾਉਣ ਦੀਆਂ ਜਾਂ ਵਿਧਵਾਵਾਂ ਦੇ ਪੁਨਰ ਵਿਆਹ ਨੂੰ ਨਾ ਪਸੰਦ ਕਰਨ, ਕਿਉਂਕਿ ਇਹਨਾਂ ਸਾਰਿਆਂ ਨੂੰ ਸਮਾਜਿਕ ਉਨਤੀ ਦੇ ਚਿੰਨ੍ਹ ਸਮਝਿਆ ਜਾਂਦਾ ਹੈ, ਦੀਆਂ ਅਣਗਿਣਤ ਉਦਾਹਰਣਾਂ ਹਨ। ਜੋ ਅਛੂਤ ਆਪਣੀਆਂ ਬਰਾਦਰੀਆਂ ਵਿਚ ਹੀ ਇਕ ਹੈਰਾਨੀਜਨਕ ਹੱਦ ਤੱਕ ਛੂਆਛਾਤ ਕਰਦੇ ਹਨ, ਇਸ ਦੀ ਇਸ ਤੱਕ ਰਾਹੀਂ ਸਫਾਈ ਦਿੱਤੀ ਜਾ ਸਕਦੀ ਹੈ ਕਿ ਇਹ ਬ੍ਰਾਹਮਣਾਂ ਦੀ (ਛੂਆਛਾਤ ਕਰਨ ਦੀ ਆਦਤ ਦੀ) ਇਮਾਨਦਾਰਾਨਾ ਪਰ ਘਟੀਆ ਨਕਲ ਹੈ, ਉਹਨਾਂ ਬ੍ਰਾਹਮਣਾਂ ਦੀ ਜੋ ਬਹੁਤ ਛੋਟੀਆਂ ਅਤੇ ਆਜ਼ਾਦ ਉਪ-ਵੰਡਾਂ ਦੀ ਬਹੁਤ ਅਸਮਾਨ ਤੱਤਾਂ ਦੇ ਇਕੱਠ ਨੂੰ ਕਾਇਮ ਕਰਦੇ ਹਨ ਜਿਸ ਨੇ ਸਦਾ ਹੀ ਇਕ ਆਮ ਆਦਮੀ ਨੂੰ ਦੁੱਖ ਪਹੁੰਚਾਇਆ ਹੈ। ਸਮੱਸਿਆ ਦਾ ਮਹੱਤਵ ਸਪਸ਼ਟ ਹੋ ਜਾਂਦਾ ਹੈ ਜਦੋਂ ਇਕ ਵਾਰ ਇਹ ਅਹਿਸਾਸ ਹੋ ਜਾਵੇ ਕਿ ਭਾਰਤ ਦਾ ਰਾਸ਼ਟਰਵਾਦ ਅਜਿਹੀਆਂ ਅਜੀਬੋ ਗਰੀਬ ਸ਼ਕਤੀਸ਼ਾਲੀ ਸਮਾਜਿਕ ਸੰਸਥਾਵਾਂ ਦੇ ਰਸਮੋ ਰਿਵਾਜ਼ ਅਤੇ ਸਭਿਆਚਾਰਕ ਰਵਾਇਤਾਂ ਜਾਣੇ ਜਾਂਦੇ ਵਿਚੋਂ ਦੀ ਹੋ ਕੇ ਉੱਭਰਿਆ ਅਤੇ ਪ੍ਰਚੱਲਿਤ ਸਮਾਜਿਕ ਅਤੇ ਮਾਨਸਿਕ ਢਾਂਚਾ ਇਹਨਾਂ ਕਾਰਨਾਂ ਕਰਕੇ ਰਾਸ਼ਟਰਵਾਦ ਦੇ ਵਾਧੇ ਲਈ ਜਾਂ ਲੋਕਤੰਤਰ ਦੇ ਵਾਧੇ ਲਈ ਸੱਚੀ ਮੁੱਚੀ ਅਯੋਗ ਹੈ।

***(ਕਾਸਟ ਚੈਲੇਂਜ਼ ਇਨ ਇੰਡੀਆ ਵਿਚੋਂ)***

***(ਧੰਨਵਾਦ ਸਹਿਤ- ਕੌਮੀ ਉਡਾਰੀਆਂ, ਜਲੰਧਰ)***

# ਸਪੈਸ਼ਲ ਡੀਜੀਪੀ ਨੇ ਪਠਾਨਕੋਟ ਵਿੱਚ ਪੁਲਿਸ, ਫੌਜ, ਸਿਵਲ ਪ੍ਰਸ਼ਾਸਨ ਅਤੇ ਹੋਰ ਸੁਰੱਖਿਆ ਏਜੰਸੀਆਂ ਦੀ ਉੱਚ-ਪੱਧਰੀ ਮੀਟਿੰਗ ਦੀ ਕੀਤੀ ਪ੍ਰਧਾਨਗੀ

**ਪਠਾਨਕੋਟ: (ਰਾਜਿੰਦਰ ਸਿੰਘ ਰਾਜਨ)** ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ ਪੁਲਿਸ ਨੂੰ ਸ੍ਰੀ ਅਮਰਨਾਥ ਯਾਤਰਾ ਲਈ ਜਾਣ ਵਾਲੇ ਸ਼ਰਧਾਲੂਆਂ ਲਈ ਨਿਰਵਿਘਨ ਅਤੇ ਸੁਰੱਖਿਅਤ ਲਾਂਘੇ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਜਾਣ 'ਤੇ, ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ (ਸਪੈਸ਼ਲ ਡੀਜੀਪੀ) ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਅੱਜ ਇਸ ਸਬੰਧੀ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਪੁਲਿਸ, ਫੌਜ, ਸਿਵਲ ਪ੍ਰਸ਼ਾਸਨ ਅਤੇ ਹੋਰ ਸੁਰੱਖਿਆ ਏਜੰਸੀਆਂ ਦੀ ਉੱਚ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕੀਤੀ।

ਪਠਾਨਕੋਟ ਵਿੱਚ ਹੋਈ ਇਹ ਮੀਟਿੰਗ ਚੱਲ ਰਹੀ ਅਮਰਨਾਥ ਯਾਤਰਾ ਲਈ ਰਣਨੀਤਕ ਤਿਆਰੀਆਂ ਦੇ ਵੱਖ-ਵੱਖ ਪਹਿਲੂਆਂ ਜਿਵੇਂ ਪੁਲਿਸ ਦੀ ਤਾਇਨਾਤੀ, ਸੁਰੱਖਿਆ ਉਪਾਅ, ਆਵਾਜਾਈ ਪ੍ਰਬੰਧਨ ਅਤੇ ਆਫ਼ਤ ਪ੍ਰਬੰਧਨ 'ਤੇ ਕੇਂਦਰਿਤ ਸੀ। ਇਸ ਮੀਟਿੰਗ ਦੌਰਾਨ ਕੋਟ ਭੱਟੀਆਂ ਪਿੰਡ, ਬਮਿਆਲ ਵਿੱਚ ਹਥਿਆਰਬੰਦ ਸ਼ੱਕੀ ਵਿਅਕਤੀਆਂ ਦੇ ਦੇਖੇ ਜਾਣ ਅਤੇ ਕਠੂਆ ਜ਼ਿਲ੍ਹੇ ਵਿੱਚ ਹਥਿਆਰਬੰਦ ਸ਼ੱਕੀ ਵਿਅਕਤੀ ਨਾਲ ਹੋਈ ਮੁੱਠਭੇੜ ਵਾਲੀਆਂ ਤਾਜ਼ਾ ਘਟਨਾਵਾਂ 'ਤੇ ਵੀ ਧਿਆਨ ਕੇਂਦਰਿਤ ਕੀਤਾ ਗਿਆ। ਮੀਟਿੰਗ ਵਿੱਚ ਪੰਜਾਬ ਪੁਲਿਸ, ਜੰਮੂ-ਕਸ਼ਮੀਰ ਪੁਲਿਸ, ਹਿਮਾਚਲ ਪ੍ਰਦੇਸ਼ ਪੁਲਿਸ, ਭਾਰਤੀ ਸੈਨਾ, ਭਾਰਤੀ ਹਵਾਈ ਸੈਨਾ, ਸੀਮਾ ਸੁਰੱਖਿਆ ਬਲ (ਬੀਐਸਐਫ), ਅਤੇ ਹੋਰ ਕੇਂਦਰੀ ਏਜੰਸੀਆਂ ਦੇ ਸੀਨੀਅਰ ਅਧਿਕਾਰੀਆਂ ਸ਼ਾਮਲ ਸਨ।



ਸਪੈਸ਼ਲ ਡੀਜੀਪੀ ਅਰਪਿਤ ਸ਼ੁਕਲਾ ਨੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਅੰਤਰਰਾਸ਼ਟਰੀ ਸਰਹੱਦ ਨੂੰ ਸੁਰੱਖਿਅਤ ਕਰਨ ਅਤੇ ਸ੍ਰੀ ਅਮਰਨਾਥ ਯਾਤਰਾ ਲਈ ਜਾਣ ਵਾਲੇ ਸ਼ਰਧਾਲੂਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਬਾਰੇ ਵਿਚਾਰ ਵਟਾਂਦਰਾ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਵੱਲੋਂ ਪੰਜਾਬ ਪੁਲਿਸ ਦੇ 550 ਜਵਾਨਾਂ, ਐਸਓਜੀ, ਸਨਾਈਪਰ ਟੀਮਾਂ, ਬੰਬ ਨਿਰੋਧਕ ਦਸਤਾ ਅਤੇ ਹੋਰ ਕਮਾਂਡੋ ਯੂਨਿਟਾਂ ਦੀ ਤਾਇਨਾਤੀ ਨਾਲ ਸੁਰੱਖਿਆ ਪੱਧਰ ਵਿੱਚ ਹੋਰ ਵਾਧਾ ਕੀਤਾ ਗਿਆ ਹੈ। ਇਸ ਦੇ ਨਾਲ ਹੀ ਪੰਜਾਬ ਪੁਲਿਸ ਵੱਲੋਂ ਅੱਠ ਦੂਜੀ ਕਤਾਰ ਦੇ ਰੱਖਿਆ ਨਾਕੇ ਸਥਾਪਤ ਕੀਤੇ ਗਏ ਹਨ।

ਉਨ੍ਹਾਂ ਦੱਸਿਆ ਕਿ ਰਸਤਿਆਂ ਦੇ ਪ੍ਰਭਾਵਸ਼ਾਲੀ ਪ੍ਰਬੰਧਨ ਲਈ ਇਨ੍ਹਾਂ ਨੂੰ ਪੰਜ ਸੈਕਟਰਾਂ ਵਿੱਚ ਵੰਡਿਆ ਗਿਆ ਹੈ ਅਤੇ ਸੀਏਪੀਐਫ ਦੀਆਂ ਚਾਰ ਕੰਪਨੀਆਂ ਇਨ੍ਹਾਂ ਨਾਲ ਤਾਇਨਾਤ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਲੰਗਰ ਸਥਾਨਾਂ 'ਤੇ ਵਿਸ਼ੇਸ਼ ਸੁਰੱਖਿਆ ਪ੍ਰਬੰਧ, ਕੈਮਰਿਆਂ ਦੀ ਸਥਾਪਨਾ, ਬੁਲੇਟ ਪਰੂਫ ਮੋਰਚੇ ਅਤੇ ਐਸਓਜੀ ਦੀ ਤਾਇਨਾਤੀ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ। ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਪਾਰਕਿੰਗ ਲਈ ਢੁਕਵੇਂ ਪ੍ਰਬੰਧ ਕਰਨ ਅਤੇ ਸਾਰੇ ਪੰਜ ਸੈਕਟਰਾਂ 'ਤੇ ਬਲਾਂ ਦੀ ਰਣਨੀਤਕ ਤਾਇਨਾਤੀ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਹਰੇਕ ਸੈਕਟਰ ਵਿੱਚ ਟਰੌਮਾ ਸੈਂਟਰ, ਐਂਬੂਲੈਂਸ ਸੇਵਾਵਾਂ, ਟੋਅ ਵਹੀਕਲਜ਼ ਅਤੇ ਹਾਈਡ੍ਰਾਸ ਪਹਿਲਾਂ ਹੀ ਮੌਜੂਦ ਹਨ। ਅਧਿਕਾਰੀਆਂ, ਸੁਰੱਖਿਆ ਏਜੰਸੀਆਂ ਅਤੇ ਸਿਵਲ ਪ੍ਰਸ਼ਾਸਨ ਦਰਮਿਆਨ ਨੇੜਲੇ ਤਾਲਮੇਲ ਦੀ ਅਹਿਮ ਭੂਮਿਕਾ 'ਤੇ ਜ਼ੋਰ ਦਿੰਦਿਆਂ, ਸਪੈਸ਼ਲ ਡੀਜੀਪੀ ਨੇ ਸੁਚਾਰੂ ਅਤੇ ਸ਼ਾਂਤੀਪੂਰਨ ਯਾਤਰਾ ਦੇ ਪ੍ਰਬੰਧ ਨੂੰ ਯਕੀਨੀ ਬਣਾਉਣ ਲਈ ਸੁਚੱਜੀ ਯੋਜਨਾਬੰਦੀ ਅਤੇ ਪ੍ਰਭਾਵੀ ਵਿਧੀ ਅਪਣਾਉਣ ਲਈ ਕਿਹਾ।

# ਹਰ ਘਰ ਪਹੁੰਚ ਬਣਾ ਕੇ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਸਰਕਾਰੀ ਸਕੂਲਾਂ 'ਚ ਦਾਖਲਾ ਲੈਣ ਲਈ ਕੀਤਾ ਜਾਵੇ ਪ੍ਰੇਰਿਤ: ਜਗਵਿੰਦਰ ਸਿੰਘ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵਿਦਿਆਰਥੀਆਂ ਨੂੰ ਵੱਡੇ ਪੱਧਰ 'ਤੇ ਸਰਕਾਰੀ ਸਕੂਲਾਂ 'ਚ ਦਾਖਲ ਕਰਵਾਉਣ ਲਈ ਸ਼ੁਰੂ ਕੀਤੀ ਗਈ ਵਿਸ਼ੇਸ਼ ਮੁਹਿੰਮ ਅਜੇ ਵੀ ਜਾਰੀ ਹੈ। ਸਿੱਖਿਆ ਮੰਤਰੀ ਪੰਜਾਬ ਸਰਦਾਰ ਹਰਜੋਤ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ਾਂ ਹੇਠ ਜ਼ਿਲ੍ਹਾ ਪਠਾਨਕੋਟ ਵਿੱਚ ਇਸ ਮੁਹਿੰਮ ਨੂੰ ਹੋਰ ਰਫ਼ਤਾਰ ਦੇਣ ਲਈ ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਲਕਪੁਰ ਵਿਖੇ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਜਗਵਿੰਦਰ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਹਰਭਗਵੰਤ ਸਿੰਘ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀਜੀ ਸਿੰਘ ਵੱਲੋਂ ਸਮੂਹ ਸਕੂਲ ਮੁਖੀਆਂ, ਸੈਂਟਰ ਸਕੂਲ ਮੁਖੀਆਂ, ਬੀਐਨਓ ਅਤੇ ਬੀਪੀਈਓ ਨਾਲ ਨਵੇਂ ਦਾਖਲੇ ਅਤੇ ਮਿਸ਼ਨ ਸਮਰਥ ਨੂੰ ਲੈਕੇ ਰਿਵਿਊ ਮੀਟਿੰਗ ਕੀਤੀ ਗਈ। ਜਿਸ ਵਿੱਚ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸ੍ਰੀ ਜਗਵਿੰਦਰ ਸਿੰਘ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐ। ਸਿੱ।) ਸ੍ਰੀ ਡੀਜੀ ਸਿੰਘ ਨੇ ਅਧਿਆਪਕਾਂ ਨੂੰ ਪ੍ਰੇਰਿਤ ਕਰਦਿਆਂ ਵਿਸਤਾਰ ਨਾਲ ਦਾਖ਼ਲਾ ਮੁਹਿੰਮ ਦੇ ਹਰ ਪੱਖ ਦਾ ਰਿਵਿਊ ਕੀਤਾ ਅਤੇ ਸਕੂਲ ਮੁਖੀਆਂ ਨੂੰ ਸਕੂਲ ਨੂੰ ਸਾਫ਼ ਸੁਥਰਾ ਰੱਖਣ, ਮਿਡ ਡੇ ਮੀਲ ਮੀਨੂੰ ਅਨੁਸਾਰ ਬਣਾਉਣ ਅਤੇ ਸਮੂਚਾ ਰਿਕਾਰਡ ਵਿਭਾਗ ਦੇ ਈ-ਪੰਜਾਬ ਪੋਰਟਲ ਤੇ ਅਪਡੇਟ ਕਰਨ, ਸਿਵਲ ਵਰਕਸ ਨੂੰ ਨਿਯਮਾਂ ਅਨੁਸਾਰ ਕਰਵਾਉਣ ਅਤੇ ਵਿਦਿਆਰਥੀਆਂ ਦੀ ਹਾਜ਼ਰੀ ਵਧਾਉਣ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸ੍ਰੀ ਜਗਵਿੰਦਰ ਸਿੰਘ ਨੇ ਦੱਸਿਆ ਕਿ ਇਸ ਸਾਲ ਲਈ ਜ਼ਿਲ੍ਹੇ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਦਾਖ਼ਲਾ ਮੁਹਿੰਮ ਪੂਰੇ ਜ਼ੋਰਾਂ ਨਾਲ ਚੱਲ ਰਹੀ ਹੈ, ਜਿਸ ਵਿੱਚ ਸਿੱਖਿਆ ਅਧਿਕਾਰੀ, ਅਧਿਆਪਕ ਅਤੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਰਾਹੀਂ ਘਰ ਘਰ ਤੱਕ ਪਹੁੰਚ ਬਣਾ ਕੇ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਸਰਕਾਰੀ ਸਕੂਲਾਂ ਵਿੱਚ ਦਾਖ਼ਲਾ ਕਰਵਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਜ਼ਿਲ੍ਹਾ ਅਧਿਕਾਰੀਆਂ ਵੱਲੋਂ ਸਕੂਲ ਦੀ ਹਰ ਪੱਖੋਂ ਨੁਹਾਰ ਬਦਲਣ ਲਈ ਯੋਜਨਾ ਉਲੀਕੀ ਗਈ ਹੈ ਜਿਸ ਤਹਿਤ ਸਾਰੇ ਬਲਾਕਾਂ ਅਤੇ ਸੈਂਟਰਾਂ ਵਿੱਚ ਪੜਾਅਵਾਰ ਪ੍ਰੇਰਣਾਦਾਇਕ ਮੀਟਿੰਗਾਂ ਵੀ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਉਚ ਯੋਗਤਾ ਵਾਲੇ ਅਧਿਆਪਕ ਅਤੇ ਉੱਤਮ ਦਰਜੇ ਦਾ ਬੁਨਿਆਦੀ ਢਾਂਚਾ ਹੈ ਜਿੱਥੋਂ ਵਿਦਿਆਰਥੀ ਸਮੇਂ ਦੇ ਹਾਣ ਦੀ ਸਿੱਖਿਆ ਗ੍ਰਹਿਣ ਕਰ ਸਕਦੇ ਹਨ। ਉਨ੍ਹਾਂ ਨੇ ਕਿਹਾ ਕਿ ਲੋਕਾਂ ਨੂੰ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਨੂੰ ਮਿਲਦੀਆਂ ਸਹੂਲਤਾਂ ਦੀ ਜਾਣਕਾਰੀ ਇਸ ਮੁਹਿੰਮ ਦੌਰਾਨ ਦਿੱਤੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਸਰਕਾਰੀ ਸਕੂਲਾਂ ਪ੍ਰਤੀ ਲੋਕਾਂ ਦਾ ਨਜ਼ਰੀਆ ਬਦਲਿਆ ਹੈ ਅਤੇ ਹੁਣ ਲੋਕ ਆਪਣੇ ਬੱਚਿਆਂ ਨੂੰ ਮੁੜ ਸਰਕਾਰੀ ਸਕੂਲਾਂ ਵਿਚ ਦਾਖ਼ਲ ਕਰਵਾਉਣ ਵਿਚ ਰੂਚੀ ਲੈ ਰਹੇ ਹਨ।



ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਕਮ ਜ਼ਿਲ੍ਹਾ ਨੋਡਲ ਅਫ਼ਸਰ ਦਾਖ਼ਲਾ ਕਮੇਟੀ ਸ੍ਰੀ ਡੀਜੀ ਸਿੰਘ ਨੇ ਕਿਹਾ ਕਿ ਵਿਦਿਆਰਥੀਆਂ ਦੇ ਦਾਖਲੇ ਲਈ ਨੇੜੇ ਦੇ ਸਕੂਲ ਦੇ ਨਾਲ-ਨਾਲ ਹੁਣ ਆਨਲਾਈਨ ਪੋਰਟਲ ਤੇ ਵੀ ਰਜਿਸਟਰ ਕਰਵਾਇਆ ਜਾ ਸਕਦਾ ਹੈ।

ਇਸ ਦਾਖ਼ਲਾ ਅਭਿਆਨ ਦੌਰਾਨ ਅਧਿਆਪਕ ਸਮਾਜ ਵਿੱਚ ਰਾਬਤਾ ਕਾਇਮ ਕਰਕੇ ਮਾਪਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲੇ ਬਾਰੇ ਜਾਣਕਾਰੀ ਦੇ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਅਗਲੀ ਕਲਾਸ ਵਿੱਚ ਹੋਣ ਵਾਲੇ ਵਿਦਿਆਰਥੀਆਂ ਦੇ ਮੁੜ ਸਰਕਾਰੀ ਸਕੂਲਾਂ ਵਿੱਚ ਦਾਖਲੇ ਦੇ ਨਾਲ-ਨਾਲ ਸਕੂਲਾਂ ਤੋਂ ਵਾਂਝੇ ਵਿਦਿਆਰਥੀਆਂ ਨੂੰ ਵੀ ਸਕੂਲਾਂ ਵਿਚ ਦਾਖਲ ਕੀਤਾ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਦਾਖ਼ਲਾ ਮੁਹਿੰਮ ਲਈ ਪਿੰਡਾਂ ਦੇ ਸਰਪੰਚਾਂ, ਪੰਚਾਂ, ਆਂਗਣਵਾੜੀ ਵਰਕਰਾਂ, ਮਿਡ ਡੇ ਮੀਲ ਵਰਕਰਾਂ ਸਮੇਤ ਪਿੰਡ ਦੇ ਮੋਹਤਬਰਾਂ ਦਾ ਸਹਿਯੋਗ ਲਿਆ ਜਾ ਰਿਹਾ ਹੈ ਅਤੇ ਦਾਖ਼ਲਾ ਮੁਹਿੰਮ ਦੌਰਾਨ ਘਰਾਂ ਘਰਾਂ ਵਿੱਚ ਨਾਲ ਜਾ ਕੇ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਿੰਸੀਪਲ ਜੋਤੀ ਪਰਾਸ਼ਰ, ਡੀਐਸਐਮ ਬਲਵਿੰਦਰ ਸੈਣੀ, ਬੀਐਨਓ ਸੂਰਜ ਦੁਰੰਗ, ਬੀਐਨਓ ਰਾਹੁਲ ਗੁਪਤਾ,ਬੀਐਨਓ ਰਮੇਸ਼ ਕੁਮਾਰ, ਬੀਐਨਓ ਰਵੀ ਕਾਂਤ, ਬੀਐਨਓ ਬਲਵਿੰਦਰ ਵਿਰਦੀ, ਬੀਐਨਓ ਰਘਬੀਰ ਕੌਰ, ਬੀਐਨਓ ਪੰਕਜ ਮਹਾਜਨ, ਬੀਪੀਈਓ ਨਰੇਸ਼ ਪਨਿਆੜ, ਬੀਪੀਈਓ ਪੰਕਜ ਅਰੋੜਾ, ਬੀਪੀਈਓ ਕੁਲਦੀਪ ਸਿੰਘ, ਬੀਪੀਈਓ ਰਾਕੇਸ਼ ਕੁਮਾਰ, ਸਮਾਰਟ ਸਕੂਲ ਕੋਆਰਡੀਨੇਟਰ ਸੰਜੀਵ ਮਨੀ, ਸਮੂਹ ਬੀਐਨਓ ਸਮੇਤ ਸਮੂਹ ਸੈਂਟਰ ਸਕੂਲ ਮੁਖੀ ਹਾਜ਼ਰ ਸਨ।

# ਸਰਕਾਰੀ ਹਾਈ ਸਕੂਲ ਡਘਾਮ ਵਿੱਚ ਵਾਤਾਵਰਨ ਦਿਵਸ ਮਨਾਇਆ ਗਿਆ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)-** ਸਰਕਾਰੀ ਹਾਈ ਸਕੂਲ ਡਘਾਮ ਵਿਖੇ ਮੁੱਖ ਅਧਿਆਪਕਾ ਨਵਦੀਪ ਸਹਿਗਲ ਅਤੇ ਸਕੂਲ ਗਾਈਡੈਂਸ ਕਾਊਂਸਲਰ ਹਰਦੀਪ ਕੁਮਾਰ ਦੀ ਅਗਵਾਈ ਹੇਠ ਵਾਤਾਵਰਣ ਦਿਵਸ ਮਨਾਇਆ ਗਿਆ। ਇਸ ਮੌਕੇ ਵੱਖ-ਵੱਖ ਕਿਸਮਾਂ ਦੇ ਛਾਂਦਾਰ, ਫਲਦਾਰ ਅਤੇ ਸਜਾਵਟੀ ਪੌਦੇ ਲਗਾਏ ਗਏ। ਸੰਬੋਧਨ ਕਰਦਿਆਂ ਮੁੱਖ ਅਧਿਆਪਕਾ ਨਵਦੀਪ ਸਹਿਗਲ ਨੇ ਵਿਦਿਆਰਥੀਆਂ ਨੂੰ ਰੁੱਖਾਂ ਦੀ ਮਹੱਤਤਾ ਬਾਰੇ



ਦੱਸਿਆ ਅਤੇ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਪ੍ਰੇਰਿਤ ਕੀਤਾ। ਗਾਈਡੈਂਸ ਕਾਊਂਸਲਰ ਹਰਦੀਪ ਕੁਮਾਰ ਨੇ ਵਿਦਿਆਰਥੀਆਂ ਨੂੰ ਸਕੂਲ ਵਿੱਚ ਲਗਾਏ ਹਰ ਪ੍ਰਕਾਰ ਦੇ ਪੌਦਿਆਂ ਦੀ ਸੰਭਾਲ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਮੁੱਖ ਅਧਿਆਪਕਾ ਨਵਦੀਪ ਸਹਿਗਿੱਲ, ਮਾਸਟਰ ਹਰਦੀਪ ਕੁਮਾਰ ਤੋਂ ਇਲਾਵਾ ਸਟਾਫ਼ ਮੈਂਬਰ ਜੋਤਿਕਾ ਲੱਧੜ, ਜਤਿੰਦਰ ਕੁਮਾਰ, ਵਰਿੰਦਰ ਕੌਰ, ਅੰਸ਼ੂ ਰਾਣਾ, ਜੋਤੀ ਸ਼ਰਮਾ, ਮੈਡਮ ਰੀਨਾ ਆਦਿ ਹਾਜ਼ਰ ਸਨ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com




KB USED AUTO SALES



8655 B Monterey Street Gilroy, CA 95020
Kashmiri Bhatia, Dealer/Broker
408-848-2365
50% OFF WARRANTY with Qualifying Car Purchase
IN HOUSE FINANCING AVALIABLE
www. kbusedautosales.com
ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

K&K AUTO REPAIR and Car Wash
63 Muckelemi St
San Juan Bautista 95045
Kashmiri Bhatia (Owner)
831-623-4702
20% OFF LABOUR on your next qualifying service
Car Care You Can Trust

# ਸ਼ਹੀਦ ਭਾਈ ਮਨੀ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਬੂਟੇ ਲਗਾਏ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਸ਼ਹੀਦ ਬਾਬਾ ਦੀਪ ਸਿੰਘ ਵੈਲਫੇਅਰ ਸੋਸਾਇਟੀ ਧਾਲੀਵਾਲ ਵੱਲੋਂ ਸ਼ਹੀਦ ਭਾਈ ਮਨੀ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਦੇ ਸਬੰਧ ਵਿੱਚ ਸੁਸਾਇਟੀ ਦੇ ਸਰਪ੍ਰਸਤ ਜਥੇਦਾਰ ਕੁਲਵੀਰ ਸਿੰਘ ਬੈਂਸ ਅਤੇ ਪ੍ਰਧਾਨ ਸੁਖਮਨ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਯੁਵਕ ਸੇਵਾਵਾਂ ਕਲੱਬ ਧਾਲੀਵਾਲ ਅਤੇ ਯੁਵਕ ਸੇਵਾਵਾਂ ਕਲੱਬ ਹਰਿਆਣਾ ਦੇ ਸਹਿਯੋਗ ਨਾਲ ਪਿੰਡ ਧਾਲੀਵਾਲ ਵਿਖੇ ਡੈਕੋਰੇਸ਼ਨ, ਫਲਾਂ ਅਤੇ ਛਾਂਦਾਰ ਬੂਟੇ ਲਗਾਏ ਗਏ। ਇਸ ਮੌਕੇ ਬੋਲਦਿਆਂ ਦੋਵਾਂ ਆਗੂਆਂ ਨੇ ਬਾਕੀ ਪਿੰਡਾਂ ਦੇ ਨੌਜਵਾਨਾਂ ਨੂੰ ਵੀ ਵੱਧ ਤੋਂ ਵੱਧ ਬੂਟੇ ਲਗਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰਧਾਨ ਸਰਬਜੋਤ ਸਿੰਘ ਹਰਿਆਣਾ, ਸ੍ਰੀ ਗੁਰੂ ਰਵਿਦਾਸ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਸਰੂਪ ਸਿੰਘ ਖਾਲਸਾ, ਸਰਦਾਰ ਕ੍ਰਿਸ਼ਨ ਸਿੰਘ, ਨਰੇਸ਼ ਕੁਮਾਰ ਸੈਣੀ ਮਨੋਹਰ ਸਿੰਘ, ਬਲਬੀਰ ਸਿੰਘ, ਜਸਵਿੰਦਰ ਸਿੰਘ, ਇਮਾਨ ਸਿੰਘ ਧਾਲੀਵਾਲ, ਕੁਲਦੀਪ ਕੁਮਾਰ, ਹਰਵਿੰਦਰ ਸਿੰਘ, ਮਿੰਟੂ ਤੇ ਪਵੀ ਆਦਿ ਹਾਜਰ ਸਨ।

# ਟੀ.ਐਨ.ਏ.ਆਈ. ਵੱਲੋਂ ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਨੂੰ ਪ੍ਰੈਕਟੀਕਲ ਡੰਮੀ ਦਾ ਤੋਹਫਾ ਪ੍ਰਦਾਨ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਨੂੰ ਸ਼ਾਨਦਾਰ ਕੰਮ ਕਰਨ ਅਤੇ ਪ੍ਰਾਪਤੀਆਂ ਕਰਨ ਹਿੱਤ ਟੀ.ਐਨ.ਏ.ਆਈ. (ਟਰੇਂਡ ਨਰਸਿਸ ਐਸ਼ੋਸ਼ੀਏਸ਼ਨ ਆਫ ਇੰਡੀਆਂ ਨਵੀਂ ਦਿੱਲੀ) ਵੱਲੋ ਇੱਕ ਹਾਈ ਟੈਕ ਮਨੁੱਖੀ ਡੰਮੀ ਮਾਡਲ ਦਾ ਤੋਹਫਾ ਭੇਟ ਕੀਤਾ ਗਿਆ ਹੈ । ਇਹ ਜਾਣਕਾਰੀ ਕਾਲਜ ਦੇ ਪ੍ਰਿੰਸੀਪਲ ਡਾਕਟਰ ਸੁਰਿੰਦਰ ਜਸਪਾਲ ਨੇ ਮੀਡੀਆਂ ਨੂੰ ਦਿੰਦੇ ਹੋਏ ਦੱਸਿਆ ਕਿ ਕਾਲਜ ਦੀਆਂ ਪੰਜ ਸਾਲ ਦੀਆਂ ਨਿਰੰਤਰ ਸ਼ਾਨਦਾਰ ਐਸ ਐਨ ਏ ਆਈ ਮੈਂਬਰਸ਼ਿਪ ਅਤੇ ਹੋਰ ਉਸਾਰੂ ਸੇਵਾਵਾਂ ਬਦਲੇ ਇਹ ਮਾਣ ਤੋਹਫੇ ਦੇ ਰੂਪ ਵਿਚ ਪ੍ਰਾਪਤ ਹੋਇਆ ਹੈ। ਜਿਸ ਨਾਲ ਕਾਲਜ ਦੇ ਨਰਸਿੰਗ ਵਿਦਿਆਰਥੀਆਂ ਨੂੰ ਪ੍ਰੈਕਟੀਕਲ ਸਿੱਖਿਆਂ ਪ੍ਰਾਪਤੀ ਇਹ ਹਾਈ ਟੈਕ ਮਨੁੱਖੀ ਡੰਮੀ ਦਾ ਤੋਹਫਾ ਕਾਰਗਰ ਸਿੱਧ ਹੋਵੇਗਾ । ਇਸ ਸ਼ਾਨਦਾਰ ਪ੍ਰਾਪਤੀ ਦੀ ਗੁਰੂ ਨਾਨਕ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਡਾਕਟਰ ਕੁਲਵਿੰਦਰ ਸਿੰਘ ਢਾਹਾਂ ਅਤੇ ਸਮੂਹ ਟਰੱਸਟੀਆਂ ਵੱਲੋਂ ਭਰਪੂਰ ਸ਼ਾਲਾਘਾ ਕੀਤੀ ਗਈ। ਇਸ ਮੌਕੇ ਮੈਡਮ ਰਮਨਦੀਪ ਕੌਰ, ਮੈਡਮ ਨਵਜੋਤ ਕੌਰ, ਮੈਡਮ ਵੰਦਨਾ ਬਸਰਾ, ਮੈਡਮ ਰਾਬੀਆ ਹਾਟਾ, ਮੈਡਮ ਸ਼ਿਵਾਨੀ ਭਰਦਵਾਜ ਵੀ ਹਾਜ਼ਰ ਸਨ।

# ਜ਼ਿਲ੍ਹਾ ਪੁਲਿਸ ਵੱਲੋਂ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ 157 ਸਕੂਲੀ ਬੱਸਾਂ ਦੀ ਜਾਂਚ ਪੜਤਾਲ



**ਸੰਗਰੂਰ, (ਦਲਜੀਤ ਕੌਰ)** ਵਧੀਕ ਡਾਇਰੈਕਟਰ ਜਨਰਲ ਪੁਲਿਸ, ਟ੍ਰੈਫਿਕ ਅਤੇ ਸੜਕ ਸੁਰੱਖਿਆ ਪੰਜਾਬ ਏ।ਐਸ। ਰਾਏ ਵੱਲੋ ਜਾਰੀ ਹਦਾਇਤਾਂ ਦੀ ਪਾਲਣਾ ਤਹਿਤ ਅੱਜ ਜ਼ਿਲਾ ਸੰਗਰੂਰ ਪੁਲਿਸ ਵੱਲੋਂ ਐਸ।ਐਸ।ਪੀ ਸਰਤਾਜ ਸਿੰਘ ਚਾਹਲ ਦੀ ਅਗਵਾਈ ਹੇਠ ਸਕੂਲੀ ਵਾਹਨਾਂ ਦੀ ਜਾਂਚ ਪੜਤਾਲ ਲਈ ਵਿਆਪਕ ਮੁਹਿੰਮ ਚਲਾਈ ਗਈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਐਸ.ਐਸ.ਪੀ ਸਰਤਾਜ ਸਿੰਘ ਚਾਹਲ ਨੇ ਦੱਸਿਆ ਕਿ ਜਿਲ੍ਹਾ ਪੁਲਿਸ ਸੰਗਰੂਰ ਵੱਲੋਂ ਸਕੂਲੀ ਬੱਚਿਆਂ ਅਤੇ ਕਾਲਜ ਦੇ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਮੱਦੇਨਜਰ ਰੱਖਦੇ ਹੋਏ ਸਕੂਲਾਂ ਅਤੇ ਕਾਲਜਾਂ ਦੀਆਂ 157 ਬੱਸਾਂ ਦੀ ਚੈਕਿੰਗ ਕੀਤੀ ਗਈ ਹੈ ਅਤੇ ਇਸ ਦੌਰਾਨ ਨਿਯਮਾਂ ਦੀ ਉਲੰਘਨਾ ਕਰਨ ਵਾਲੀਆਂ 29 ਬੱਸਾਂ ਦੇ ਚਲਾਨ ਕੀਤੇ ਗਏ।

ਉਹਨਾਂ ਦੱਸਿਆ ਕਿ ਵਧੀਕ ਡਾਇਰੈਕਟਰ ਜਨਰਲ ਆਫ ਪੁਲਿਸ ਵੱਲੋਂ ਦਿੱਤੇ ਦਿਸ਼ਾ ਨਿਰਦੇਸ਼ਾਂ ਤਹਿਤ ਲਗਾਤਾਰ ਸਕੂਲਾਂ ਅਤੇ ਕਾਲਜਾਂ ਦੀਆਂ ਬੱਸਾਂ ਦੀ ਚੈਕਿੰਗ ਕਰਨ ਸਬੰਧੀ ਹੁਕਮ ਮਿਲੇ ਸਨ ਜਿਸ ਦੀ ਪਾਲਣਾ ਕਰਦੇ ਹੋਏ ਅੱਜ ਵਿਸ਼ੇਸ਼ ਤੌਰ ਤੇ ਇਹ ਮੁਹਿੰਮ ਚਲਾਈ ਗਈ ਅਤੇ ਇਸ ਦੌਰਾਨ ਇਹਨਾਂ ਬੱਸਾਂ ਦੇ ਚਾਲਕਾਂ ਨੂੰ ਹਦਾਇਤ ਕੀਤੀ ਗਈ ਕਿ ਉਹ ਆਵਾਜਾਈ ਸਬੰਧੀ ਮਾਨਯੋਗ ਅਦਾਲਤਾਂ ਅਤੇ ਪੰਜਾਬ ਸਰਕਾਰ ਵੱਲੋਂ ਸਮੇਂ-ਸਮੇਂ ਤੇ ਦਿੱਤੇ ਜਾਣ ਵਾਲੇ ਦਿਸ਼ਾ ਨਿਰਦੇਸ਼ਾਂ ਦੀ ਇੰਨ ਬਿੰਨ ਪਾਲਣਾ ਨੂੰ ਯਕੀਨੀ ਬਣਾਉਣ।

ਐਸ.ਐਸ.ਪੀ ਸਰਤਾਜ ਸਿੰਘ ਚਾਹਲ ਨੇ ਦੱਸਿਆ ਕਿ ਅੱਜ ਕੀਤੀ ਜਾਂਚ ਪੜਤਾਲ ਦੌਰਾਨ ਨਿਯਮਾਂ ਦੀ ਉਲੰਘਨਾ ਕਰਨ ਵਾਲੀਆਂ ਜ਼ਿਆਦਾਤਰ ਬੱਸਾਂ ਵਿੱਚ ਫਿਟਨੈਸ ਸਰਟੀਫਿਕੇਟ ਨਾ ਹੋਣਾ, ਡਰਾਇਵਰ ਦੇ ਸਹੀ ਢੰਗ ਨਾਲ ਵਰਦੀ ਨਾ ਪਾਈ ਹੋਣਾ, ਐਮਰਜੈਂਸੀ ਖਿੜਕੀ/ਦਰਵਾਜੇ ਦਾ ਨਾ ਹੋਣਾ, ਬੱਸ ਵਿੱਚ ਕੈਮਰਾ ਨਾ ਹੋਣਾ, ਪ੍ਰਦੂਸ਼ਨ/ਬੀਮਾ ਨਾ ਹੋਣਾ, ਸੀਟ ਬੈਲਟ ਨਾ ਲਗਾਉਣ, ਓਵਰਲੋਡ ਬੱਚੇ, ਮਹਿਲਾ ਸਹਾਇਕ ਦਾ ਨਾ ਹੋਣਾ ਅਤੇ ਸਕੂਲ ਬੱਸਾਂ ਦਾ ਪੀਲਾ ਰੰਗ ਨਾ ਹੋਣਾ, ਸ਼ਾਮਿਲ ਸਨ।

ਉਨਾਂ ਨੇ ਸਮੂਹ ਸਕੂਲਾਂ ਦੇ ਪ੍ਰਿੰਸੀਪਲਾਂ ਅਤੇ ਪ੍ਰਬੰਧਕਾਂ ਨੂੰ ਹਦਾਇਤ ਕੀਤੀ ਹੈ ਕਿ ਭਵਿੱਖ ਵਿੱਚ ਜਿਲਾ ਪੁਲਿਸ ਵੱਲੋਂ ਕੀਤੀ ਜਾਣ ਵਾਲੀ ਜਾਂਚ ਪੜਤਾਲ ਦੌਰਾਨ ਜੇਕਰ ਮੁੜ ਵਾਹਨਾਂ ਦੇ ਵਿੱਚ ਦਸਤਾਵੇਜੀ ਜਾਂ ਹੋਰ ਕਮੀਆਂ ਪਾਈਆਂ ਜਾਂਦੀਆਂ ਹਨ ਤਾਂ ਉਹਨਾਂ ਵਾਹਨਾਂ ਨੂੰ ਇਮਪਾਊਂਡ ਕਰ ਲਿਆ ਜਾਵੇਗਾ।


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Used Tires American Brand $99 + Labor

Recap Truck Tire $ 249 + Labor

Recap Trailar Tires and Kind $ 199 + Labor

NEW & USED TIRES

WASH, LUBE, BRAKES

Call: 530-824-5134

LUCAS OIL LUCAS INJECTOR CLEANER $28.99

Call: 650-642-0697

3525 Highway 99, West Corning, CA 96021

Across the Street from TA Truck Stop

# ਭਗਵੰਤ ਮਾਨ ਦੇ ਪੰਜਾਬ ਵਿਕਾਸ ਵਿੱਚ ਦਲਿਤ ਪਿੱਛੜੇ ਤੇ ਘੱਟ ਗਿਣਤੀ ਵਰਗ ਮਨਫ਼ੀ - ਜਸਵੀਰ ਸਿੰਘ ਗੜ੍ਹੀ

## ਤਮਿ.ਲਨਾਡੂ ਬਸਪਾ ਪ੍ਰਧਾਨ ਦੇ ਕਤਲ ਮੁੱਦੇ ਤੇ 8 ਨੂੰ ਬਸਪਾ ਕਰੇਗੀ ਰੋਸ ਪ੍ਰਦਰਸ਼ਨ - ਡਾ ਨਛੱਤਰ ਪਾਲ

**ਫਗਵਾੜਾ 6 ਜੁਲਾਈ (ਬੀ.ਕੇ. ਰੱਤੂ)–** ਬਹੁਜਨ ਸਮਾਜ ਪਾਰਟੀ ਪੰਜਾਬ ਵਲੋਂ ਜਾਰੀ ਪ੍ਰੈਸ ਨੋਟ ਵਿੱਚ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਹੈ ਕਿ ਮੁੱਖ ਮੰਤਰੀ ਸ਼੍ਰੀ ਭਗਵੰਤ ਮਾਨ ਦੇ ਪੰਜਾਬ ਵਿਕਾਸ ਵਿੱਚ ਦਲਿਤ ਪਿੱਛੜੇ ਅਤੇ ਘੱਟ ਗਿਣਤੀਆਂ ਵਰਗ ਮਨਫੀ ਹਨ। ਜਿਸ ਤਹਿਤ ਅੱਜ ਪੌਣੇ ਤਿੰਨ ਸਾਲ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਤਹਿਤ ਅਨੁਸੂਚਿਤ ਜਾਤੀ ਵਰਗਾਂ ਦੇ ਕਮਿਸ਼ਨ ਦਾ ਚੇਅਰਮੈਨ ਨਿਯੁਕਤ ਨਹੀਂ ਕੀਤਾ ਗਿਆ ਹੈ, ਚੁਣੇ ਗਏ ਰਾਜ ਸਭਾ ਦੇ ਸੱਤ ਮੈਂਬਰਾਂ ਵਿੱਚ ਇੱਕ ਵੀ ਅਨੁਸੂਚਿਤ ਜਾਤੀ ਵਰਗ ਅਤੇ ਪਛੜੀਆਂ ਸ਼੍ਰੇਣੀਆਂ ਦਾ ਨਹੀਂ ਹੈ, ਪਛੜੀਆਂ ਸ਼੍ਰੇਣੀਆਂ ਲਈ ਨੌਕਰੀਆਂ ਅਤੇ ਸਿੱਖਿਆ ਸੰਸਥਾਵਾਂ ਵਿੱਚ ਰਾਖਵਾਂਕਰਨ ਲਾਗੂ ਕਰਨ ਵਾਲੀ ਮੰਡਲ ਕਮਿਸ਼ਨ ਰਿਪੋਰਟ ਲਾਗੂ ਨਹੀਂ ਕੀਤੀ ਹੈ। ਘੱਟ ਗਿਣਤੀ ਵਰਗਾਂ ਦੀ ਖਿਲਾਫਤ ਤਹਿਤ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਕੇਂਦਰ ਸਰਕਾਰ ਦੀ ਮਿਲੀ ਭੁਗਤ ਨਾਲ ਧਰਮ ਪ੍ਰਚਾਰ ਅਤੇ ਨਸ਼ਿਆਂ ਖਿਲਾਫ ਮੁਹਿੰਮ ਚਲਾਨ ਵਾਲੇ ਭਾਈ ਅੰਮ੍ਰਿਤਪਾਲ ਸਿੰਘ ਤੇ ਰਾਸ਼ਟਰੀ ਸੁਰੱਖਿਆ ਕਾਨੂੰਨ ਵਰਗੀਆਂ ਧਰਾਵਾਂ ਲਗਾਕੇ ਜੇਲਾਂ ਵਿੱਚ ਡੱਕਿਆ ਹੈ। ਪੰਜਾਬ 3 ਲੱਖ ਕਰੋੜ ਦੇ ਕਰਜ਼ੇ ਤੇ ਥੱਲੇ ਦਬਾ ਦਿੱਤਾ ਗਿਆ ਹੈ। ਅੱਜ ਆਮ ਆਦਮੀ ਪਾਰਟੀ ਦੀ ਦੁਰਗਤੀ ਇੰਨੀ ਹੈ ਕਿ ਲੋਕ ਸਭਾ ਚੋਣਾਂ ਦੌਰਾਨ 13-0 ਦੇ ਮੁੱਦੇ ਤੇ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਪੰਜਾਬ ਵਿੱਚ ਵੱਡੀ ਹਾਰ ਦਾ ਮੂੰਹ ਦੇਖਣਾ ਪਿਆ। ਅੱਜ ਜਲੰਧਰ ਵਿਧਾਨ ਸਭਾ ਉਪ ਚੋਣਾਂ ਵਿੱਚ ਇਸ ਦੁਰਗਤੀ ਦਾ ਸਿਖਰ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਹਿਕ ਥਾਪੜਕੇ ਨਹੀਂ ਕਹਿ ਸਕਦਾ ਕਿ ਉਸ ਦਾ ਉਮੀਦਵਾਰ ਜਿੱਤ ਰਿਹਾ ਹੈ। ਗਲੀ ਗਲੀ ਘੁੰਮ ਰਿਹਾ ਮੁੱਖ ਮੰਤਰੀ ਭਗਵੰਤ ਮਾਨ ਅੱਜ ਲੋਕਾਂ ਨੂੰ ਮਾਲੀ ਦਾ ਕੰਮ ਪਾਣੀ ਦੇਣਾ ਵਰਗੇ ਸ਼ੇਅਰੋ ਸ਼ਾਇਰੀ ਸੁਣਾਕੇ ਆਪਣੇ ਟੁੱਟੇ ਧੋਖੇਬਾਜ਼ ਦਿਲ ਨੂੰ ਹੌਸਲਾ ਦੇ ਰਿਹਾ ਹੈ। ਸ। ਗੜ੍ਹੀ ਨੇ ਕਿਹਾ ਕਿ ਬਹੁਜਨ ਸਮਾਜ ਪਾਰਟੀ ਜੋ ਕਿ ਗਰੀਬ ਮਜਲੂਮ ਨਿਮਾਣੇ ਨਿਆਸਰੇ ਵਰਗਾਂ ਦੀ ਲੜਾਈ





ਲੜ ਰਹੀ ਹੈ ਅਤੇ ਸਮੇਂ ਸਮੇਂ ਤੇ ਜੁਲਮ ਅੱਤਿਆਚਾਰ ਦਾ ਸ਼ਿਕਾਰ ਬਸਪਾ ਵਰਕਰ ਹੁੰਦਾ ਆਇਆ ਹੈ। ਜਿਸ ਤਹਿਤ ਬੀਤੇ ਕੱਲ ਤਮਿਲਨਾਡੂ ਸੂਬੇ ਦਾ ਬਸਪਾ ਪ੍ਰਧਾਨ ਕੇ।ਆਰਮਸਟਰਾਂਗ ਦੀ ਦਰਦਨਾਕ ਤਰੀਕੇ ਨਾਲ ਹੱਤਿਆ ਕੀਤੀ ਗਈ ਹੈ।

ਬਸਪਾ ਵਿਧਾਇਕ ਅਤੇ ਸੂਬਾ ਇੰਚਾਰਜ ਡਾ ਨਛੱਤਰ ਪਾਲ ਨੇ ਕਿਹਾ ਕਿ ਬਹੁਜਨ ਸਮਾਜ ਪਾਰਟੀ ਸੰਵਿਧਾਨਿਕ ਦਾਇਰਿਆਂ ਵਿੱਚ ਰਹਿਕੇ ਲੜਾਈ ਲੜਨ ਵਾਲੀ ਪਾਰਟੀ ਹੈ। ਕੇ। ਆਰਮਸਟਰਾਂਗ ਦੀ ਹੱਤਿਆ ਦੇ ਨਾਲ ਦੇਸ਼ ਭਰ ਵਿੱਚ ਦਲਿਤਾਂ ਅਤੇ ਪਿਛੜੇ ਵਰਗਾਂ ਵਿੱਚ ਦੁੱਖ ਦੀ ਲਹਿਰ ਹੈ। ਇਹ ਸੂਬਾ ਅਤੇ ਕੇਂਦਰ ਸਰਕਾਰਾਂ ਦੀ ਵੱਡੀ ਨਲਾਇਕੀ ਹੈ ਜੋ ਇੱਕ ਰਾਸ਼ਟਰੀ ਪਾਰਟੀ ਦੇ ਸੂਬਾ ਪ੍ਰਧਾਨ ਕੇ।ਆਰਮਸਟਰਾਂਗ ਦੇ ਜਾਨ ਮਾਲ ਦੀ ਸੁਰੱਖਿਆ ਨਹੀਂ ਕਰ ਸਕੇ, ਜਿਸ ਦੇ ਰੋਸ ਵਜੋਂ 8 ਜੁਲਾਈ ਨੂੰ 11ਵਜੇ ਜਲੰਧਰ ਬੂਟਾ ਮੰਡੀ ਵਿਖੇ ਵੱਡਾ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।

ਵਿਧਾਇਕ ਡਾ ਨਛੱਤਰ ਪਾਲ ਨੇ ਕਿਹਾ ਕਿ ਦੇਸ਼ ਵਿੱਚ ਵੰਡ ਪਾਉਣ ਵਾਲੀਆਂ ਸ਼ਕਤੀਆਂ ਦੇ ਆਗੂਆਂ ਅਤੇ ਵਹਿਮਾਂ ਭਰਮਾਂ ਤੇ ਪਖੰਡਾਂ ਦਾ ਨਿਰੰਤਰ ਪ੍ਰਚਾਰ ਕਰਨ ਵਾਲੇ ਅਖੌਤੀ ਧਾਰਮਿਕ ਆਗੂਆਂ ਨੂੰ ਤਾਂ ਐਕਸ ਵਾਈ ਜ਼ੇਡ ਸੁਰੱਖਿਆਵਾਂ ਕੇਂਦਰ ਤੇ ਸੂਬਾ ਸਰਕਾਰਾਂ ਦਿੰਦੀਆਂ ਹਨ, ਪ੍ਰੰਤੂ ਗਰੀਬ ਮਜਲੂਮ ਦੀ ਲੜਾਈ ਲੜਨ ਵਾਲੇ ਬਹੁਜਨ ਸਮਾਜ ਪਾਰਟੀ ਦੇ ਆਗੂਆਂ ਨੂੰ ਸੁਰੱਖਿਆ ਨਹੀਂ ਮੁਹਈਆ ਕਰਾਈ ਜਾਂਦੀ ਜਿਹੜੇ ਕਿ ਹਰ ਰੋਜ਼ ਜਬਰ-ਜੁਲਮ ਅਤੇ ਜਾਤੀਵਾਦ ਨਾਲ ਥਾਣੇ, ਕਚਹਿਰੀ ਅਤੇ ਪੰਚਾਇਤਾਂ ਵਿੱਚ ਇਨਸਾਫ ਲਈ ਲੜਦੇ ਹਨ। ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਇਸ ਦੀ ਇੱਕ ਉਦਾਹਰਣ ਹੈ ਜਿਸ ਨੇ ਬਹੁਜਨ ਸਮਾਜ ਪਾਰਟੀ ਦੇ ਆਗੂਆਂ ਦੀ ਸੁਰੱਖਿਆ ਨੂੰ ਪਿਛਲੇ ਪੌਣੇ ਤਿੰਨ ਸਾਲਾਂ ਤੋਂ ਅਣਗੌਲਿਆ ਕੀਤਾ ਹੋਇਆ ਹੈ।

### ਜਨਮ ਦਿਨ ਦੀ ਮੁਬਾਰਕਬਾਦ



ਨਾਂ- ਅਰਮਾਨ ਸੰਧੂ
ਪਿਤਾ-ਕਮਲ ਕੁਮਾਰ ਸੰਧੂ, ਮਾਤਾ-ਪਿੰਕੀ ਸੱਲਣ
(ਪਿੰਡ ਚੱਕ ਸਾਹਬੂ)
ਅਦਾਰਾ "ਦੇਸ਼ ਦੁਆਬਾ" ਵਲੋਂ ਜਨਮ ਦਿਨ ਮੁਬਾਰਕ

# 18 ਸਾਲ ਤੋਂ ਘੱਟ ਉਮਰ ਵਾਲੇ ਵਿਦਿਆਰਥੀਆਂ ਨੂੰ ਵਾਹਨ ਨਾ ਚਲਾਉਣ ਬਾਰੇ ਕੀਤਾ ਜਾਗਰੂਕ

**ਸੰਗਰੂਰ, (ਦਲਜੀਤ ਕੌਰ)** ਪੰਜਾਬ ਦੇ ਵਧੀਕ ਡਾਇਰੈਕਟਰ ਜਨਰਲ ਪੁਲਿਸ, ਟਰੈਫਿਕ ਤੇ ਸੜਕ ਸੁਰੱਖਿਆ ਏ।ਐਸ ਰਾਏ ਦੇ ਦਿਸ਼ਾ ਨਿਰਦੇਸ਼ਾਂ ਅਤੇ ਐਸ।ਐਸ।ਪੀ ਸੰਗਰੂਰ ਸਰਤਾਜ ਸਿੰਘ ਚਾਹਲ ਦੀ ਅਗਵਾਈ ਹੇਠ ਜ਼ਿਲਾ ਟਰੈਫਿਕ ਪੁਲਿਸ ਵੱਲੋਂ ਵੱਖ-ਵੱਖ ਵਿਦਿਅਕ ਅਦਾਰਿਆਂ ਵਿੱਚ ਲਗਾਤਾਰ ਸੈਮੀਨਾਰਾਂ ਦਾ ਆਯੋਜਨ ਕਰਕੇ ਵਿਦਿਆਰਥੀਆਂ ਨੂੰ ਆਵਾਜਾਈ ਨਿਯਮਾਂ ਦੀ ਪਾਲਣਾ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਲੜੀ ਦੇ ਤਹਿਤ ਪ੍ਰੇਮ ਸਭਾ ਸੀਨੀਅਰ ਸੈਕਡਰੀ ਸਕੂਲ ਵਿੱਚ ਟਰੈਫਿਕ ਐਜੂਕੇਸ਼ਨ ਪੁਲਿਸ ਵੱਲੋਂ ਅਜਿਹੇ ਹੀ ਇੱਕ ਸੈਮੀਨਾਰ ਦਾ ਆਯੋਜਨ ਕਰਦੇ ਹੋਏ 18 ਸਾਲ ਤੋਂ ਘੱਟ ਉਮਰ ਦੇ ਵਿਦਿਆਰਥੀਆਂ ਨੂੰ ਸਕੂਟਰ, ਮੋਟਸਾਈਕਲ ਅਤੇ ਚਾਰ ਪਹੀਆ ਵਾਹਨ ਨਾ ਚਲਾਉਣ ਬਾਰੇ ਜਾਗਰੂਕ ਕੀਤਾ ਗਿਆ। ਇਸ ਮੌਕੇ ਥਾਣੇਦਾਰ ਪਵਨ ਸ਼ਰਮਾ ਇੰਚਾਰਜ ਟਰੈਫਿਕ ਐਜੂਕੇਸ਼ਨ ਸੈਲ ਸੰ-ਗਰੂਰ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਅਜਿਹੇ ਸੈਮੀਨਾਰਾਂ ਦਾ ਮਕਸਦ ਵਿਦਿਆਰਥੀ ਨੂੰ ਟਰੈਫਿਕ ਨਿਯਮਾਂ ਸਬੰਧੀ ਮੁਢਲੇ ਤੌਰ



ਤੇ ਜਾਣਕਾਰੀ ਪ੍ਰਦਾਨ ਕਰਨਾ ਹੈ ਤਾਂ ਜੋ ਕੋਈ ਵੀ ਵਿਦਿਆਰਥੀ ਇਹਨਾਂ ਨਿਯਮਾਂ ਪ੍ਰਤੀ ਲਾਪਰਵਾਹੀ ਨਾ ਵਰਤ ਸਕੇ। ਉਹਨਾਂ ਦੱਸਿਆ ਕਿ ਸੜਕ ਹਾਦਸਿਆਂ ਦੀ ਵਧ ਰਹੀ ਦਰ ਚਿੰਤਾ ਦਾ ਵਿਸ਼ਾ ਹੈ ਅਤੇ ਬਹੁਤੇ ਮਾਮਲਿਆਂ ਵਿੱਚ ਅਜਿਹਾ ਅਣਗਹਿਲੀ ਨਾਲ ਵਾਹਨ ਚਲਾਉਣ ਕਾਰਨ ਵਾਪਰਦਾ ਹੈ।

ਉਹਨਾਂ ਨੇ ਵਿਦਿਆਰਥੀਆਂ ਨੂੰ ਪੰਜਾਬ ਪੁਲਿਸ ਦੇ ਹੈਲਪਲਾਈਨ ਨੰਬਰ 112 ਅਤੇ 1930 ਬਾਰੇ ਵੀ ਜਾਣਕਾਰੀ ਦਿੱਤੀ ਅਤੇ ਜ਼ਰੂਰਤ ਪੈਣ ਤੇ ਇਹਨਾਂ ਹੈਲਪਲਾਈਨ ਨੰਬਰਾਂ ਦੀ ਵਰਤੋਂ ਕਰਨ ਬਾਰੇ ਸੁਚੇਤ ਕੀਤਾ। ਸੈਮੀਨਾਰ ਦੌਰਾਨ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਬਚਣ ਲਈ ਵੀ ਪ੍ਰੇਰਿਤ ਕੀਤਾ ਗਿਆ ਅਤੇ ਉਹਨਾਂ ਨੂੰ ਦੱਸਿਆ ਗਿਆ ਕਿ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਪੰਜਾਬ ਪੁਲਿਸ ਨਸ਼ਿਆਂ ਦੀ ਰੋਕਥਾਮ ਲਈ ਪੂਰੀ ਤਰ੍ਹਾਂ ਗੰਭੀਰ ਹੈ ਅਤੇ ਜੇਕਰ ਉਹਨਾਂ ਦੇ ਆਲੇ ਦੁਆਲੇ, ਪਰਿਵਾਰਾਂ ਵਿੱਚ ਜਾਂ ਗਲੀ ਮਹੱਲਿਆਂ ਵਿੱਚ ਕੋਈ ਵੀ ਵਿਅਕਤੀ ਨਸ਼ਿਆਂ ਦੇ ਰੋਗ ਦਾ ਸ਼ਿਕਾਰ ਹੈ ਤਾਂ ਉਸ ਬਾਰੇ ਜਾਣਕਾਰੀ ਆਪਣੇ ਸਕੂਲਾਂ ਦੇ ਅਧਿਆਪਕਾਂ ਨੂੰ ਦਿੱਤੀ ਜਾਵੇ ਅਤੇ ਸਕੂਲਾਂ ਦੇ ਅਧਿਆਪਕ ਪ੍ਰਸ਼ਾਸਨ ਨਾਲ ਤਾਲਮੇਲ ਕਰਦੇ ਹੋਏ ਅਜਿਹੇ ਨਸ਼ਾ ਰੋਗੀਆਂ ਬਾਰੇ ਸੂਚਨਾ ਦੇਣ ਤਾਂ ਜੋ ਉਹਨਾਂ ਦਾ ਸਰਕਾਰੀ ਨਸ਼ਾ ਮੁਕਤੀ ਕੇਂਦਰਾਂ ਵਿੱਚ ਪੰਜਾਬ ਸਰਕਾਰ ਵੱਲੋਂ ਮੁਫਤ ਇਲਾਜ ਕਰਵਾਇਆ ਜਾ ਸਕੇ। ਸੈਮੀਨਾਰ ਦੌਰਾਨ ਸਹਾਇਕ ਥਾਣੇਦਾਰ ਬਲਵਿੰਦਰ ਸਿੰਘ ਹੌਲਦਾਰ ਬੇਅੰਤ ਸਿੰਘ ਪੀਐਚਸੀ ਮਨਜੀਤ ਸਿੰਘ ਨੇ ਵੀ ਸੰਬੋਧਨ ਕੀਤਾ।


SKY TRANSPORT SOLUTIONS
STRIVE FOR MORE
ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:
WE PROVIDE ALL TRUCKING RELATED PERMITS AND SERVICES
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.
SPECIAL DOT COMPLIANCE
FOR SAFETY, AUDITS AND
RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

# ਬਸਪਾ ਪੰਜਾਬ ਨੇ ਤਮਿਲਨਾਡੂ ਦੇ ਬਸਪਾ ਆਗੂ ਐਡਵੋਕੇਟ ਕੇ.ਆਰਮਸਟਰਾਂਗ ਕਤਲ ਦੇ ਰੋਸ ਵਜੋਂ ਤਮਿਲਨਾਡੂ ਸਰਕਾਰ ਦਾ ਪੁਤਲਾ ਫੂਕਿਆ

**ਫਗਵਾੜਾ / ਜਲੰਧਰ–** ਬਹੁਜਨ ਸਮਾਜ ਪਾਰਟੀ ਵੱਲੋਂ ਅੱਜ ਜਲੰਧਰ ਵਿਧਾਨ ਸਭਾ ਉਪ ਚੋਣ ਦੇ ਪ੍ਰਚਾਰ ਦੇ ਅੰਤਿਮ ਦਿਨ ਵਿਸ਼ਾਲ ਪੈਦਲ ਰੋਸ਼ ਮਾਰਚ ਕੀਤਾ ਗਿਆ। ਇਹ ਰੋਸ ਪੂਰਨ ਪੈਦਲ ਮਾਰਚ ਜੋ ਕਿ ਬੂਟਾ ਮੰਡੀ ਦੀ ਅੰਬੇਡਕਰ ਪਾਰਕ ਤੋਂ ਸ਼ੁਰੂ ਹੋ ਕੇ, ਸ੍ਰੀ ਗੁਰੂ ਰਵਿਦਾਸ ਚੌਂਕ, ਬਬਰੀਕ ਚੌਂਕ ਹੁੰਦਾ ਹੋਇਆ ਬਾਬੂ ਜਗਜੀਵਨ ਰਾਮ ਚੌਂਕ ਵਿਚ ਖਤਮ ਹੋਇਆ, ਜਿੱਥੇ ਬਸਪਾ ਕਾਰਕੁਨਾਂ ਨੇ ਤਮਿਲਨਾਡੂ ਸਰਕਾਰ ਦਾ ਪੁਤਲਾ ਫੂਕਿਆ। ਬਸਪਾ ਕਾਰਕੁਨਾਂ ਵੱਲੋਂ ਰੋਸ ਮਾਰਚ ਵਿੱਚ ਪਿਛਲੇ ਦਿਨੀ ਵਿੱਚ ਕਤਲ ਕਰ ਦਿੱਤੇ ਗਏ ਤਮਿਲਨਾਡੂ ਸੂਬੇ ਦੇ ਪ੍ਰਧਾਨ ਬਸਪਾ ਆਗੂ ਐਡਵੋਕੇਟ ਕੇ।ਆਰਮਸਟਰਾਂਗ ਦੀਆਂ ਤਸਵੀਰਾਂ ਵਾਲੀਆਂ ਤਖਤੀਆਂ ਵੱਡੇ ਪੱਧਰ ਤੇ ਫੜੀਆਂ ਹੋਈਆਂ ਸਨ, ਇਸ ਰੋਸ਼ ਮਾਰਚ ਦੇ ਅੱਗੇ ਜਲੰਧਰ ਵਿਧਾਨ ਸਭਾ ਉਪ ਚੋਣ ਦੇ ਬਸਪਾ ਉਮੀਦਵਾਰ ਬਿੰਦਰ ਲਾਖਾ ਚਲ ਰਹੇ ਸਨ। ਇਸ ਵਿਸ਼ਾਲ ਰੋਸ ਮਾਰਚ ਦੀ ਅਗਵਾਈ ਸੂਬਾ ਪ੍ਰਧਾਨ ਜਸਵੀਰ ਸਿੰਘ ਗੜੀ ਨੇ ਕੀਤੀ। ਇਸ ਮੌਕੇ ਬਸਪਾ ਪੰਜਾਬ ਇੰਚਾਰਜ ਵਿਧਾਇਕ ਡਾ ਨਛੱਤਰ ਪਾਲ ਅਤੇ ਸੂਬਾ ਜਨਰਲ ਸਕੱਤਰ ਐਡਵੋਕੇਟ ਬਲਵਿੰਦਰ ਕੁਮਾਰ ਮੁੱਖ ਪ੍ਰਬੰਧਕਾਂ ਵਜੋਂ ਸਾਰਾ ਪ੍ਰੋਗਰਾਮ ਦੀ ਦੇਖ ਰੇਖ ਕਰ ਰਹੇ ਸਨ।




ਇਸ ਮੌਕੇ ਬਸਪਾ ਪ੍ਰਧਾਨ ਜਸਵੀਰ ਸਿੰਘ ਗੜੀ ਨੇ ਕਿਹਾ ਕਿ ਤਮਿਲਨਾਡੂ ਸੂਬੇ ਦੇ ਪ੍ਰਧਾਨ ਕੇ ਆਰਮ ਸਟਰਾਂਗ ਦਾ ਕਤਲ ਮਜਲੂਮਾਂ ਅਤੇ ਕਮਜ਼ੋਰਾਂ ਦੀ ਆਵਾਜ਼ ਨੂੰ ਦੱਬਣ ਦੀ ਕੋਸ਼ਿਸ਼ ਹੈ। ਸ਼ਰੀਕੇ ਆਰਮ ਸਟਰਾਂਗ ਨੂੰ ਸ਼ਰਧਾਂਜਲੀ ਦੇਣ ਲਈ ਕੱਲ ਬਹੁਜਨ ਸਮਾਜ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਅਤੇ ਕੇਂਦਰੀ ਕੋਆਰਡੀਨੇਟਰ ਅਤੇ ਉੱਤਰਾਧਿਕਾਰੀ ਸ੍ਰੀ ਆਕਾਸ਼ ਆਨੰਦ ਜੀ ਤਮਿਲਨਾਡੂ ਪੁੱਜੇ ਸਨ। ਜਿੱਥੇ ਬਹੁਜਨ ਸਮਾਜ ਪਾਰਟੀ ਨੇ ਸੂਬਾ ਸਰਕਾਰ ਦੀ ਨਿਕੰਮੀ ਕਾਰਗੁਜ਼ਾਰੀ ਨੂੰ ਮੁੱਖ ਰੱਖਦੇ ਹੋਏ ਕਤਲ ਕੇਸ ਦੀ ਜਾਂਚ ਸੀਬੀਆਈ ਤੋਂ ਕਰਾਉਣ ਦੀ ਮੰਗ ਕੀਤੀ ਸੀ, ਅਤੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਸ ਗੜੀ ਨੇ ਕਿਹਾ ਕਿ ਪੰਜਾਬ ਸੂਬੇ ਵਿੱਚ ਵੀ ਬਹੁਜਨ ਸਮਾਜ ਪਾਰਟੀ ਦੀ ਲੀਡਰਸ਼ਿਪ ਅਸੁਰੱਖਿਅਤ ਹੈ। ਬਸਪਾ ਆਗੂ ਹਰ ਰੋਜ਼ ਪੰਜਾਬ ਵਿੱਚ ਜਾਤੀਵਾਦ ਤੇ ਅਧਾਰਤ ਘਟਨਾਵਾਂ ਨੂੰ ਰੋਕਣ ਲਈ ਅਤੇ ਗਰੀਬਾਂ ਮਜ਼ਲੂਮਾਂ ਨੂੰ ਇਨਸਾਫ ਦਿਵਾਉਣ ਹਿਤ ਜਾਤੀਵਾਦ ਕਰਨ ਵਾਲੇ ਗੁੰਡਾ ਅਨਸਰਾਂ ਖਿਲਾਫ ਠਾਣੇ ਕਚਹਿਰੀ ਹਰ ਰੋਜ਼ ਲੜਦੇ ਹਨ। ਅਜਿਹੇ ਹਾਲਾਤਾਂ ਚ ਬਸਪਾ ਕਾਰਕੂਨਾ ਦੀ ਜਾਨ ਮਾਲ ਦਾ ਖਤਰਾ ਹਮੇਸ਼ਾ ਬਣਿਆ ਰਹਿੰਦਾ ਹੈ। ਜਦੋਂ ਕਿ ਆਜ਼ਾਦੀ ਦੇ 75 ਸਾਲਾਂ ਵਿੱਚ ਪੰਜਾਬ ਦੀ ਸੂਬਾ ਸਰਕਾਰ ਨੇ ਹਮੇਸ਼ਾ ਹੀ ਸੰਵਿਧਾਨ ਦੇ ਖਿਲਾਫ ਬੋਲਣ ਵਾਲਿਆ ਨੂੰ ਅਤੇ ਫਿਰਕੂਵਾਦੀ ਭਾਸ਼ਾ ਬੋਲਣ ਵਾਲੇ ਅਪਰਾਧੀ ਅਤੇ ਗੁੰਡੇ ਅਨਸਰਾਂ ਨੂੰ ਪਹਿਲ ਦੇ ਆਧਾਰ ਤੇ ਸੁਰੱਖਿਆ ਮੁਹਈਆ ਕਰਾਈ ਹੈ। ਬਸਪਾ ਵਿਧਾਇਕ ਨਛੱਤਰ ਪਾਲ ਨੇ ਕਿਹਾ ਕਿ ਪੰਜਾਬ ਵਿੱਚ ਵਧ ਰਹੀਆਂ ਜਾਤੀਵਾਦੀ ਘਟਨਾਵਾਂ ਕਿਸੇ ਵੇਲੇ ਵੀ ਭਿਆਨਕ ਰੂਪ ਲੈਂਦੇ ਹੋਏ ਵਿਸਫੋਕਟ ਰੂਪ ਧਾਰ ਸਕਦੀਆਂ ਹਨ, ਜਿਸ ਦੀ ਜ਼ਿੰਮੇਵਾਰ ਆਮ ਆਦਮੀ ਪਾਰਟੀ ਦੀ ਸੂਬਾ ਸਰਕਾਰ ਹੋਵੇਗੀ। ਸੂਬਾ ਜਨਰਲ ਸਕੱਤਰ ਐਡਵੋਕੇਟ ਬਲਵਿੰਦਰ ਕੁਮਾਰ ਨੇ ਕਿਹਾ ਕਿ ਜਲੰਧਰ ਉਪ ਚੋਣ ਵਿੱਚ ਚੋਣ ਕਮਿਸ਼ਨ ਦਾ ਢਿੱਲਾ ਰਵਈਆ ਇੰਨਾ ਵੱਡੇ ਪੱਧਰ ਤੇ ਦੇਖਿਆ ਗਿਆ ਕਿ ਮਨੀ ਮੀਡੀਆ ਮਾਫੀਆ ਦੀ ਖੁੱਲੀ ਦਰਵਰਤੋਂ ਹੋਈ ਜੋ ਕਿ ਨਿੰਦਣਯੋਗ ਹੈ।




ਤਮਿਲਾਡੂ ਸਰਕਾਰ ਦੇ ਪੁਤਲੇ ਨੂੰ ਅੱਗ ਬਸਪਾ ਆਗੂ ਸ਼੍ਰੀ ਅਜੀਤ ਸਿੰਘ ਭੈਣੀ ਅਤੇ ਸ਼੍ਰੀ ਬਲਦੇਵ ਸਿੰਘ ਮਹਿਰਾ ਨੇ ਦਿੱਤੀ। ਇਸ ਮੌਕੇ ਬਹੁਜਨ ਸਮਾਜ ਪਾਰਟੀ ਦੇ ਆਗੂ ਵੱਡੀ ਗਿਣਤੀ ਵਿੱਚ ਹਾਜ਼ਰ ਸਨ ਜਿਨਾਂ ਵਿੱਚ ਠੇਕੇਦਾਰ ਰਜਿੰਦਰ ਸਿੰਘ, ਤੀਰਥ ਰਾਜਪੁਰਾ, ਜਗਦੀਸ਼ ਸ਼ੇਰਪੁਰੀ, ਜਗਦੀਸ਼ ਦੀਸ਼ਾ, ਉਮੀਦਵਾਰ ਬਿੰਦਰ ਲਾਖਾ, ਸਰਬਜੀਤ ਜਾਫਰਪੁਰ, ਦਲਜੀਤ ਰਾਏ, ਜੋਗਿੰਦਰ ਪਾਲ ਭਗਤ, ਸੁਰਿੰਦਰ ਚੌਧਰੀ, ਤਾਰਾ ਚੰਦ ਭਗਤ, ਜਸਵੰਤ ਰਾਏ, ਦਵਿੰਦਰ ਗੋਗਾ ਪਰਮਜੀਤ ਮੱਲ, ਸਲਵਿੰਦਰ ਕੁਮਾਰ, ਦੇਵਰਾਜ ਸੁਮਨ, ਡਾਕਟਰ ਮੱਖਣ ਸਿੰਘ, ਦਰਸ਼ਨ ਸਿੰਘ ਝਲੂਰ, ਅਮਰਜੀਤ ਸਿੰਘ ਝਲੂਰ, ਰਾਜਾ ਰਜਿੰਦਰ ਸਿੰਘ ਨਨਹੇੜੀਆਂ, ਸੁਰਿੰਦਰ ਸਿੰਘ ਕੰਬੋਜ, ਬੂਟਾ ਸਿੰਘ ਸੰਗੋਵਾਲ, ਭਾਗ ਸਿੰਘ ਸਰੀਹ, ਬਲਵਿੰਦਰ ਬਿੱਟਾ, ਬਲਵਿੰਦਰ ਰੱਲ, ਸਰਪੰਚ ਖੁਸ਼ੀ ਰਾਮ, ਆਦਿ ਹਾਜ਼ਰ ਸਨ।

# ਕ੍ਰਾਈਸਟਚਰਚ ਦੀ ਇਕ ਪਾਰਕ 'ਚ ਪੰਜਾਬੀ ਬਜ਼ੁਰਗ ਸ. ਮੇਵਾ ਸਿੰਘ ਨੂੰ ਮਾਰਨ 'ਤੇ ਦੋਸ਼ੀ ਨੂੰ ਅਕਤੂਬਰ ਮਹੀਨੇ ਸਜ਼ਾ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਪਿਛਲੇ ਸਾਲ 7 ਅਪ੍ਰੈਲ ਦੀ ਸ਼ਾਮ ਨੂੰ ਲਿਨਵੁੱਡ ਪਾਰਕ ਕ੍ਰਾਈਸਟਚਰਚ ਦੇ ਵਿਚ ਸੈਰ ਕਰ ਰਹੇ ਇਕ ਪੰਜਾਬੀ ਬਜ਼ੁਰਗ ਸ੍ਰੀ ਮੇਵਾ ਸਿੰਘ (ਕਰਨਾਲ–ਹਰਿਆਣਾ) ਜੋ ਕਿ 3 ਕੁ ਮਹੀਨੇ ਪਹਿਲਾਂ ਇਥੇ ਵਿਜ਼ਟਰ ਵੀਜੇ ਉਤੇ ਆਇਆ ਸੀ, ਉਸ ਸਮੇਂ ਕਿਸੇ ਨੇ ਧੱਕਾ ਮਾਰ ਕੇ ਐਨਾ ਜ਼ਖਮੀ ਕਰ ਦਿੱਤਾ ਸੀ ਕਿ ਉਸਦੀ ਦੋ ਦਿਨ ਬਾਅਦ ਹਸਪਤਾਲ ਦੇ ਵਿਚ ਮੌਤ ਹੋ ਗਈ ਸੀ। ਦਰਅਸਲ ਦੋਸ਼ੀ ਪਾਇਆ ਗਿਆ ਵਿਅਕਤੀ ਉਸ ਵੇਲੇ ਆਪਣੇ 7 ਸਾਲ ਦੇ ਬੇਟੇ ਨੂੰ ਆਪਣੀ ਸਾਬਕਾ ਪਤਨੀ ਦੇ ਘਰੋਂ ਲੈ ਕੇ ਪਾਰਕ ਵਿਚ ਖਿਡਾਉਣ ਆਇਆ ਸੀ। ਜਦੋਂ ਵਾਪਿਸ ਮੁੜਨਾ ਸੀ ਤਾਂ ਬੱਚਾ ਵਾਪਿਸ ਨਹੀਂ ਜਾ ਰਿਹਾ ਸੀ ਅਤੇ ਹੋਰ ਖੇਡਣਾ ਚਾਹੁੰਦਾ ਸੀ, ਉਸ ਵਿਅਕਤੀ ਨੇ ਉਸ ਬੱਚੇ ਨੂੰ ਸਬਕ ਸਿਖਾਉਣ ਲਈ ਉਥੇ ਹੀ ਛੱਡ ਦਿੱਤਾ ਕਿ ਇਕੱਲਾ ਖੇਡੀ ਜਾ। ਉਹ ਕੁਝ ਸਮੇਂ ਬਾਅਦ ਲੈਣ ਆਇਆ ਤਾਂ ਵੇਖਿਆ ਕਿ ਉਸਦਾ ਬੱਚਾ ਸੜਕ ਦੇ ਦੂਜੇ ਬੰਨੇ ਇਕ ਬਜ਼ੁਰਗ ਦਾ ਹੱਥ ਫੜ੍ਹ ਕੇ ਖੜਾ ਹੈ। ਉਸ ਨੂੰ ਸ਼ੱਕ ਪਿਆ ਕਿ ਇਹ ਭਾਰਤੀ ਮੂਲ ਦਾ ਅਜਨਬੀ ਬੰਦਾ ਉਸਦੇ ਪੁੱਤਰ ਨੂੰ ਅਗਵਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਉਹ ਬਜ਼ੁਰਗ ਕੋਲ ਜਾ ਕੇ ਬਹੁਤ ਗੁੱਸੇ ਹੋਇਆ ਅਤੇ ਬੁਰਾ ਭਲਾ ਕਹਿ ਕੇ ਧੱਕਾ ਮਾਰ ਕੇ ਆਪਣੇ ਮੁੰਡੇ ਨੂੰ ਖੋਹ ਕੇ ਲੈ ਗਿਆ। ਇਹ ਗੱਲ ਉਸਨੇ ਆਪਣੀ ਸਾਬਕਾ ਪਤਨੀ ਨੂੰ ਜਾ ਕੇ ਉਸਦੇ ਘਰ ਦੱਸੀ। ਉਸਦੇ ਬੱਚੇ ਨੇ ਕਿਹਾ ਕਿ ਉਹ ਕਹਿ ਰਿਹਾ ਸੀ 'ਡੈਡੀ ਦੀ ਕਾਰ' ਤੱਕ ਚੱਲ। ਉਸ ਵਿਅਕਤੀ ਨੇ ਸ਼ਾਇਦ ਇਸਦਾ ਗਲਤ ਮਤਲਬ ਕੱਢਿਆ ਆਪਣੀ ਪਤਨੀ ਦੇ ਰੋਕਣ ਦੇ ਬਾਵਜੂਦ ਉਹ ਦੁਬਾਰਾ ਉਸੇ ਪਾਰਕ ਵਿਚ ਆਇਆ ਅਤੇ ਬਜ਼ੁਰਗ ਨੂੰ ਉਥੇ ਵੇਖ ਕੇ ਦੁਬਾਰਾ ਹਮਲਾ ਕਰ ਦਿੱਤਾ। ਉਸਨੇ ਬਜ਼ੁਰਗ ਨੂੰ ਕਾਲਰ ਤੋਂ ਫੜਿਆ, ਉਸਦੇ ਜਬਾੜੇ ਉਤੇ ਵੀ ਬੁਰੀ ਤਰ੍ਹਾਂ ਮੁੱਕਾ ਮਾਰਿਆ ਤੇ ਧੱਕਾ ਮਾਰ ਕੇ ਫੁੱਟਪਾਥ ਉਤੇ ਸਿਰ ਭਰ ਸੁੱਟ ਦਿੱਤਾ। ਉਹ ਬਜ਼ੁਰਗ ਸਿਰ ਭਰ ਡਿਗਿਆ ਅਤੇ ਸਿਰ ਅੰਦਰ ਖੂਨ ਵਹਿ ਗਿਆ। ਇਹ ਗੱਲ ਜਾ ਕੇ ਉਸਨੇ ਫਿਰ ਪਤਨੀ ਨੂੰ ਦੱਸੀ ਕਿ ਸ਼ਾਇਦ ਉਹ ਮਰ ਗਿਆ ਹੈ। ਉਸਦੀ ਪਤਨੀ ਨੇ ਐਮਰਜੈਂਸੀ




ਸੇਵਾਵਾਂ ਨੂੰ ਫੋਨ ਕੀਤਾ।


ਉਸ ਆਦਮੀ ਨੇ ਬਾਅਦ ਵਿੱਚ ਆਪਣੇ ਫਲੈਟਮੇਟ ਨੂੰ ਵੀ ਇਹੀ ਗੱਲ ਦੱਸੀ। ਸਿਰ ਭਰ ਡਿਗਣ ਤੋਂ ਬਾਅਦ ਸ। ਮੇਵਾ ਸਿੰਘ ਨੂੰ ਹੋਸ਼ ਨਹੀਂ ਆਇਆ। ਖੋਪੜੀ ਦੇ ਫਰੈਕਚਰ ਅਤੇ ਅੰਦਰੂਨੀ ਖੂਨ ਵਹਿਣ ਨਾਲ ਉਸਦਾ ਇਲਾਜ ਕ੍ਰਾਈਸਟਚਰਚ ਹਸਪਤਾਲ ਦੇ ਇੰਟੈਂਸਿਵ ਕੇਅਰ ਯੂਨਿਟ ਵਿੱਚ ਸ਼ੁਰੂ ਹੋਇਆ। ਉਸ ਦੀਆਂ ਸੱਟਾਂ ਅਸਹਿ ਸਨ। 9 ਅਪ੍ਰੈਲ ਨੂੰ ਜਦੋਂ ਜੀਵਨ ਸਹਾਇਤਾ ਸਿਸਟਮ ਵੈਂਟੀਲੇਟਰ ਆਦਿ ਉਤਾਰਿਆ ਗਿਆ ਤਾਂ ਉਸਦੀ ਮੌਤ ਹੋ ਗਈ। ਜਦੋਂ ਪੁਲਿਸ ਨੇ ਹੋਰ ਜਾਂਚ–ਪੜ੍ਹਤਾਲ ਕੀਤੀ ਤਾਂ ਵਿਅਕਤੀ ਨੇ ਕਿਹਾ ਕਿ ਉਸਨੂੰ ਵਿਸ਼ਵਾਸ ਸੀ ਕਿ ਉਹ ਬਜ਼ੁਰਗ ਉਸਦੇ ਪੁੱਤਰ ਨੂੰ ਅਗਵਾ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਉਸਨੇ ਕਿਹਾ ਕਿ ਉਹ ਆਪਣਾ ਹੋਸ਼ ਗੁੱਸੇ ਵਿਚ ਗੁਆ ਚੁੱਕਾ ਸੀ ਅਤੇ ਫਿਰ ਉਸਨੇ ਉਸਨੂੰ ਬੁਰੀ ਤਰ੍ਹਾਂ ਮਾਰਿਆ। ਉਸਨੂੰ ਚਿੰਤਾ ਸੀ ਕਿ ਉਸਦੀ ਮੌਤ ਹੋ ਸਕਦੀ ਹੈ। ਸ. ਮੇਵਾ ਸਿੰਘ ਦੇ ਕਤਲ ਦੇ ਮਾਮਲੇ ਵਿੱਚ ਹੁਣ ਹਾਈਕੋਰਟ ਵਿੱਚ 22 ਅਕਤੂਬਰ ਨੂੰ ਦੋਸ਼ੀ ਨੂੰ ਸਜ਼ਾ ਸੁਣਾਈ ਜਾਵੇਗੀ। ਇਸ ਵਿਅਕਤੀ ਦਾ ਨਾਂਅ ਅਜੇ ਗੁਪਤ ਰੱਖਿਆ ਗਿਆ ਹੈ। ਸਿਆਣਿਆ ਨੇ ਠੀਕ ਹੀ ਕਿਹਾ ਹੈ ਕਿ ਗੁੱਸੇ ਦਾ ਵਾਰਰੋਲਾ ਦਿਮਾਗ ਦਾ ਖੋਲਾ ਕਰ ਦਿੰਦਾ ਹੈ।

ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਕੈਲੀਫ਼ੋਰਨੀਆ

ਲਾਜ਼ਿਮ ਨਹੀਂ ਏ ਲੋਕੋ ਆਪਣੀ ਜ਼ੁਬਾਨ ਖੋਲ੍ਹਾਂ,
ਬੋਲਣਗੇ ਸ਼ੇਅਰ ਮੇਰੇ ਸੌ ਸੌ ਜ਼ੁਬਾਨ ਲੈ ਕੇ।

ਵਿਸ਼ਵ ਪੰਜਾਬੀ ਸਾਹਿਤ ਅਕਾਦਮੀ, ਕੈਲੀਫ਼ੋਰਨੀਆ
ਵਲੋਂ
ਆਜ਼ਾਦ ਜਲੰਧਰੀ ਸ਼ਰਧਾਂਜਲੀ ਸਮਾਗਮ
ਕੈਲੀਫ਼ੋਰਨੀਆ ਦੇ ਸਮੂਹ ਸਾਹਿਤਕਾਰਾਂ ਨੂੰ ਸਮਾਗਮ ਲਈ ਖੁੱਲ੍ਹਾ ਸੱਦਾ।

ਆਜ਼ਾਦ ਜਲੰਧਰੀ ਜੀ ਨੂੰ ਨਿੱਘੀਆਂ ਸ਼ਰਧਾਂਜਲੀਆਂ ਅਤੇ ਕਵੀ ਦਰਬਾਰ



ਐਤਵਾਰ- 14 ਜੁਲਾਈ 2024,
1:00 ਤੋਂ 5:00ਸ਼ਾਮ
at
Irvington Community Cen,
41885 Blackow Rd, Fremont, CA

ਵਲੋਂ: ਵਿਪਸਾਅ ਕਮੇਟੀ
ਕੁਲਵਿੰਦਰ 510-367-2090,
ਜਗਜੀਤ 510-676-1565

Space by : Desh Doaba

# ਖ਼ਾਲਸਾ ਕਾਲਜ ਗੜ੍ਹਸ਼ੰਕਰ ਦਾ ਬੀ.ਏ. ਬੀ.ਐਡ. ਅੱਠਵੇਂ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਚੱਲ ਰਹੇ ਚਾਰ



ਸਾਲਾ ਇਟਗ੍ਰੇਟਿਡ ਕੋਰਸ ਬੀ.ਏ. ਬੀ.ਐਡ. ਦੇ ਅੱਠਵੇਂ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਪ੍ਰੋ. ਲਖਵਿੰਦਰਜੀਤ ਕੌਰ ਨੇ ਦੱਸਿਆ ਕਿ ਕਲਾਸ ਦੀਆਂ ਸਾਰੀਆਂ ਵਿਦਿਆਰਥੀਆਂ ਚੰਗੇ ਅੰਕ ਲੈ ਕੇ ਪਾਸ ਹੋਈਆਂ ਹਨ। ਉਨ੍ਹਾਂ ਦੱਸਿਆ ਕਿ ਵਿਦਿਆਰਥਣ ਪਾਇਲ ਨੇ 88।88 ਫੀਸਦੀ ਅੰਕ ਲੈ ਕੇ ਕਲਾਸ ਵਿਚੋਂ ਪਹਿਲਾ ਸਥਾਨ, ਸੁਮਿਤੀ ਨੇ 87।98 ਫੀਸਦੀ ਅੰਕ ਲੈ ਕੇ ਦੂਜਾ ਸਥਾਨ ਤੇ ਨਵਰੂਪ ਨੇ 86।94 ਫੀਸਦੀ ਅੰਕ ਲੈ ਕੇ ਤੀਜਾ ਸਥਾਨ ਹਾਸਿਲ ਕੀਤਾ ਹੈ। ਉਨ੍ਹਾਂ ਸ਼ਾਨਦਾਰ ਨਤੀਜੇ ਲਈ ਵਿਦਿਆਰਥਣਾਂ, ਉਨ੍ਹਾਂ ਦੇ ਮਾਪਿਆਂ ਤੇ ਸਟਾਫ਼ ਨੂੰ ਵਧਾਈ ਦਿੱਤੀ ਤੇ ਅਵੱਲ ਰਹੀਆਂ ਵਿਦਿਆਰਥਣਾਂ ਨੂੰ ਭਵਿੱਖ ਵਿਚ ਮੱਲਾਂ ਮਾਰਨ ਲਈ ਪ੍ਰੇਰਿਤ ਕੀਤਾ।

# ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਭੱਲਾ ਦੁਆਰਾ ਲਿਖੀ ਗਈ ਪੁਸਤਕ 'ਸਫ਼ਰ ਦਰ ਸਫ਼ਰ'' ਨੂੰ ਲੋਕ ਅਰਪਿਤ ਕੀਤਾ

**ਲੁਧਿਆਣਾ (ਡੀਡੀਬੀ)** ਰਾਜ ਸਭਾ ਮੈਂਬਰ ਪਦਮ ਸ਼੍ਰੀ ਸੰਤ ਬਲਬੀਰ ਸਿੰਘ ਸੀਚੇਵਾਲ ਵਲੋਂ ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ ਦੇ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਭੱਲਾ ਦੁਆਰਾ ਲਿਖੀ ਗਈ ਪੁਸਤਕ 'ਸਫ਼ਰ ਦਰ ਸਫ਼ਰ'' ਨੂੰ ਲੋਕ ਅਰਪਿਤ ਕੀਤਾ ਗਿਆ। ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਨੇ ਇਸ ਮੌਕੇ ਉੱਪਰ ਇਸ ਪੁਸਤਕ ਬਾਰੇ ਆਪਣੇ ਵਿਚਾਰ ਸਾਂਝੇ ਕਰਦੇ ਹੋਏ ਕਿਹਾ ਕਿ ਹਰੇਕ ਵਿਅਕਤੀ ਲਈ ਇਹ ਬੇਹੱਦ ਜ਼ਰੂਰੀ ਹੈ ਕਿ ਸਮੇਂ-ਸਮੇਂ ਉੱਪਰ ਉਹ ਆਪਣੀ ਜ਼ਿੰਦਗੀ ਦੇ ਸਫ਼ਰ ਦੌਰਾਨ ਆਪਣੇ ਆਸ-ਪਾਸ ਦੇ ਲੋਕਾਂ ਅਤੇ ਵਰਤਾਰਿਆਂ ਬਾਰੇ ਆਪਣੇ ਦ੍ਰਿਸ਼ਟੀਕੋਣ ਨੂੰ ਦਰੁਸਤ ਕਰੇ। ਉਹਨਾਂ ਕਿਹਾ ਮਨੁੱਖ ਦੀਆਂ ਵਧੇਰੇ ਕਰਕੇ ਸਮਸਿਆਵਾਂ ਦਾ ਮੂਲ ਕਾਰਨ ਉਸ ਦੀ ਬੇਸਮਝੀ ਤੇ ਨਾਕਾਰਾਤਮਕ ਦ੍ਰਿਸਟੀਕੋਣ ਹੁੰਦਾ ਹੈ ਅਤੇ ਜੇਕਰ ਮਨੁੱਖ ਆਪਣੇ ਨੁਕਤਾ-ਏ-ਨਜ਼ਰ ਨੂੰ ਸਾਕਾਰਾਤਮਕ ਅਤੇ ਸਿਰਜਣਾਤਮਕ ਰੱਖਣ ਦਾ ਯਤਨ ਕਰੇ ਤਾਂ ਉਹ ਨਿਸ਼ਚਿਤ ਤੌਰ ਉੱਪਰ ਉਹ ਆਪਣੀ ਜ਼ਿੰਦਗੀ ਦੇ ਹਰ ਮੈਦਾਨ ਫ਼ਤਿਹ ਹਾਸਲ ਕਰ ਸਕਦਾ ਹੈ। ਉਹਨਾਂ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਭੱਲਾ ਨੂੰ ਇਸ ਪੁਸਤਕ ਲਈ ਮੁਬਾਰਕਬਾਦ ਦਿੰਦਿਆ ਕਿਹਾ ਕਿ ਲੇਖਕ ਵਲੋਂ ਜੀਵਨ ਦੀਆਂ ਡੂੰਘੀਆਂ ਰਮਜ਼ਾਂ ਨੂੰ ਬਾਖੂਬੀ ਸਮਝਣ ਦਾ ਯਤਨ ਕੀਤਾ ਗਿਆ ਹੈ ਅਤੇ ਇਹ ਪੁਸਤਕ ਬੁਨਿਆਦੀ ਇਖ਼ਲਾਕੀ ਕਦਰਾਂ-ਕੀਮਤਾਂ ਪ੍ਰਤੀ ਮਨੁੱਖੀ ਸਮਝ ਨੂੰ ਬੇਹਤਰ ਬਣਾਉਣ ਦੇ ਮਨੋਰਥ ਨਾਲ ਲਿਖੀ ਗਈ ਹੈ।

ਇਸ ਮੌਕੇ ਪ੍ਰਸਿੱਧ ਸ਼ਾਇਰ ਅਤੇ ਪ੍ਰਧਾਨ ਸਿਰਜਣਾ ਕੇਂਦਰ (ਕਪੂਰਥਲਾ) ਸ: ਕੰਵਰ ਇਕਬਾਲ ਸਿੰਘ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ । ਉਹਨਾਂ ਨੇ ਇਸ ਗੱਲ ਦਾ ਵਿਸ਼ੇਸ਼ ਤੌਰ ਉੱਪਰ ਉਲੇਖ ਕੀਤਾ ਕਿ ਇਹ ਪੁਸਤਕ ਅਜੋਕੀ ਪੀੜ੍ਹੀ ਨੂੰ ਜੀਵਨ ਵਿੱਚ ਉਸਾਰੂ ਤੇ ਰਚਨਾਤਮਿਕ ਸੋਚ ਨੂੰ ਅਪਣਾਉਣ, ਆਪਣੇ ਉਜਵਲ ਭਵਿੱਖ ਲਈ ਸੁਪਨੇ ਸਿਰਜਣ ਅਤੇ ਉਨ੍ਹਾਂ ਨੂੰ ਸਾਕਾਰ ਕਰਨ ਲਈ ਹਾਂ ਪੱਖੀ ਸੋਚ ਨੂੰ ਅਪਣਾਉਣ ਦੇ ਨਾਲ-ਨਾਲ ਸੌੜੀ ਤੇ ਨਾਂਹ ਪੱਖੀ ਸੋਚ ਨੂੰ ਛੱਡਣ ਲਈ ਪ੍ਰੇਰਿਤ ਕਰੇਗੀ।



ਉਨ੍ਹਾਂ ਨੇ ਇਸ ਦੀ ਤਰ੍ਹਾਂ ਦੀ ਕਿਤਾਬ ਨੂੰ ਵਰਤਮਾਨ ਸਮੇਂ ਦੀ ਇਕ ਅਹਿਮ ਜ਼ਰੂਰਤ ਦੱਸਿਆ। ਉਹਨਾਂ ਨੇ ਡਾ। ਅਰਵਿੰਦਰ ਸਿੰਘ ਭੱਲਾ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਪੁਸਤਕ ਵਿਚ ਪ੍ਰਿੰਸੀਪਲ ਡਾ। ਭੱਲਾ ਵਲੋਂ ਬਜ਼ੁਰਗ, ਦਾਨਿਸ਼ਵਰ, ਮੁਰਸ਼ਦ, ਮੁਰੀਦ, ਸ਼ਿਸ਼, ਗੁਰੂਦੇਵ, ਫ਼ਕੀਰ, ਜਗਿਆਸੂ, ਸਾਈਂ, ਵਲੀ, ਜੋਗੀ, ਜਿਹੇ ਪਾਤਰਾਂ ਰਾਹੀਂ ਜੀਵਨ ਦੀਆਂ ਅਜ਼ਮਾਇਸ਼ਾਂ ਨਾਲ ਨਜਿੱਠਣ ਦੇ ਢੰਗ ਬੜੇ ਸੌਖੇ ਅਤੇ ਸਰਲ ਢੰਗ ਪੇਸ਼ ਕੀਤੇ ਗਏ ਹਨ।

ਪ੍ਰਿੰਸੀਪਲ ਡਾ।.ਅਰਵਿੰਦਰ ਸਿੰਘ ਭੱਲਾ ਨੇ ਆਪਣੀ ਇਸ ਪੁਸਤਕ ਬਾਰੇ ਜਾਣਕਾਰੀ ਸਾਂਝੇ ਕਰਦੇ ਹੋਏ ਕਿਹਾ ਕਿ ਇਸ ਪੁਸਤਕ ਵਿਚ ਸ਼ਾਮਿਲ ਪੈਂਹਠ ਲਲਿਤ ਨਿਬੰਧ ਇਨਸਾਨ ਨੂੰ ਰੋਜ਼ਮਰਾ ਦੀ ਜ਼ਿੰਦਗੀ ਵਿਚ ਦਰਪੇਸ਼ ਆਉਣ ਵਾਲੀਆਂ ਅਜ਼ਮਾਇਸ਼ਾਂ, ਚਣੌਤੀਆਂ, ਮੁਸ਼ਕਿਲਾਂ, ਤ੍ਰਾਸਦੀਆਂ ਆਦਿ ਦੇ ਸਨਮੁੱਖ ਮਨੁੱਖ ਨੂੰ ਸੰਘਰਸ਼ ਕਰਨ ਲਈ ਪ੍ਰੇਰਿਤ ਕਰਨ ਦੇ ਨਾਲ-ਨਾਲ ਮਨੁੱਖ ਅੰਦਰ ਹੌਸਲਾ, ਹਿੰਮਤ ਅਤੇ ਚੜਦੀ ਕਲਾ ਦੀ ਭਾਵਨਾ ਪੈਦਾ ਕਰਦੇ ਹਨ। ਉਹਨਾਂ ਨੇ ਇਸ ਗੱਲ ਦਾ ਇਥੇ ਵਿਸ਼ੇਸ਼ ਤੌਰ ਉੱਪਰ ਉਲੇਖ ਕੀਤਾ ਕਿ ਇਸ ਪੁਸਤਕ ਦਾ ਮੁੱਖਬੰਧ ਸੈਂਟਰਲ ਯੂਨੀਵਰਸਿਟੀ ਆਫ ਹਿਮਾਚਲ ਪ੍ਰਦੇਸ਼ ਦੇ ਚਾਂਸਲਰ ਪਦਮ ਸ਼੍ਰੀ ਡਾ. ਹਰਮੋਹਿੰਦਰ ਸਿੰਘ ਬੇਦੀ ਨੇ ਵਿਸ਼ੇਸ਼ ਤੌਰ ਉੱਪਰ ਲਿਖਿਆ ਹੈ। ਡਾ. ਅਰਵਿੰਦਰ ਸਿੰਘ ਭੱਲਾ ਨੇ ਇਹ ਵੀ ਕਿਹਾ ਕਿ ਇਹ ਪੁਸਤਕ ਮਨੁੱਖ ਅੰਦਰਲੀਆਂ ਬੁਰਾਈਆਂ ਦੀ ਨਿਸ਼ਾਨਦੇਹੀ ਕਰਕੇ ਉਸ ਨੂੰ ਨੈਤਿਕਤਾ ਜਾਂ ਆਦਰਸ਼ਵਾਦ ਦੇ ਰਾਹ ਉੱਪਰ ਚੱਲਣ ਲਈ ਪ੍ਰੇਰਦੀ ਹੈ। ਆਧੁਨਿਕ ਮਨੁੱਖ ਜੋ ਕਿ ਈਰਖਾ, ਹੰਕਾਰ, ਨਫ਼ਰਤ, ਸੌੜੀ ਸੋਚ, ਬਦਲਾਖੋਰੀ, ਪਸ਼ੂ-ਬਿਰਤੀ, ਡਰ, ਚਿੰਤਾ, ਅਸੁਰੱਖਿਆ, ਆਦਿ ਪ੍ਰਵਿਰਤੀਆਂ ਦੇ ਪ੍ਰਭਾਵ ਹੇਠ ਜਿਉਂਣ ਲਈ ਮਜਬੂਰ ਦਿਖਾਈ ਦੇ ਰਿਹਾ ਹੈ, ਉਹ ਇਖ਼ਲਾਕੀ ਕਦਰਾਂ ਕੀਮਤਾਂ ਨੂੰ ਅਮਲੀ ਜੀਵਨ ਵਿੱਚ ਅਪਣਾਉਣ ਦੀ ਬਜਾਏ ਬਦਕਿਸਮਤੀ ਨਾਲ ਆਪਣੇ ਵਿਵਹਾਰਿਕ ਜੀਵਨ ਵਿਚੋਂ ਬਾਹਰ ਕੱਢ ਰਿਹਾ ਹੈ। ਸਿੱਟੇ ਵਜੋਂ ਉਸ ਦੀ ਜ਼ਿੰਦਗੀ ਵਿਚੋਂ ਸਹਿਜ, ਸੁਹਜ, ਸਬਰ, ਸੁਹਿਰਦਤਾ ਅਤੇ ਸੰਤੋਖ ਮਨਫੀ ਹੋ ਰਿਹਾ ਹੈ। ਉਨ੍ਹਾਂ ਇਸ ਪੁਸਤਕ ਨੂੰ ਲਿਖਣ ਵਿਚ ਸਹਿਯੋਗ ਅਤੇ ਮਾਰਗਦਰਸ਼ਨ ਦੇਣ ਲਈ ਡਾ. ਸ. ਪ. ਸਿੰਘ, ਸਾਬਕਾ ਉੱਪ ਕੁਲਪਤੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦਾ ਧੰਨਵਾਦ ਕੀਤਾ।

ਇਥੇ ਇਹ ਗੱਲ ਵਿਸ਼ੇਸ਼ ਤੌਰ ਉੱਪਰ ਜ਼ਿਕਰਯੋਗ ਹੈ ਕਿ ਪ੍ਰਿੰਸੀਪਲ ਡਾ. ਅਰਵਿੰਦਰ ਸਿੰਘ ਭੱਲਾ ਆਪਣੀਆਂ ਪ੍ਰਸ਼ਾਸਨਿਕ ਜ਼ਿੰਮੇਵਾਰੀਆਂ ਨੂੰ ਨਿਭਾਉਣ ਦੇ ਨਾਲ ਨਾਲ ਖੋਜ ਕਾਰਜਾਂ ਨੂੰ ਪੂਰੀ ਤਰ੍ਹਾਂ ਸਮਰਪਿਤ ਹਨ। ਹੁਣ ਤੱਕ ਉਨ੍ਹਾਂ ਵੱਲੋਂ ਉਨੀਂ ਕਿਤਾਬਾਂ ਅਤੇ ਅੱਸੀਂ ਤੋਂ ਵੱਧ ਖੋਜ ਪਰਚੇ ਲਿਖੇ ਜਾਣ ਦੇ ਨਾਲ-ਨਾਲ ਦੋ ਖੋਜ ਪ੍ਰਾਜੈਕਟ ਸਫਲਤਾਪੂਰਵਕ ਮੁਕੰਮਲ ਕੀਤੇ ਜਾ ਚੁੱਕੇ ਹਨ। ਇਸ ਮੌਕੇ ਉੱਪਰ ਸ। ਸਵਰਨ ਸਿੰਘ ਪ੍ਰਧਾਨ ਸਾਹਿਤ ਸਭਾ ਸੁਲਤਾਨਪੁਰ ਲੋਧੀ, ਪਾਲ ਸਿੰਘ ਨੌਲੀ, ਡਾ। ਪਰਮਜੀਤ ਸਿੰਘ ਮਾਨਸਾ, ਪ੍ਰਸਿੱਧ ਵਿਦਵਾਨ ਤੇ ਸ਼ਾਇਰ ਮੁਖ਼ਤਾਰ ਸਿੰਘ ਚੰਦੀ ਅਤੇ ਸ਼ਾਇਰਾ ਕੁਲਵਿੰਦਰ ਕੰਵਲ ਵਿਸ਼ੇਸ਼ ਤੌਰ ਉੱਪਰ ਮੌਜੂਦ ਸਨ।

# ਜੀਓ, ਏਅਰਟੈਲ, ਵੋਡਾਫੋਨ, ਆਈਡੀਆ ਟੈਲੀਫੋਨ ਕੰਪਨੀਆਂ ਵੱਲੋਂ 15-20% ਦਰਾਂ ਵਧਾਕੇ ਲੋਕਾਂ 'ਤੇ 35 ਹਜ਼ਾਰ ਕਰੋੜ ਰੁਪਏ ਦਾ ਬੋਝ ਪਾਇਆ

**ਸੰਗਰੂਰ/ਬਰਨਾਲਾ, (ਦਲਜੀਤ ਕੌਰ)** ਤਿੰਨ ਟੈਲੀਫੋਨ ਕੰਪਨੀਆਂ ਵੱਲੋਂ ਲੋਕਾਂ ਦੀਆਂ ਜੇਬਾਂ 'ਤੇ 34824 ਕਰੋੜ ਰੁ: ਸਲਾਨਾ ਦਾ ਡਾਕਾ ਮਾਰ ਲਿਆ ਗਿਆ ਹੈ। ਇਨ੍ਹਾਂ ਤਿੰਨੇ ਕੰਪਨੀਆਂ ਜੀਓ, ਏਅਰਟੈੱਲ, ਵੋਡਾਫੋਨ-ਆਈਡੀਆ ਦਾ ਭਾਰਤ ਦੀ ਮੋਬਾਈਲ ਫੋਨ ਮੰਡੀ ਦੇ ਵੱਡੇ ਹਿੱਸੇ ਤੇ ਕਬਜ਼ਾ ਹੈ। ਭਾਰਤ ਵਿੱਚ ਇਹਨਾਂ ਕੰਪਨੀਆਂ ਦੇ 109 ਕਰੋੜ ਕੁਨੈਕਸ਼ਨ ਹਨ। ਇਹਨਾਂ ਵਿੱਚੋਂ ਜੀਓ ਦੇ 48 ਕਰੋੜ, ਏਅਰਟੈੱਲ ਦੇ 39 ਕਰੋੜ, ਵੋਡਾਫੋਨ-ਆਈਡੀਆ ਦੇ 22 ਕਰੋੜ 37 ਲੱਖ ਕੁਨੈਕਸ਼ਨ ਹਨ।

ਇਨ੍ਹਾਂ ਤਿੰਨੇ ਕੰਪਨੀਆਂ ਨੇ 3 ਅਤੇ 4 ਜੁਲਾਈ 2024 ਤੋਂ ਰੇਟਾਂ ਵਿੱਚ ਔਸਤਨ 15% ਤੋਂ 20% ਤੱਕ ਦਾ ਵਾਧਾ ਕਰਕੇ ਸਿੱਧੇ ਰੂਪ 'ਚ ਲੋਕਾਂ ਦੀਆਂ ਜੇਬਾਂ ਤੇ 34824 ਕਰੋੜ ਸਾਲਾਨਾ ਦਾ ਡਾਕਾ ਮਾਰ ਲਿਆ ਹੈ ਜਾਂ ਇਹ ਕਹਿ ਲਵੋ ਕਿ ਪਹਿਲਾਂ ਨਾਲੋਂ 34824 ਕਰੋੜ ਰੁਪਏ ਪ੍ਰਤੀ ਸਾਲ ਵੱਧ ਆਪਣੀ ਝੋਲੀ ਪਾਉਣ ਲਈ ਰਾਹ ਤਿਆਰ ਕਰ ਲਿਆ ਹੈ।

ਇਹ ਬੇਮੁਹਾਰੀ ਲੁੱਟ ਜਾਂ ਰੇਟਾਂ ਵਿੱਚ ਵਾਧਾ ਕਰਨ ਲਈ ਇਨ੍ਹਾਂ ਕੰਪਨੀਆਂ ਨੂੰ ਮੋਦੀ ਸਰਕਾਰ ਨੇ ਖੁੱਲ੍ਹੀ ਛੁੱਟੀ ਦਿੱਤੀ ਹੋਈ ਹੈ। ਇਨ੍ਹਾਂ ਨੂੰ ਟੈਲੀਕਾਮ ਰੈਗੂਲੇਟਰੀ ਅਥਾਰਿਟੀ ਕੋਲੋਂ ਵੀ ਮਨਜ਼ੂਰੀ ਲੈਣ ਦੀ ਲੋੜ ਨਹੀਂ ਹੈ। ਕਾਰਪੋਰੇਟ ਘਰਾਣਿਆਂ ਦੀ ਸੇਵਾ ਵਿੱਚ ਲੱਗਾ ਹੋਇਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗੋਦੀ ਮੀਡੀਆ ਦੋ ਸਾਲ ਤੋਂ ਵਾਧਾ ਨਾਂ ਕਰਨ ਦੇ ਬਹਾਨੇ ਹੇਠ ਟੈਲੀਫੋਨ ਕੰਪਨੀਆਂ ਵੱਲੋਂ ਮਾਰੇ ਗਏ ਇਸ ਡਾਕੇ ਨੂੰ ਜਾਇਜ਼ ਠਹਿਰਾ ਰਿਹਾ ਹੈ। 1990-91 ਤੋਂ ਪਹਿਲਾਂ ਟੈਲੀਫੋਨ ਦਾ ਸਾਰਾ ਕੰਮ ਸਰਕਾਰੀ ਖੇਤਰ ਵਿੱਚ ਹੁੰਦਾ ਸੀ ਪਰ ਉਸ ਤੋਂ ਬਾਅਦ ਰਾਓ-ਮਨਮੋਹਣ ਸਿੰਘ ਵੱਲੋਂ ਵਿਸ਼ਵ ਵਪਾਰ ਸੰਸਥਾ ਦੀਆਂ ਲੋਕ ਵਿਰੋਧੀ ਨੀਤੀਆਂ ਰਾਹੀਂ ਨਿੱਜੀਕਰਨ, ਉਦਾਰੀਕਰਨ, ਸੰਸਾਰੀਕਰਨ ਦੀ ਨੀਤੀ ਲਾਗੂ ਕਰਕੇ ਮੁਕਾਬਲੇਬਾਜ਼ੀ ਰਾਹੀਂ ਵਧੀਆਂ ਸੇਵਾਵਾਂ ਦੇਣ ਦੇ ਬਹਾਨੇ ਹੇਠ ਇਨ੍ਹਾਂ ਪ੍ਰਾਈਵੇਟ ਟੈਲੀਫੋਨ ਕੰਪਨੀਆਂ ਦੇ ਇਸ ਖੇਤਰ ਵਿੱਚ ਦਾਖਲੇ ਲਈ ਰਾਹ ਪੱਧਰਾ ਕੀਤਾ ਗਿਆ। ਹੁਣ ਮੋਦੀ ਸਰਕਾਰ ਵੱਲੋਂ ਬੀਐਸਐਨਐਲ (ਸਰਕਾਰੀ ਖੇਤਰ ਦੇ ਅਦਾਰੇ) ਨੂੰ ਬਿਲਕੁਲ ਹੀ ਦਰਕਿਨਾਰ ਕਰ ਦਿੱਤਾ ਗਿਆ ਹੈ। ਇਨ੍ਹਾਂ ਤਿੰਨੇ ਪ੍ਰਾਈਵੇਟ ਟੈਲੀਫੋਨ ਕੰਪਨੀਆਂ ਵਿੱਚ ਸਰਕਾਰੀ ਅਦਾਰੇ ਦੇ ਟਾਵਰਾਂ ਨੂੰ ਵਰਤਕੇ 5 ਜੀ ਤੋਂ ਅੱਗੇ 6 ਜੀ ਸੇਵਾਵਾਂ ਦੇਣ ਦੀ ਹੋੜ ਲੱਗੀ ਹੋਈ ਹੈ ਜਦਕਿ ਬੀਐਸਐਨਐਲ ਨੂੰ ਹਾਲੇ ਤੱਕ ਵੀ 5ਜੀ ਦੀਆਂ ਸੇਵਾਵਾਂ ਦੇਣ ਤੋਂ ਵਾਂਝਿਆਂ ਰੱਖਿਆ ਹੋਇਆ ਹੈ। ਜਿਸ ਦਾ ਸਿੱਟਾ ਇਹ ਹੈ ਕਿ ਬੀਐਸਐਨਐਲ ਦੇ ਸੈਲ ਫੋਨ ਵਰਤਣ ਵਾਲਿਆਂ ਦੀ ਗਿਣਤੀ ਲਗਾਤਾਰ ਘਟ ਰਹੀ ਹੈ ਅਤੇ ਖ਼ਤਮ ਹੋਣ ਦੇ ਕੰਢੇ ਆਖ਼ਰੀ ਸਾਹ ਗਿਣ ਰਹੀ ਹੈ।



ਯਾਦ ਰੱਖਣਯੋਗ ਗੱਲ ਇਹ ਹੈ ਕਿ ਇਹ ਕੰਪਨੀਆਂ ਲੋਕਾਂ ਦੀਆਂ ਜੇਬਾਂ ਉੱਪਰ ਡਾਕਾ ਮਾਰਕੇ ਸਿਆਸੀ ਪਾਰਟੀਆਂ ਖਾਸ ਕਰਕੇ ਭਾਰਤੀ ਜਨਤਾ ਪਾਰਟੀ ਨੂੰ 150 ਕਰੋੜ ਦਾ ਚੋਣ ਬਾਂਡ ਮੁਹੱਈਆ ਕਰਵਾਉਣ ਵਾਲਿ ਆਂ ਦੀ ਮੋਹਰੀ ਕਤਾਰ ਵਿੱਚ ਹਨ। 'ਚੰਦਾ ਦੋ-ਧੰਦਾ ਲੋ' ਵਾਲੀ ਕਹਾਵਤ ਇਨ੍ਹਾਂ ਕੰਪਨੀਆਂ ਉੱਪਰ ਐਨ ਢੁੱਕਦੀ ਹੈ। ਇਹ ਇਕੱਲੇ ਟੈਲੀਕਾਮ ਖੇਤਰ ਦੀ ਹੀ ਗੱਲ ਨਹੀਂ ਹੈ। ਇਨਾਂ ਨੀਤੀਆਂ ਰਾਹੀਂ ਜਨਤਕ ਖੇਤਰ ਦੇ ਸਾਰੇ ਅਦਾਰੇ ਕੋਇਲਾ ਖਾਣਾਂ, ਊਰਜਾ ਖੇਤਰ, ਰੇਲਵੇ, ਜਹਾਜਰਾਨੀ, ਬੈਂਕ, ਬੀਮਾ, ਸੜਕਾਂ, ਸਿਹਤ ਅਤੇ ਸਿੱਖਿਆ, ਤੇਲ ਅਤੇ ਕੁਦਰਤੀ ਗੈਸ ਖੋਜ ਜਿਹੇ ਸਾਰੇ ਬੁਨਿਆਦੀ ਅਦਾਰੇ ਕੌਡੀਆਂ ਦੇ ਭਾਅ ਇਨ੍ਹਾਂ ਦੇਸੀ-ਬਦੇਸ਼ੀ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਲਈ ਰਾਹ ਪੱਧਰਾ ਕਰ ਲਿਆ ਹੈ।

ਇਨਕਲਾਬੀ ਕੇਂਦਰ ਦੇ ਪ੍ਰਧਾਨ ਨਰਾਇਣ ਦੱਤ, ਜਨਰਲ ਸਕੱਤਰ ਕੰਵਲਜੀਤ ਖੰਨਾ, ਸੂਬਾ ਕਮੇਟੀ ਮੈਂਬਰਾਨ ਮੁਖਤਿਆਰ ਪੂਹਲਾ, ਜਸਵੰਤ ਜੀਰਖ ਅਤੇ ਜਗਜੀਤ ਲਹਿਰਾ ਮੁਹੱਬਤ ਨੇ ਕਿਹਾ ਕਿ 18ਵੀਂ ਲੋਕ ਸਭਾ ਚੋਣਾਂ ਦੀ ਹਾਲੇ ਤਾਂ ਸਿਆਹੀ ਵੀ ਨਹੀਂ ਸੀ ਸੁੱਕੀ ਕਿ ਮੋਦੀ ਸਰਕਾਰ ਨੇ ਹਕੂਮਤੀ ਗੱਦੀ ਸਾਂਭਦਿਆ ਸਾਰ ਹੀ ਕਾਰਪੋਰੇਟਾਂ ਨੂੰ 35 ਹਜ਼ਾਰ ਕਰੌੜ ਦਾ ਤੋਹਫਾ ਦੇ ਦਿੱਤਾ ਹੈ। ਇਹ ਟ੍ਰੇਲਰ ਮਾਤਰ ਹੈ, ਆਉਣ ਵਾਲੇ ਸਮੇਂ ਲਈ ਸੁਣਾਉਣੀ ਹੈ। ਮੋਦੀ ਹਕੂਮਤ ਦਾ ਇਹ ਕਾਰਜਕਾਲ ਵੀ ਖ਼ਤਰੇ ਭਰਪੂਰ ਰਹੇਗਾ ਕਿਉਂਕਿ ਗੰਭੀਰ ਆਰਥਿਕ ਸੰਕਟ ਵਿੱਚੋਂ ਗੁਜ਼ਰ ਰਹੇ ਭਾਰਤੀ ਹਾਕਮ ਇਸ ਦਾ ਭਾਰ ਲੋਕਾਈ ਉੱਪਰ ਹੀ ਲੱਦਣਗੇ ਅਤੇ ਦੇਸ਼ੀ-ਬਦੇਸ਼ੀ ਕਾਰਪੋਰੇਟ ਘਰਾਣਿਆਂ ਨੂੰ ਮਾਲੋ-ਮਾਲ ਕਰਨ ਦੀ ਕੋਈ ਕਸਰ ਬਾਕੀ ਨਹੀਂ ਛੱਡਣਗੇ। ਜਿਵੇਂ ਕੋਵਿਡ ਕਾਲ ਦੌਰਾਨ ਆਮ ਲੋਕਾਈ ਅਸਿਹ ਮੁਸ਼ਕਿਲਾਂ ਸਹਿੰਦੀ ਰਹੀ ਤੇ ਅੰਬਾਨੀ ਜਿਹੇ ਲੁਟੇਰੇ ਕਾਰਪੋਰੇਟ ਘਰਾਣੇ 90 ਕਰੋੜ ਰੁਪੈ ਪ੍ਰਤੀ ਘੰਟਾ ਕਮਾਈ ਕਰਦੇ ਰਹੇ।ਇਹ ਨੀਤੀਆਂ ਲਾਗੂ ਕਰਦੇ ਸਮੇਂ ਲੋਕਾਂ ਦੇ ਬੁਨਿਆਦੀ ਮੁੱਦਿਆਂ ਤੋਂ ਧਿਆਨ ਭਟਕਾਉਣ ਲਈ ਫਿਰਕੂ ਫਾਸ਼ੀ ਹੱਲੇ ਵੀ ਤੇਜ਼ ਕਰਨਗੇ। ਅਰੁੰਧਤੀ ਰਾਏ ਅਤੇ ਪ੍ਰੋ।ਸ਼ੇਖ ਸ਼ੌਖਤ ਹੁਸੈਨ ਉੱਪਰ 14 ਸਾਲ ਪੁਰਾਣਾ ਕੇਸ ਚਲਾਉਣ ਦੀ ਯੂਏਪੀਏ ਤਹਿਤ ਮਨਜ਼ੂਰੀ ਦੇਣ ਤੋਂ ਬਾਅਦ ਸਮਾਜਿਕ ਕਾਰਕੁਨ ਮੇਧਾ ਪਾਟੇਕਰ ਨੂੰ 5 ਮਹੀਨੇ ਦੀ ਸਜ਼ਾ ਅਤੇ ਦਸ ਲੱਖ ਰੁ। ਦਾ ਜ਼ੁਰਮਾਨਾ ਇਸ ਦੀਆਂ ਆਹਲਾ ਉਦਾਹਰਣਾਂ ਹਨ। ਅਜਿਹਾ ਹੀ ਤਿੰਨ ਨਵੇਂ ਨਾਵਾਂ ਥੱਲੇ ਲਾਗੂ ਕੀਤੇ ਜਾਬਰ ਕਾਨੂੰਨਾਂ ਦੀ ਦਾਸਤਾਂ ਹੈ। ਇਨ੍ਹਾਂ ਕਾਨੂੰਨਾਂ ਦੀ ਸਭ ਤੋਂ ਵਧੇਰੇ ਮਾਰ ਲਿਖਣ, ਬੋਲਣ, ਵਿਚਾਰ ਪ੍ਰਗਟਾਉਣ ਤੋਂ ਅੱਗੇ ਸੰਘਰਸ਼ਸ਼ੀਲ ਤਬਕਿਆਂ ਨੂੰ ਸਹਿਣੀ ਪਵੇਗੀ। ਆਗੂਆਂ ਨੇ ਮਿਹਨਤਕਸ਼ ਲੋਕਾਈ ਨੂੰ ਮੋਦੀ ਹਕੂਮਤ ਦੇ ਆਰਥਿਕ ਅਤੇ ਫਿਰਕੂ ਫਾਸ਼ੀ ਹੱਲੇ ਖਿਲਾਫ ਇੱਕਜੁੱਟ ਸਾਂਝੇ ਸੰਘਰਸ਼ਾਂ ਦਾ ਪਿੜ ਮੱਲਣ ਲਈ ਮੈਦਾਨ ਵਿੱਚ ਨਿੱਤਰਨ ਦਾ ਸੱਦਾ ਦਿੱਤਾ।

# ਦੇਸ਼ ਭਗਤ ਯੂਨੀਵਰਸਿਟੀ ਵੱਲੋਂ ਵਿਦਿਆਰਥੀਆਂ ਲਈ ਮਹਾਤਮਾ ਬੁੱਧ ਮੈਡੀਟੇਸ਼ਨ ਸੈਂਟਰ ਸਥਾਪਤ

**ਮੰਡੀ ਗੋਬਿੰਦਗੜ੍ਹ-** ਦੇਸ਼ ਭਗਤ ਯੂਨੀਵਰਸਿਟੀ ਵੱਲੋਂ ਮਹਾਤਮਾ ਬੁੱਧ ਮੈਡ-ਿਟੇਸ਼ਨ ਸੈਂਟਰ ਦੀ ਸਥਾਪਨਾ ਸਮਾਜਿਕ ਵਿਗਿਆਨ ਅਤੇ ਭਾਸ਼ਾਵਾਂ ਵਿਭਾਗ ਦੇ ਸਹਿਯੋਗ ਨਾਲ ਕੀਤੀ ਗਈ ਜੋ ਕਿ ਵਿਦਿਆਰਥੀਆਂ, ਫੈਕਲਟੀ ਅਤੇ ਸਟਾਫ ਲਈ ਮਨ ਦੀ ਸ਼ਾਂਤੀ ਅਤੇ ਅੰਦਰੂਨੀ ਸ਼ਾਂਤੀ ਦਾ ਵਿਕਾਸ ਕਰਨ ਲਈ ਇੱਕ ਸ਼ਾਂਤ ਪਨਾਹਗਾਹ ਹੈ।



ਵਾਈਸ ਚਾਂਸਲਰ ਦਫ਼ਤਰ ਨੇੜੇ ਮਹਾਤਮਾ ਬੁੱਧ ਮੈਡੀਟੇਸ਼ਨ ਸੈਂਟਰ ਦਾ ਰਸਮੀ ਉਦਘਾਟਨ ਕੀਤਾ ਗਿਆ, ਜਿਸ ਵਿੱਚ ਚਾਂਸਲਰ ਡਾ: ਜ਼ੋਰਾ ਸਿੰਘ, ਪ੍ਰੋ: ਚਾਂਸਲਰ ਡਾ: ਤਜਿੰਦਰ ਕੌਰ, ਵਾਈਸ ਚਾਂਸਲਰ ਡਾ: ਅਭਿਜੀਤ ਜੋਸ਼ੀ ਅਤੇ ਚਾਂਸਲਰ ਦੇ ਸਲਾਹਕਾਰ ਡਾ: ਵਰਿੰਦਰ ਸਿੰਘ ਨੇ ਸਕਾਰਾਤਮਕਤਾ ਅਤੇ ਸ਼ਾਂਤੀ ਦਾ ਆਸ਼ੀਰਵਾਦ ਦਿੱਤਾ । ਇਸ ਧਿਆਨ ਕੇਂਦਰ ਦਾ ਉਦੇਸ਼ ਯੂ-ਨੀਵਰਸਿਟੀ ਪਰਿਵਾਰ ਦੀ ਮਾਨਸਿਕ ਅਤੇ ਅਧਿਆਤਮਿਕ ਸਿਹਤ ਅਤੇ ਅਕਾਦਮਿਕ ਸਫਲਤਾ ਨੂੰ ਬਿਹਤਰ ਬਣਾਉਣਾ ਹੈ।

ਇਸ ਮੌਕੇ ਚਾਂਸਲਰ ਡਾ: ਜ਼ੋਰਾ ਸਿੰਘ ਨੇ ਕਿਹਾ ਕਿ "ਧਿਆਨ ਕੇਂਦਰ ਵਿਦਿਆਰਥੀਆਂ ਦੀ ਸਮੁੱਚੀ ਭਲਾਈ ਅਤੇ ਸਫ਼ਲਤਾ ਲਈ ਸਾਡੀ ਵਚਨਬੱਧਤਾ ਦਾ ਪ੍ਰਤੀਕ ਹੈ। ਸਾਡਾ ਉਦੇਸ਼ ਮਨ ਦੀ ਸ਼ਾਂਤੀ, ਸਪੱਸ਼ਟਤਾ ਅਤੇ ਹਮਦਰਦੀ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਦੇ ਹੋਏ ਸਾਡੇ ਭਾਈਚਾਰੇ ਨੂੰ ਮਨ ਦੀ ਸ਼ਾਂਤੀ ਦੇ ਅਭਿਆਸਾਂ ਨਾਲ ਸ਼ਕਤੀ ਪ੍ਰਦਾਨ ਕਰਨਾ ਹੈ।"

ਪ੍ਰੋ-ਚਾਂਸਲਰ ਡਾ। ਤਜਿੰਦਰ ਕੌਰ ਨੇ ਕਿਹਾ ਕਿ ਮੈਡੀਟੇਸ਼ਨ ਸੈਂਟਰ ਤਣਾਅ ਪ੍ਰਬੰਧਨ, ਸਵੈ-ਸੰਭਾਲ ਅਤੇ ਵਿਅਕਤੀਗਤ ਵਿਕਾਸ ਲਈ ਸੈਸ਼ਨ, ਵਰਕਸ਼ਾਪ ਅਤੇ ਸਰੋਤ ਪ੍ਰਦਾਨ ਕਰਦਾ ਹੈ। ਇਸ ਮੌਕੇ ਮੰਤਰ ਉਚਾਰਣ ਅਤੇ ਸਟੇਜ ਦਾ ਸੰਚਾਲਨ ਡਾ ਅਜੈਪਾਲ ਸਿੰਘ ਸ਼ੇਖਾਵਤ ਨੇ ਕੀਤਾ।

ਇਸ ਮੌਕੇ ਸਮਾਜਿਕ ਵਿਗਿਆਨ ਅਤੇ ਭਾਸ਼ਾਵਾਂ ਵਿਭਾਗ ਦੇ ਡਾਇਰੈਕਟਰ ਡਾ: ਦਵਿੰਦਰ ਕੁਮਾਰ, ਡਾ: ਪਿਆਰੇ ਲਾਲ ਡਾਇਰੈਕਟਰ ਲਾਇਬ੍ਰੇਰੀ ਸਾਇੰਸ, ਡਾ: ਅਜੈਪਾਲ ਸਿੰਘ, ਡਾ: ਧਰਮਿੰਦਰ ਸਿੰਘ, ਡਾ: ਰੇਣੂ ਸ਼ਰਮਾ, ਡਾ: ਜੋਤੀ ਸ਼ਰਮਾ ਅਤੇ ਡਾ: ਅਰਵਿੰਦਰ ਕੌਰ ਅਤੇ ਹੋਰ ਕਰਮਚਾਰੀ ਵੀ ਮੌਜੂਦ ਸਨ।

# ਸੁੰਦਰ ਲਿਖਾਈ ਮੁਕਾਬਲੇ ਦੇ ਜੇਤੂਆਂ ਦਾ ਸਨਮਾਨ

**ਲਹਿਰਾਗਾਗਾ, (ਦਲਜੀਤ ਕੌਰ)-** ਸੀਬਾ ਇੰਟਰਨੈਸ਼ਨਲ ਪਬਲਿਕ ਸਕੂਲ, ਲਹਿਰਾਗਾਗਾ ਵਿਖੇ ਪੰਜਵੀਂ ਤੋਂ ਅੱਠਵੀਂ ਕਲਾਸ ਦੇ ਵਿਦਿਆਰਥੀਆਂ ਦਾ ਅੰ-ਗਰੇਜ਼ੀ ਭਾਸ਼ਾ ਦਾ ਸੁੰਦਰ ਲਿਖਾਈ ਮੁਕਾਬਲਾ ਕਰਵ-ਾਇਆ ਗਿਆ। ਇਸ ਮੁਕਾ-ਬਲੇ ਦਾ ਨਿਰੀਖਣ ਮੈਡਮ ਅਮਨ ਢੀਂਡਸਾ ਨੇ ਕੀਤਾ। ਹਰੇਕ ਸੈਕਸ਼ਨ ਵਿੱਚੋਂ ਪਹਿਲੇ ਤਿੰਨ ਸਥਾਨਾਂ 'ਤੇ ਰਹਿਣ ਵਾਲ਼ੇ ਵਿਦਿਆਰਥੀਆਂ ਨੂੰ ਜੇਤੂ ਸਰਟੀਫਿਕੇਟ ਦੇ ਕੇ ਪ੍ਰਿੰਸੀਪਲ ਮੈਡਮ ਸੁਨੀਤਾ ਨੰਦਾ, ਕੋਆਰਡੀਨੇਟਰ ਨਰੇਸ਼ ਚੌਧਰੀ ਅਤੇ ਹਰਵਿੰਦਰ ਸਿੰਘ ਨੇ ਸਨਮਾਨਿਤ ਕੀਤਾ।



ਪ੍ਰਿੰਸੀਪਲ ਮੈਡਮ ਸੁਨੀਤਾ ਨੰਦਾ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਹਰ ਭਾਸ਼ਾ ਵਿੱਚ ਮੁਹਾਰਤ ਹਾਸਿਲ ਕਰਨੀ ਚਾਹੀਦੀ ਹੈ। ਸੁੰਦਰ ਲਿਖਣਾ ਇੱਕ ਕਲਾ ਹੈ। ਸੁੰਦਰ ਲਿਖਾਈ ਨਾਲ ਹੀ ਵਿਅਕਤੀ ਦੀ ਵਧੀਆ ਸ਼ਖਸ਼ੀਅਤ ਜਾਣੀ ਜਾਂਦੀ ਹੈ, ਸੁੰਦਰ ਲਿਖਾਈ ਲਿਖਣ ਵਾਲਾ ਵਿਅਕਤੀ ਸੰਵੇਦਨਸ਼ੀਲ ਹੁੰਦਾ ਹੈ ਜੋ ਵਿਅਕਤੀ ਸੁੰਦਰ ਲਿਖਦੇ ਹਨ, ਅੱਖਰਾਂ ਵਿੱਚ ਜਾਨ ਪਾ ਦਿੰਦੇ ਹਨ।

# ਲਾਹੌਰੀ ਰਾਮ ਬਾਲੀ ਦੀ ਸ਼ਰਧਾਂਜਲੀ ਸਭਾ ਅੰਬੇਡਕਰ ਭਵਨ 'ਚ ਹੋਈ

## ਬਾਲੀ ਸਮਾਜਿਕ ਨਿਆਂ ਲਈ ਜ਼ਿੰਦਗੀ ਭਰ ਸੰਘਰਸ਼ ਕਰਨ ਵਾਲਾ ਮਹਾਨ ਯੋਧਾ : ਡਾ. ਅਜਨਾਤ













**ਜਲੰਧਰ–** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਜਾਰੀ ਪ੍ਰੈਸ ਬਿਆਨ ਵਿੱਚ ਦੱਸਿਆ ਕਿ ਅੰਬੇਡਕਰ ਭਵਨ ਟਰੱਸਟ (ਰਜਿ.), ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ.) ਅਤੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ।) ਦੇ ਪੰਜਾਬ ਯੂਨਿਟ ਵੱਲੋਂ ਅੰਬੇਡਕਰੀ ਵਿਚਾਰਧਾਰਾ ਅਤੇ ਅੰਦੋਲਨ ਦੇ ਨਿਧੜਕ, ਜੁਝਾਰੂ ਅਤੇ ਸਿਰਮੌਰ ਚਿੰਤਕ, ਉਘੇ ਲੇਖਕ, ਮਹਾਨ ਬੋਧੀ ਅਤੇ ਭੀਮ ਪਤ੍ਰਿਕਾ ਦੇ ਸੰਪਾਦਕ ਸ਼੍ਰੀ ਲਾਹੌਰੀ ਨਾਮ ਬਾਲੀ ਜੀ ਦੀ ਨਿੱਘੀ ਯਾਦ ਨੂੰ ਸਮਰਪਿਤ ਪਹਿਲੀ ਸ਼ਰਧਾਂਜਲੀ ਸਭਾ ਇਤਿਹਾਸਿਕ ਸਥਾਨ ਅੰਬੇਡਕਰ ਭਵਨ ਵਿਖੇ ਆਯੋਜਿਤ ਕੀਤੀ ਗਈ। ਯਾਦ ਰਹੇ ਕਿ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿੱਚ ਲਿਖੀਆਂ ਦਰਜਨਾਂ ਪੁਸਤਕਾਂ ਦੇ ਲੇਖਕ ਸ੍ਰੀ ਬਾਲੀ ਜੀ 6 ਜੁਲਾਈ 2023 ਨੂੰ 93 ਸਾਲ ਦੀ ਆਯੂ ਵਿੱਚ ਸਦੀਵੀ ਵਿਛੋੜਾ ਦੇ ਗਏ ਸਨ। ਇਸ ਸ਼ਰਧਾਂਜਲੀ ਸਮਾਰੋਹ ਦੀ ਸ਼ੁਰੂਆਤ ਬੁੱਧ ਬੰਦਨਾ ਅਤੇ ਤ੍ਰਿਸ਼ਣ ਦੇ ਪਾਠ ਦੁਆਰਾ ਤਕਸ਼ਿਲਾ ਮਹਾ ਬੁੱਧ ਵਿਹਾਰ ਲੁਧਿਆਣਾ ਦੇ ਸਤਿਕਾਰਤ ਭੰਤੇ ਪ੍ਰਗਿਆ ਬੋਧੀ ਜੀ ਦੇ ਪ੍ਰਵਚਨਾ ਦੁਆਰਾ ਹੋਈ। ਉਨ੍ਹਾਂ ਨੇ ਤਥਾਗਤ ਬੁੱਧ ਦੀ ਲੋਕ ਕਲਿਆਣਕਾਰੀ, ਤਰਕਸ਼ੀਲ, ਕਰੁਣਾਮਈ ਅਤੇ ਮਾਨਵਵਾਦੀ ਵਿਚਾਰਧਾਰਾ ਦਾ ਜ਼ਿਕਰ ਕਰਦਿਆਂ ਬਾਲੀ ਸਾਹਿਬ ਨੂੰ ਦੁਖੀ ਅਤੇ ਪੀੜਿਤ ਮਨੁੱਖਤਾ ਲਈ ਜ਼ਿੰਦਗੀ ਭਰ ਸੰਘਰਸ਼ ਕਰਨ ਵਾਲਾ ਮਹਾਨ ਮਨੁੱਖ ਦੱਸਿਆ। ਉੱਘੇ ਬੁੱਧੀਜੀਵੀ, ਬੁੱਧਿਸਟ ਅਤੇ ਅੰਬੇਡਕਰੀ ਵਿਚਾਰਧਾਰਾ ਦੇ ਪ੍ਰਮੁੱਖ ਵਿਦਵਾਨ ਡਾ। ਸੁਰਿੰਦਰ ਅਜਨਾਤ ਨੇ ਬਾਲੀ ਸਾਹਿਬ ਨਾਲ ਲਗਭਗ 55 ਸਾਲ ਤੋਂ ਅੰਬੇਡਕਰ ਅੰਦੋਲਨ ਵਿੱਚ ਪਾਏ ਯੋਗਦਾਨ ਨੂੰ ਯਾਦ ਕਰਦਿਆਂ ਉਨਾਂ ਨੂੰ ਸਮਾਜਿਕ ਨਿਆਂ ਲਈ ਨਿਰੰਤਰ ਜੱਦੋ ਜਹਿਦ ਕਰਨ ਵਾਲਾ ਨਿੱਡਰ ਯੋਧਾ ਕਿਹਾ । ਡਾ। ਅਜਨਾਤ ਨੇ ਕਿਹਾ ਕਿ ਉਹ ਬਾਲੀ ਸਾਹਿਬ ਦੀਆਂ ਲਿਖਤਾਂ ਅਤੇ ਭਾਸ਼ਣਾਂ ਤੋਂ ਪ੍ਰਭਾਵਿਤ ਹੋ ਕੇ ਨਵਾਂ ਸ਼ਹਿਰ ਵਿਖੇ ਅੰਬੇਡਕਰ ਭਵਨ ਦੇ ਸੰਸਥਾਪਕ ਮਹਾਸ਼ਾ ਕ੍ਰਿਸ਼ਨ ਕੁਮਾਰ ਬੋਧੀ ਸਮੇਤ 1960ਵੇਂ ਦਸ਼ਕ ਵਿੱਚ ਅੰਬੇਡਕਰੀ ਅੰਦੋਲਨ ਵਿੱਚ ਸ਼ਾਮਿਲ ਹੋਏ ਸਨ। ਸ੍ਰੀ ਲਾਹੌਰੀ ਰਾਮ ਬਾਲੀ ਇਤਿਹਾਸਿਕ ਭੂਮੀ ਅੰਬੇਡਕਰ ਭਵਨ ਦੇ ਫਾਊਂਡਰ ਟਰਸਟੀ ਸਨ ਅਤੇ ਡਾ। ਅੰਬੇਡਕਰ ਸਾਹਿਬ ਨਾਲ ਜੁੜੇ ਇਸ ਇਤਿਹਾਸਕ ਸਥਾਨ ਦੀ ਜਮੀਨ ਖਰੀਦਣ ਅਤੇ ਇਸ ਨੂੰ ਅਜੋਕਾ ਰੂਪ ਪ੍ਰਦਾਨ ਕਰਨ ਵਿੱਚ ਉਹਨਾਂ ਦਾ ਮਹੱਤਵਪੂਰਨ ਯੋਗਦਾਨ ਹੈ।

ਇਸ ਮੌਕੇ ਤੇ ਬਾਲੀ ਸਾਹਿਬ ਦੀ ਯਾਦ ਵਿੱਚ ਜੁੜੀ ਭਾਰੀ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਸਾਬਕਾ ਜਿਲਾ ਅਟਾਰਨੀ ਅਤੇ ਪ੍ਰਸਿੱਧ ਵਕੀਲ ਬਲਤੇਜ ਸਿੰਘ ਢਿੱਲੋਂ ਨੇ ਆਖਿਆ ਕਿ ਬਾਲੀ ਸਾਹਿਬ ਇੱਕ ਨਿੱਡਰ, ਇਮਾਨਦਾਰ ਅਤੇ ਮਨੁੱਖੀ ਹੱਕਾਂ ਲਈ ਸੰਘਰਸ਼ ਕਰਨ ਵਾਲੇ ਉੱਘੇ ਬੁੱਧੀਜੀਵੀ ਅਤੇ ਸਿਧਾਂਤਾਂ ਤੇ ਚੱਲਣ ਵਾਲੇ ਪ੍ਰਤੀਬਧ ਇਨਸਾਨ ਸਨ। ਐਡਵੋਕੇਟ ਢਿੱਲੋਂ ਨੇ ਅੰਬੇਡਕਰ ਭਵਨ ਟਰੱਸਟ ਨੂੰ ਨਿਸੁਆਰਥ ਭਾਵਨਾ ਅਧੀਨ ਹਰ ਪ੍ਰਕਾਰ ਦਾ ਸਹਿਯੋਗ ਦੇਣ ਦਾ ਭਰੋਸਾ ਦਵਾਇਆ। ਸੇਵਾ ਮੁਕਤ ਅੰਬੈਸਡਰ ਰਮੇਸ਼ ਚੰਦਰ ਨੇ ਕਿਹਾ ਕਿ ਬਾਲੀ ਸਾਹਿਬ ਸਾਡੇ ਸਮਿਆਂ ਦੇ ਪ੍ਰਮੁੱਖ ਪ੍ਰੇਰਨਾ ਸਰੋਤ ਸਨ ਜਿਹੜੇ ਹਮੇਸ਼ਾ ਸਮਾਜਕ ਚੇਤਨਾ ਦੁਆਰਾ ਪੀੜਿਤ ਅਤੇ ਸਤਾਏ ਹੋਏ ਲੋਕਾਂ ਦੇ ਕਲਿਆਣ ਹਿਤ ਜੱਦੋਜਹਿਦ ਕਰਨ ਲਈ ਤਿਆਰ ਰਹਿੰਦੇ ਸਨ।

ਉਹਨਾਂ ਦੀਆਂ ਲਿਖਤਾਂ ਅਤੇ ਭਾਸ਼ਣ ਨਿਰਾਸ਼ ਅਤੇ ਮਾਯੂਸ ਲੋਕਾਂ ਵਿੱਚ ਨਵਾਂ ਜਜ਼ਬਾ ਅਤੇ ਉਤਸ਼ਾਹ ਪੈਦਾ ਕਰਨ ਦੀ ਸਮਰੱਥਾ ਰੱਖਦੇ ਹਨ। ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ ਦੇ ਸਹਾਇਕ ਸਕੱਤਰ ਸ੍ਰੀ ਚਿਰੰਜੀ ਲਾਲ ਕੰਗਣੀਵਾਲ ਨੇ ਰਿਪਬਲੀਕਨ ਪਾਰਟੀ ਆਫ ਇੰਡੀਆ ਵੱਲੋਂ ਦਲਿਤਾਂ ਦੀਆਂ ਵਿਸ਼ੇਸ਼ ਮੰਗਾਂ ਮਨਵਾਉਣ ਲਈ 1964 ਵਿੱਚ ਰਿਪਬਲੀਕਨ ਪਾਰਟੀ ਵੱਲੋਂ ਲਾਏ ਗਏ ਰਾਸ਼ਟਰਵਿਆਪੀ ਮੋਰਚੇ ਦਾ ਵਿਸਤਰਿਤ ਵਰਣਨ ਕੀਤਾ। ਯਾਦ ਰਹੇ ਕਿ ਚਿਰੰਜੀ ਲਾਲ ਕੰਗਣੀਵਾਲ ਅਤੇ ਉਨ੍ਹਾਂ ਦੇ ਬਜ਼ੁਰਗਾਂ ਨੇ ਇਸ ਮੋਰਚੇ ਵਿੱਚ ਵੱਧ ਚੜ ਕੇ ਹਿੱਸਾ ਲਿਆ ਸੀ। ਅਤੇ ਬਾਲੀ ਸਾਹਿਬ ਉਸ ਸਮੇਂ ਆਰਪੀਆਈ ਦੇ ਰਾਸ਼ਟਰੀ ਜਨਰਲ ਸਕੱਤਰ ਸਨ।

ਅੰਬੇਡਕਰ ਭਵਨ ਟਰੱਸਟ ਦੇ ਚੇਅਰਮੈਨ ਸ੍ਰੀ ਸੋਹਨ ਲਾਲ ਨੇ ਸ਼ਰਧਾਂਜਲੀ ਸਮਾਰੋਹ ਨੂੰ ਸੰਬੋਧਨ ਕਰਦਿਆਂ ਬਾਲੀ ਸਾਹਿਬ ਦੀ ਅਗਵਾਈ ਹੇਠ ਅੰਬੇਡਕਰ ਮਿਸ਼ਨ ਦੇ ਪ੍ਰਚਾਰ ਤੇ ਪ੍ਰਸਾਰ ਲਈ ਕੀਤੇ ਕੰਮਾਂ ਨੂੰ ਯਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਪ੍ਰੀਨਿਰਵਾਣ ਨਾਲ ਇੱਕ ਯੁਗ ਦਾ ਅੰਤ ਹੋ ਗਿਆ। ਬਾਲੀ ਸਾਹਿਬ ਪੰਜਾਬ ਦੀ ਇੱਕ ਅਜਿਹੀ ਮਹਾਨ ਸ਼ਖਸ਼ੀਅਤ ਸਨ ਜਿਨ੍ਹਾਂ ਨੇ ਆਪਣਾ ਪੂਰਾ ਜੀਵਨ ਅੰਬੇਡਕਰੀ ਵਿਚਾਰਧਾਰਾ ਨੂੰ ਸਮਰਪਿਤ ਕੀਤਾ ਹੋਇਆ ਸੀ। ਬਾਲੀ ਸਾਹਿਬ ਦੀਆਂ ਲਿਖਤਾਂ, ਯਤਨਾ ਅਤੇ ਭਾਰਤ ਤੋਂ ਇਲਾਵਾ ਉਨ੍ਹਾਂ ਦੀਆਂ ਵਿਦੇਸ਼ ਯਾਤਰ–ਾਵਾਂ ਦੁਆਰਾ ਬਾਬਾ ਸਾਹਿਬ ਦੇ ਸੰਘਰਸ਼ਾਂ ਦੀ ਗੱਲ ਵਿਸ਼ਵ ਭਰ ਵਿੱਚ ਪਹੁੰਚੀ। ਉਨ੍ਹਾਂ ਕਿਹਾ ਕਿ ਅੰਬੇਡਕਰ ਭਵਨ ਵਿੱਚ ਮਿਸ਼ਨ ਲਈ ਕੰਮ ਕਰਦੀਆਂ ਸੰਸਥਾਵਾਂ ਬਾਲੀ ਸਾਹਿਬ ਦੁਆਰਾ ਦਰਸ–ਾਏ ਗਏ ਮਾਰਗ ਤੇ ਚੱਲਣ ਲਈ ਹਮੇਸ਼ਾ ਯਤਨਸ਼ੀਲ ਰਹਿਣ–ਗੀਆਂ। ਉਨ੍ਹਾਂ ਤੋਂ ਇਲਾਵਾ ਮੈਡਮ ਸੁਦੇਸ਼ ਕਲਿਆਣ, ਐਡਵੋਕੇਟ ਕੁਲਦੀਪ ਭੱਟੀ, ਬਲਦੇਵ ਰਾਜ ਭਾਰਦਵਾਜ, ਡਾ. ਜੀ. ਸੀ. ਕੌਲ, ਐਡਵੋਕੇਟ ਹਰਭਜਨ ਸਾਂਪਲਾ, ਐਡਵੋਕੇਟ ਮੋਹਨ ਲਾਲ ਫਿਲੋ–ਰੀਆ ਅਤੇ ਹਰਮੇਸ਼ ਜੱਸਲ ਨੇ ਆਪਣੇ ਭਾਸ਼ਣਾ ਰਾਹੀਂ ਬਾਲੀ ਸਾਹਿਬ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ ਦੇ ਪ੍ਰਧਾਨ ਚਰਨ ਦਾਸ ਸੰਧੂ ਨੇ ਸਟੇਜ ਸਕੱਤਰ ਦੀ ਜ਼ਿੰਮੇਵਾਰੀ ਬਾਖੂਬੀ ਨਿਭਾਈ।

ਸੰਧੂ ਪਰਿਵਾਰ, ਵਰਿਆਣਾ ਵੱਲੋਂ ਅੰਬੇਡਕਰ ਭਵਨ ਟਰੱਸਟ ਨੂੰ ਬਾਲੀ ਸਾਹਿਬ ਦੇ ਚਿੱਤਰ ਦੀ ਪੇਂਟਿੰਗ ਭੇਂਟ ਕੀਤੀ ਗਈ। ਇਸ ਮੌਕੇ ਸਰਬਸ਼੍ਰੀ ਜਸਵਿੰਦਰ ਵਰਿਆਣਾ, ਪਰਮਿੰਦਰ ਸਿੰਘ ਖੁੱਤਣ, ਤਿਲਕਰਾਜ, ਕਮਲਸ਼ੀਲ ਬਾਲੀ, ਡਾ. ਚਰਨਜੀਤ ਸਿੰਘ, ਡਾ. ਮਹਿੰਦਰ ਸੰਧੂ, ਨਿਰਮਲ ਬਿੰਜੀ, ਬਲਦੇਵ ਰਾਜ ਜੱਸਲ, ਪ੍ਰਿੰਸੀਪਲ ਪਰਮਜੀਤ ਜਸਲ, ਪ੍ਰੋਫੈਸਰ ਬਲਬੀਰ, ਪ੍ਰਿੰਸੀਪਲ ਕੇਐਸ ਫੁੱਲ, ਗੁਰਮੀਤ ਸਾਂਪਲਾ, ਪੁਰਸ਼ੋਤਮ ਸਰੋਏ, ਹਰਭਜਨ ਨਿਮਤਾ, ਹਰੀ ਸਿੰਘ ਥਿੰਦ, ਕ੍ਰਿਸ਼ਨ ਕਲਿਆਣ, ਸਨੀ ਥਾਪਰ, ਚਰਨਜੀਤ ਸਿੰਘ ਆਈਆਰਐਸ, ਮਲਕੀਤ ਸਿੰਘ, ਤਰਸੇਮ ਜਲੰਧਰੀ, ਮਾਸਟਰ ਜੀਤ ਰਾਮ, ਗੌਤਮ ਸੋਫੀ ਪਿੰਡ, ਰਾਮਸਰੂਪ ਬਾਲੀ, ਈਸ਼ਵਰ ਦਾਸ, ਰਾਮ ਲਾਲ ਦਾਸ, ਵਰਿੰਦਰ ਕੁਮਾਰ, ਜੋਤੀ ਪ੍ਰਕਾਸ਼, ਗੁਰਦਿਆਲ ਜੱਸਲ, ਧਨੀ ਰਾਮ ਸੂਦ, ਗੁਰਦੇਵ ਖੋਖਰ, ਹਰੀ ਰਾਮ ਓ.ਐਸ.ਡੀ., ਮੈਡਮ ਕਵਿਤਾ ਢਾਂਡੇ, ਮੰਜੂ, ਸ਼ਕੁੰਤਲਾ ਨਾਗਰ, ਮੋਨਿਕਾ, ਬਿੰਦੂ ਬੰਗੜ, ਅਤੇ ਹੋਰ ਅਨੇਕਾਂ ਲੋਕ ਬਾਲੀ ਸਾਹਿਬ ਨੂੰ ਸ਼ਰਧਾਂਜਲੀ ਦੇਣ ਲਈ ਹਾਜ਼ਰ ਹੋਏ।

**ਰਿਪੋਰਟ– ਬਲਦੇਵ ਰਾਜ ਭਾਰਦਵਾਜ**

# ਪ੍ਰਵਾਸੀ ਭਾਰਤੀ ਡਾ. ਸਤਨਾਮ ਸਿੰਘ ਬੰਗੜ ਅਤੇ ਡਾ. ਪਰਮਲਾ ਕੁਮਾਰੀ ਬੰਗੜ ਨੇ ਸਰਕਾਰੀ ਸਕੂਲ ਲੱਖਪੁਰ ਦਾ ਕੀਤਾ ਦੌਰਾ

**ਫਗਵਾੜਾ 7 ਜੁਲਾਈ (ਬੀ.ਕੇ. ਰੱਤੂ)** ਪ੍ਰਵਾਸੀ ਭਾਰਤੀ ਡਾ. ਸਤਨਾਮ ਸਿੰਘ ਬੰਗੜ ਅਤੇ ਉਹਨਾਂ ਦੀ ਧਰਮ ਪਤਨੀ ਡਾ. ਪਰਮਲਾ ਕੁਮਾਰੀ ਬੰਗੜ ਯੂ.ਐਸ.ਏ. ਨੇ ਅੱਜ ਸਰਕਾਰੀ ਸੀਨੀਅਰ ਸੈਕੇਂਡਰੀ ਸਕੂਲ ਪਿੰਡ ਲੱਖਪੁਰ ਤਹਿਸੀਲ ਫਗਵਾੜਾ ਦਾ ਦੌਰਾ ਕੀਤਾ। ਇਸ ਦੌਰਾਨ ਉਹਨਾਂ ਸਕੂਲ ਦੀ ਸ਼ਾਨਦਾਰ ਇਮਾਰਤ ਅਤੇ ਵਿਦਿਆਰਥੀਆਂ ਲਈ ਵਧੀਆ ਸਹੂਲਤਾਂ ਦੀ ਸ਼ਲਾਘਾ ਕੀਤੀ। ਇਸ ਤੋਂ ਪਹਿਲਾਂ ਸਕੂਲ ਪਹੁੰਚਣ ਤੇ ਉਹਨਾਂ ਦਾ ਸਵਾਗਤ ਕਾਰਜਕਾਰੀ ਪ੍ਰਿੰਸੀਪਲ ਮਨਜੀਤ ਸਿੰਘ ਜਸਵਾਲ ਅਤੇ ਭਗਤ ਜਵਾਲਾ ਦਾਸ ਸਕੂਲ ਵੈਲਫੇਅਰ ਕਮੇਟੀ ਦੇ ਚੇਅਰਮੈਨ ਰਿਟਾ। ਪ੍ਰਿੰਸੀਪਲ ਜਸਵਿੰਦਰ ਸਿੰਘ ਬੰਗੜ ਦੀ ਅਗਵਾਈ ਹੇਠ ਸਮੂਹ ਸਟਾਫ ਵਲੋਂ ਕੀਤਾ ਗਿਆ। ਪ੍ਰਵਾਸੀ ਭਾਰਤੀ ਡਾ. ਸਤਨਾਮ ਸਿੰਘ ਬੰਗੜ ਅਤੇ ਡਾ. ਪਰਮਲਾ ਕੁਮਾਰੀ ਬੰਗੜ ਨੇ ਸਕੂਲ ਦੇ ਚੌਗਿਰਦੇ ਵਿਚ ਅੰਬ, ਅੰਜੀਰ, ਆਲੂ ਬੁਖਾਰਾ ਤੇ ਚੀਕੂ ਦੇ ਬੂਟੇ ਲਗਾਏ। ਉਹਨਾਂ ਆਪਣੇ ਸੰਬੋਧਨ



ਵਿਚ ਵਾਤਾਵਰਣ ਸੰਭਾਲ ਦਾ ਮਹੱਤਵ ਦੱਸਿਆ ਅਤੇ ਕਿਹਾ ਕਿ ਗਲੋਬਲ ਵਾਰਮਿੰਗ ਅਤੇ ਅੱਤ ਤੋਂ ਜਿਆਦਾ ਪੈਣ ਵਾਲੀ ਗਰਮੀ, ਸਰਦੀ, ਬਰਸਾਤ ਆਦਿ ਲਈ ਜੰਗਲਾਂ ਦੀ ਅੰਨ੍ਹੇਵਾਹ ਕਟਾਈ ਜ਼ਿੰਮੇਵਾਰ ਹੈ। ਇਸ ਦੇ ਨਾਲ ਹੀ ਉਦਯੋਗਿਕ ਇਕਾਈਆਂ ਤੇ ਵਾਹਨਾਂ ਤੋਂ ਨਿਕਲਣ ਵਾਲਾ ਧੂਆਂ ਵਾਤਾਵਰਣ ਨੂੰ ਜਹਿਰੀਲਾ ਬਣਾ ਰਿਹਾ ਹੈ ਜੋ ਕਿ ਨਾ ਸਿਰਫ ਇਨਸਾਨਾਂ ਬਲਕਿ ਪਸ਼ੂਆਂ ਤੇ ਪੰਛੀਆਂ ਦੀ ਸਿਹਤ ਲਈ ਵੀ ਬਹੁਤ ਹੀ ਹਾਨੀਕਾਰਕ ਹੈ। ਇਸ ਤੋਂ ਬਚਾਅ ਲਈ ਵੱਡੀ ਪੱਧਰ ਤੇ ਬੂਟੇ ਲਗਾ ਕੇ ਉਹਨਾਂ ਦੀ ਪਰਵਰਿਸ਼ ਕਰਨਾ ਸਾਡਾ ਮੁਢਲਾ ਫਰਜ਼ ਹੈ।

ਕਾਰਜਕਾਰੀ ਪ੍ਰਿੰਸੀਪਲ ਮਨਜੀਤ ਸਿੰਘ ਜਸਵਾਲ ਨੇ ਦੱਸਿਆ ਕਿ ਸਕੂਲ ਦੀ ਇਮਾਰਤ ਦੇ ਨਵੀਨੀਕਰਣ ਵਿਚ ਡਾ. ਸਤਨਾਮ ਸਿੰਘ ਬੰਗੜ ਦੇ ਸਮੁੱਚੇ ਪਰਿਵਾਰ ਦਾ ਵਢਮੁੱਲਾ ਯੋਗਦਾਨ ਰਿਹਾ ਹੈ।

ਉਹਨਾਂ ਭਰੋਸਾ ਦਿੱਤਾ ਕਿ ਜੋ ਬੂਟੇ ਸਕੂਲ ਦੇ ਚੌਗਿਰਦੇ ਵਿਚ ਲਗਾਏ ਗਏ ਹਨ, ਉਹਨਾਂ ਦੀ ਦਰਖ਼ਤ ਬਣਨ ਤੱਕ ਪੂਰੀ ਦੇਖਭਾਲ ਕੀਤੀ ਜਾਵੇਗੀ। ਇਸ ਮੌਕੇ ਜੀਨਾ ਕੁਮਾਰੀ ਬੰਗੜ, ਸੋਨੀਆ ਕੁਮਾਰੀ ਬੰਗੜ, ਸਕੂਲ ਸਟਾਫ ਤੋਂ ਇਲਾਵਾ ਹੋਰ ਪਤਵੰਤੇ ਵੀ ਹਾਜਰ ਸਨ।

# ਹਰਭਜਨ ਕਠਾਰ ਦਾ ਕਹਾਣੀ ਸੰਗ੍ਰਿਹ 'ਡੁੱਬਦੇ ਸੂਰਜ ਦਾ ਅਕਸ' ਪੁਸਤਕ ਕੀਤੀ ਲੋਕ ਅਰਪਣ




**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਹਰਭਜਨ ਸਿੰਘ ਕਠਾਰ ਦੁਆਰਾ ਰਚਿਤ ਕਹਾਣੀ ਸੰਗ੍ਰਿਹ 'ਡੁੱਬਦੇ ਸੂਰਜ ਦਾ ਅਕਸ' ਪੁਸਤਕ ਜ਼ਿਲ੍ਹਾਂ ਭਾਸ਼ਾ ਦਫਤਰ, ਹੁਸ਼ਿਆਰਪੁਰ ਵਿਖੇ ਲੋਕ ਅਰਪਣ ਕੀਤੀ ਗਈ। ਇਹ ਲੇਖਕ ਜੋਕਿ ਭਾਰਤੀ ਯਖਾਦ ਨਿਗਮ ਵਿੱਚੋਂ ਬਤੌਰ ਜਨਰਲ ਮੈਨੇਜਰ ਰਿਟਾਇਰ ਹੋਇਆ ਲਗਭਗ 1970-71 ਤੋਂ ਲਿਖਤਾਂ ਲਿਖ ਰਿਹਾ ਸੀ। ਇਹਨਾ ਦੁਆਰਾ ਲਿਖੀਆਂ ਕਹਾਣੀਆਂ ਤੇ ਰਚਨਾਵਾਂ ਬਹੁਤ ਸਾਰੇ ਅਖਬਾਰਾਂ ਅਤੇ ਰਸਾਲਿਆਂ ਵਿੱਚ ਛਪਦੇ ਰਹੇ ਹਨ। 'ਡੁੱਬਦੇ ਸੂਰਜ ਦਾ ਅਕਸ' ਪੁਸਤਕ ਵਿੱਚ ਜੋ ਲਘੂ ਕਹਾਣੀਆਂ ਦਾ ਖਜ਼ਾਨਾ ਹੈ, ਸਮਾਜ ਦੇ ਅਕਸ ਅਤੇ ਵੱਖ-ਵੱਖ ਸਮਾਜਿਕ ਸਥਿਤੀਆਂ ਨੂੰ ਬਹੁਤ ਹੀ ਰੌਚਕ ਢੰਗ ਨਾਲ ਵਿਅਕਤ ਕਰਦੀਆਂ ਹਨ ਅਤੇ ਪਾਠਕਾਂ ਦੀ ਖਿੱਚਦਾ ਕੇਂਦਰ ਬਣੀਆਂ ਹਨ। ਲੇਖਕ ਕਠਾਰ ਵੀ ਦੁਆਰਾ ਦੱਸਿਆ ਗਿਆ ਕਿ ਇਸ ਲੰਬੇ ਸਮੇਂ ਤੋਂ ਲੇਖਨ ਪ੍ਰਕ੍ਰਿਆ ਵਿੱਚ ਉਹਨਾਂ ਦੀ ਪਤਨੀ ਸਵ. ਸਰਜਿੰਦਰ ਕੌਰ ਅਤੇ ਪਰਿਵਾਰ ਦਾ ਬਹੁਤ ਯੋਗਦਾਨ ਰਿਹਾ ਹੈ। ਇਸ ਮੌਕੇ ਜ਼ਿਲ੍ਹਾ ਭਾਸ਼ਾ ਅਫਸਰ ਹੁਸ਼ਿਆਰਪੁਰ ਡਾ. ਜਸਵੰਤ ਰਾਏ ਅਤੇ ਸਹਾਇਕ ਜ਼ਿਲ੍ਹਾ ਲੋਕ ਸੰਪਰਕ ਅਫਸਰ ਲੋਕੇਸ਼ ਚੌਬੇ ਦੁਆਰਾ ਇਸ ਪੁਸਤਕ ਦੀ ਸ਼ਲਾਘਾ ਕੀਤੀ ਗਈ। ਇਸ ਮੌਕੇ ਕੁਲਤਾਰ ਸਿੰਘ, ਸ਼ਮਸ਼ੇਰ ਸੋਹੀ, ਜਸਵੀਰ ਧੀਮਾਨ, ਅਜੈ ਕੁਮਾਰ, ਰਮਣੀਕ ਸਿੰਘ, ਅੰਜੂ ਰੱਤੀ, ਅਮਨਜੀਤ ਕੌਰ ਆਦਿ ਹਾਜ਼ਰ ਸਨ।

# ਸਟੇਟ ਬੈਂਕ ਸਮੁੰਦੜਾ ਵੱਲੋਂ ਧਮਾਈ ਸਕੂਲ ਵਿਖੇ ਪੌਦੇ ਲਗਾ ਕੇ ਸਟੇਟ ਬੈਂਕ ਦਾ ਸਥਾਪਨਾ ਦਿਵਸ ਮਨਾਇਆ



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਸਟੇਟ ਬੈਂਕ ਆਫ਼ ਇੰਡੀਆ ਏ।ਡੀ।ਬੀ। ਬ੍ਰਾਂਚ ਸਮੁੰਦੜਾ ਵਲੋਂ ਆਪਣੇ ਬੈਂਕ ਦਾ ਸਥਾਪਨਾ ਦਿਵਸ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਮਾਈ ਵਿੱਚ ਛਾਂਦਾਰ ਅਤੇ ਸਜਾਵਟੀ ਬੂਟੇ ਲਗਾ ਕੇ ਮਨਾਇਆ ਗਿਆ। ਬ੍ਰਾਂਚ ਮੈਨੇਜਰ ਸ਼੍ਰੀ ਜਸਵੀਰ ਸਿੰਘ ਜੀ ਨੇ ਆਖਿਆ ਕਿ ਵਾਤਾਵਰਣ ਦੀ ਸੰਭਾਲ਼ ਕਰਨੀ ਅੱਜ ਸਮੇਂ ਦੀ ਲੋੜ ਹੈ। ਦਿਨੋ-ਦਿਨ ਵਧ ਰਿਹਾ ਪ੍ਰਦੂਸ਼ਣ ਇੱਕ ਗੰਭੀਰ ਸਮੱਸਿਆ ਬਣਦਾ ਜਾ ਰਿਹਾ ਹੈ ਜੋ ਕਿ ਬਹੁਤ ਚਿੰਤਾ ਦਾ ਵਿਸ਼ਾ ਹੈ। ਇਸੇ ਕਰਕੇ ਸਟੇਟ ਬੈਂਕ ਆਫ਼ ਇੰਡੀਆ ਏ।ਡੀ।ਬੀ। ਬ੍ਰਾਂਚ ਸਮੁੰਦੜਾ ਵਲੋਂ ਆਪਣੇ ਬੈਂਕ ਦਾ ਸਥਾਪਨਾ ਦਿਵਸ ਵਾਤਾਵਰਣ ਦੀ ਸੰਭਾਲ਼ ਨੂੰ ਸਮਰਪਿਤ ਕੀਤਾ ਗਿਆ ਹੈ। ਸਕੂਲਾਂ ਅਤੇ ਸਾਂਝੀਆਂ ਥਾਵਾਂ 'ਤੇ ਬੂਟੇ ਲਗਾ ਕੇ ਵਾਤਾਵਰਣ ਦੀ ਸੰਭਾਲ਼ ਦਾ ਸੰਦੇਸ਼ ਦਿੱਤਾ ਜਾ ਰਿਹਾ ਹੈ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਮਾਈ ਵਿੱਚ ਬੂਟੇ ਲਗਾਉਣ ਸਮੇਂ ਬ੍ਰਾਂਚ ਮੈਨੇਜਰ ਜਸਵੀਰ ਸਿੰਘ ਜੀ ਦੇ ਨਾਲ ਮੈਡਮ ਕੁਲਵਿੰਦਰ ਕੌਰ, ਪਰਮਜੀਤ ਸਿੰਘ, ਅਵਤਾਰ ਸਿੰਘ, ਸੁਰਿੰਦਰ ਕੁਮਾਰ, ਪੂਜਾ ਭਾਟੀਆ, ਮਧੂ ਸੰਬਿਆਲ, ਕਮਲਜੀਤ ਕੌਰ, ਸੀਮਾ ਅਤੇ ਖੁਸ਼ਵਿੰਦਰ ਕੌਰ ਵੀ ਹਾਜ਼ਰ ਸਨ।

# ਸੰਭਾਵੀ ਹੜ੍ਹਾਂ ਨਾਲ ਨਜਿੱਠਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ - ਕੋਮਲ ਮਿੱਤਲ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਕਿਹਾ ਕਿ ਜ਼ਿਲ੍ਹੇ ਵਿਚ ਸੰਭਾਵੀ ਹੜ੍ਹਾਂ ਨਾਲ ਨਜਿੱਠਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਹ ਅੱਜ ਪਿੰਡ ਤੱਖਣੀ, ਬੱਸੀ ਵਾਹਿਦ ਦੇ ਨਾਲ ਪੈਂਦੇ ਮਹਿੰਗਰੋਵਾਲ ਚੋਅ ਅਤੇ ਪਿੰਡ ਭਾਗੋਵਾਲ ਦੇ ਕਾਜ਼ਵੇਅ ਦਾ ਨਿਰੀਖਣ ਕਰਨ ਦੌਰਾਨ ਸੰਬੋਧਨ ਕਰ ਰਹੇ ਸਨ। ਇਸ ਮੌਕੇ ਉਨ੍ਹਾਂ ਨਾਲ ਐਸ. ਡੀ. ਐਮ ਹੁਸ਼ਿਆਰਪੁਰ ਪ੍ਰੀਤਇੰਦਰ ਸਿੰਘ ਬੈਂਸ ਵੀ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਉਨ੍ਹਾਂ ਨੇ ਅੱਜ ਉਨ੍ਹਾਂ ਥਾਵਾਂ ਦਾ ਨਿਰੀਖਣ ਕੀਤਾ, ਜਿਥੇ ਪਿਛਲੇ ਸਾਲ ਪਾਣੀ ਆ ਗਿਆ ਸੀ। ਉਨ੍ਹਾਂ ਕਿਹਾ ਕਿ ਦੌਰੇ ਦਾ ਉਦੇਸ਼ ਇਨ੍ਹਾਂ ਥਾਵਾਂ 'ਤੇ ਹੜ੍ਹ ਸੁਰੱਖਿਆ ਕੰਮਾਂ ਨੂੰ ਹੋਰ ਪੁਖਤਾ ਢੰਗ ਨਾਲ ਕਰਵਾਉਣਾ ਹੈ, ਤਾਂ ਜੋ ਲੋਕਾਂ ਨੂੰ ਕੋਈ ਸਮੱਸਿਆ ਪੇਸ਼ ਨਾ ਆਵੇ।



ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸੰਭਾਵੀ ਹੜ੍ਹਾਂ ਨਾਲ ਨਜਿੱਠਣ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਾਰੇ ਪੁਖਤਾ ਪ੍ਰਬੰਧ ਯਕੀਨੀ ਬਣਾਏ ਗਏ ਹਨ। ਉਨ੍ਹਾਂ ਇਸ ਦੌਰਾਨ ਲੋਕ ਨਿਰਮਾਣ, ਡਰੇਨੇਜ ਅਤੇ ਹੋਰਨਾਂ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਪਾਣੀ ਦੇ ਕਾਰਨ ਨੁਕਸਾਨੇ ਕਾਜ਼ਵੇਅ ਦੀ ਸੁਰੱਖਿਆ ਨੂੰ ਲੈ ਕੇ ਤੁਰੰਤ ਕੰਮ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸੰਭਾਵੀ ਹੜ੍ਹਾਂ ਤੋਂ ਲੋਕਾਂ ਨੂੰ ਰਾਹਤ ਦਿਵਾਉਣ ਲਈ ਜਿਥੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲਗਾਤਾਰ ਯਤਨ ਜਾਰੀ ਹਨ, ਉਥੇ ਹੜ੍ਹ ਦੇ ਪਾਣੀ ਤੋਂ ਕਿਸਾਨਾਂ ਦੀਆਂ ਫ਼ਸਲਾਂ ਨੂੰ ਬਚਾਉਣ ਲਈ ਵੀ ਯਤਨ ਕੀਤੇ ਜਾ ਰਹੇ ਹਨ।

ਡਿਪਟੀ ਕਮਿਸ਼ਨਰ ਨੇ ਪਿੰਡ ਬੱਸੀ ਵਾਹਿਦ ਦੇ ਨਾਲ ਲੱਗਦੇ ਮਹਿੰਗਰੋਵਾਲ ਚੋਅ ਵਿਚ ਹੜ੍ਹ ਸੁਰੱਖਿਆ ਕੰਮਾਂ ਦਾ ਨਿਰੀਖਣ ਕਰਦੇ ਹਏ ਡਰੇਨੇਜ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਯਕੀਨੀ ਬਣਾਉਣ ਕਿ ਹੜ੍ਹ ਦਾ ਪਾਣੀ ਪਿੰਡ ਵਿਚ ਪ੍ਰਵੇਸ਼ ਨਾ ਕਰੇ। ਉਨ੍ਹਾਂ ਜ਼ਿਲ੍ਹੇ ਦੇ ਸਮੂਹ ਐਸ।ਡੀ।ਐਮਜ਼ ਨੂੰ ਨਿਰਦੇਸ਼ ਦਿੱਤੇ ਗਏ ਕਿ ਉਹ ਆਪਣੇ ਉਪ ਮੰਡਲਾਂ ਵਿਚ ਸੰਭਾਵੀ ਹੜ੍ਹ ਵਰਗੀ ਸਥਿਤੀ ਨਾਲ ਨਜਿੱਠਣ ਲਈ ਪੁਖਤਾ ਪ੍ਰਬੰਧ ਯਕੀਨੀ ਬਣਾਉਣ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਪ੍ਰਸਤਾਵਿਤ ਹੜ੍ਹ ਰੋਕੂ ਕੰਮਾਂ ਨੂੰ ਪੂਰੀ ਗੰਭੀਰਤਾ ਨਾਲ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਐਸ।ਡੀ।ਐਮਜ਼ ਅਤੇ ਡਰੇਨੇਜ ਵਿਭਾਗ ਦੇ ਅਧਿਕਾਰੀਆਂ ਨੂੰ ਆਪਸੀ ਤਾਲਮੇਲ ਨਾਲ ਕੰਮ ਕਰਨ ਲਈ ਕਿਹਾ। ਕੋਮਲ ਮਿੱਤਲ ਨੇ ਜ਼ਿਲ੍ਹਾ ਵਾਸੀਆਂ ਨੂੰ ਸਾਵਧਾਨੀ ਅਪਣਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਉਹ ਡੈਮਾਂ, ਦਰਿਆਵਾਂ, ਨਹਿਰਾਂ, ਖੱਡਾਂ, ਚੋਆਂ ਅਤੇ ਹੇਠਲੇ ਇਲਾਕਿਆਂ ਤੋਂ ਦੂਰ ਰਹਿਣ। ਉਨ੍ਹਾਂ ਗੁੱਜਰ ਭਾਈਚਾਰੇ ਦੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਪਸ਼ੂਆਂ ਆਦਿ ਨੂੰ ਇਨ੍ਹਾਂ ਖੇਤਰਾਂ ਤੋਂ ਦੂਰ ਰੱਖਣ। ਉਨ੍ਹਾਂ ਕਿਹਾ ਕਿ ਬਰਸਾਤਾਂ ਦੇ ਕਾਰਨ ਚੋਅ ਅਤੇ ਦਰਿਆਵਾਂ ਵਿਚ ਪਾਣੀ ਦਾ ਪੱਧਰ ਕਾਫੀ ਵੱਧ ਜਾਂਦਾ ਹੈ।

ਉਨ੍ਹਾਂ ਕਿਹਾ ਕਿ ਆਮ ਦੇਖਣ ਵਿਚ ਆਇਆ ਹੈ ਕਿ ਕੁਝ ਲੋਕ ਚੋਆਂ ਅਤੇ ਦਰਿਆਵਾਂ ਵਿਚ ਨਹਾਉਂਦੇ ਹਨ ਅਤੇ ਹੋਰ ਕਈ ਤਰ੍ਹਾਂ ਦੇ ਕੰਮ, ਜਿਵੇਂ ਕਿ ਪਸ਼ੂਆਂ ਆਦਿ ਨੂੰ ਨਹਾਉਣ ਲਈ ਲੈ ਜਾਂਦੇ ਹਨ ਅਤੇ ਇਕੱਠੇ ਹੋ ਕੇ ਚੱਲਦਾ ਪਾਣੀ ਦੇਖਣ ਅਤੇ ਵੀਡੀਓ ਬਣਾਉਣ ਚਲੇ ਜਾਂਦੇ ਹਨ, ਜਿਸ ਕਾਰਨ ਕਈ ਵਾਰ ਅਨਹੋਣੀ ਘਟਨਾ ਵਾਪਰ ਜਾਂਦੀ ਹੈ। ਉਨ੍ਹਾਂ ਐਸ।ਡੀ।ਐਮਜ਼ ਅਤੇ ਡਰੇਨੇਜ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਪ੍ਰਭਾਵਿਤ ਪਿੰਡਾਂ ਦੀ ਚੋਣ ਕਰਨ ਦੇ ਨਾਲ-ਨਾਲ ਦਰਿਆਵਾਂ/ਧੁੱਸੀ ਬੰਨ੍ਹਾਂ ਦਾ ਤੁਰੰਤ ਜਾਇਜ਼ਾ ਲੈਣ। ਇਸ ਮੌਕੇ ਐਕਸੀਅਨ ਡਰੇਨੇਜ ਦਮਨਦੀਪ ਸਿੰਘ, ਐਸ.ਡੀ.ਓ ਡਰੇਨੇਜ ਕਰਨਦੀਪ ਸਿੰਘ ਤੋਂ ਇਲਾਵਾ ਹੋਰ ਅਧਿਕਾਰੀ ਵੀ ਮੌਜੂਦ ਸਨ।

# ਆਰਮੀ ਅਤੇ ਪੁਲਿਸ ਵਿਚ ਭਰਤੀ ਲਈ ਮੁਫ਼ਤ ਟ੍ਰੇਨਿੰਗ ਸ਼ੁਰੂ - ਕੈਪਟਨ ਅਜੀਤ ਸਿੰਘ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–**ਸੀ-ਪਾਈਟ ਕੈਂਪ ਕਪੂਰਥਲਾ ਦੇ ਟ੍ਰੇਨਿੰਗ ਅਫ਼ਸਰ ਕੈਪਟਨ ਅਜੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਹੁਸ਼ਿਆਰਪੁਰ, ਕਪੂਰਥਲਾ, ਜਲੰਧਰ ਅਤੇ ਤਰਨਤਾਰਨ ਦੇ ਨੌਜਵਾਨ ਲਈ ਆਰਮੀ ਵਿਚ ਅਗਨੀਵੀਰ ਦੀ ਭਰਤੀ ਲਈ ਫਿਜ਼ੀਕਲ ਦੀ ਟ੍ਰੇਨਿੰਗ ਸੀ-ਪਾਈਟ ਕੈਂਪ, ਥੇਹ ਕਾਂਜਲਾ, ਕਪੂਰਥਲਾ ਵਿਖੇ ਸ਼ੁਰੂ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਜਿਹੜੇ ਨੌਜਵਾਨ ਆਰਮੀ ਅਗਨੀਵੀਰ ਦਾ ਲਿਖਤੀ ਪੇਪਰ ਪਾਸ ਕਰ ਚੁੱਕੇ ਹਨ ਅਤੇ ਫਿਜ਼ੀਕਲ ਟੈਸਟ ਦੀ ਤਿਆਰੀ ਕਰਨਾ ਚਾਹੁੰਦੇ ਹਨ, ਉਹ ਨੌਜਵਾਨ ਸੀ-ਪਾਈਟ ਕੈਂਪ ਥੇਹ ਕਾਂਜਲਾ (ਨਜ਼ਦੀਕ ਮਾਡਰਨ ਜੇਲ੍ਹ) ਕਪੂਰਥਲਾ ਵਿਖੇ ਆ ਕੇ ਮੁਫ਼ਤ ਤਿਆਰੀ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਜਿਹੜੇ ਨੌਜਵਾਨ ਪੰਜਾਬ ਪੁਲਿਸ, ਸੀ.ਆਰ.ਪੀ.ਐਫ/ਬੀ.ਐਸ.ਐਫ ਦੀ ਭਰਤੀ ਦੀ ਤਿਆਰੀ ਕਰਨਾ ਚਾਹੁੰਦੇ ਹਨ, ਉਹ ਵੀ ਸੀ-ਪਾਈਟ ਕੈਂਪ, ਥੇਹ ਕਾਂਜਲਾ ਵਿਖੇ ਆ ਕੇ ਤਿਆਰੀ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਚਾਹਵਾਨ ਨੌਜਵਾਨ ਲਿਖਤੀ ਪੇਪਰ ਅਤੇ ਫਿਜ਼ੀਕਲ ਟੈਸਟ ਲਈ ਜ਼ਰੂਰੀ ਦਸਤਾਵੇਜਾਂ ਦੀਆਂ ਫੋਟੋ ਕਾਪੀਆਂ ਜਿਵੇਂ ਕਿ ਆਧਾਰ ਕਾਰਡ, ਦਸਵੀਂ ਜਾਂ ਬਾਰ੍ਹਵੀਂ ਕਲਾਸ ਦਾ ਸਰਟੀਫਿਕੇਟ, ਜਾਤੀ ਸਰਟੀਫਿਕੇਟ ਅਤੇ ਦੋ ਪਾਸਪੋਰਟ ਸਾਈਜ਼ ਫੋਟੋਆਂ ਅਤੇ ਆਨਲਾਈਨ ਰਜਿਸਟ੍ਰੇਸ਼ਨ ਦੀ ਫੋਟੋ ਕਾਪੀ ਨਾਲ ਲੈ ਕੇ ਕੈਂਪ ਵਿਚ ਰਿਪੋਰਟ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਟ੍ਰੇਨਿੰਗ ਦੌਰਾਨ ਨੌਜਵਾਨਾਂ ਨੂੰ ਟ੍ਰੇਨਿੰਗ, ਪੜ੍ਹਾਈ, ਰਿਹਾਇਸ਼ ਅਤੇ ਖਾਣਾ ਪੰਜਾਬ ਸਰਕਾਰ ਵੱਲੋਂ ਮੁਫ਼ਤ ਦਿੱਤਾ ਜਾਵੇਗਾ। ਵਧੇਰੇ ਜਾਣਕਾਰੀ ਲਈ ਮੋਬਾਇਲ ਨੰਬਰ 83601-63527, 69002-00733 ਅਤੇ 99143-69376 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਜ਼ਿਲ੍ਹੇ ਵਿੱਚ ਵਿਆਹ ਵਾਲੇ ਦਿਨ ਜਾਂ ਕੋਈ ਵੀ ਖੁਸ਼ੀ ਦੇ ਤਿਉਹਾਰ 'ਤੇ ਪਟਾਕੇ ਚਲਾਉਣ ਦੀ ਮਨਾਹੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹਾ ਮੈਜਿਸਟ੍ਰੇਟ ਨਵਜੋਤ ਪਾਲ ਸਿੰਘ ਰੰਧਾਵਾ ਨੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਸਿਵਲ ਰਿੱਟ ਪਟੀਸ਼ਨ 23548 ਆਫ਼ 2017 ਅਤੇ 23905 ਆਫ਼ 2017 ਵਿੱਚ ਪਾਸ ਕੀਤੇ ਹੁਕਮਾਂ ਦੀ ਪਾਲਣਾ ਵਿੱਚ ਵਿਆਹ ਵਾਲੇ ਦਿਨ, ਨਵੇਂ ਸਾਲ ਦੇ ਦਿਵਸ ਜਾਂ ਕੋਈ ਵੀ ਖੁਸ਼ੀ ਦੇ ਤਿਉਹਾਰ ਮੌਕੇ ਪਟਾਕੇ ਚਲਾਉਣ 'ਤੇ ਪੂਰਨ ਤੌਰ 'ਤੇ ਪਾਬੰਦੀ ਲਗਾਈ ਗਈ ਹੈ। ਜ਼ਿਲ੍ਹਾ ਮੈਜਿਸਟ੍ਰੇਟ ਨਵਜੋਤ ਪਾਲ ਸਿੰਘ ਰੰਧਾਵਾ ਨੇ ਫ਼ੌਜਦਾਰੀ ਜ਼ਾਬਤਾ ਸੰਘਤਾ 1973 (1974 ਦਾ ਐਕਟ-2) ਦੀ ਧਾਰਾ 144 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹੇ ਵਿੱਚ ਆਮ ਲੋਕਾਂ ਨੂੰ ਵਿਆਹ ਵਾਲੇ ਦਿਨ ਅਤੇ ਕੋਈ ਵੀ ਖੁਸ਼ੀ ਦੇ ਤਿਉਹਾਰ ਦੇ ਮੌਕੇ 'ਤੇ ਪਟਾਖੇ ਚਲਾਉਣ ਦੀ ਆਗਿਆ ਨਹੀਂ ਹੋਵੇਗੀ। ਇਹ ਹੁਕਮ 02 ਸਤੰਬਰ, 2024 ਤੱਕ ਲਾਗੂ ਰਹਿਣਗੇ।

# ਜ਼ਿਲ੍ਹੇ ਅੰਦਰ ਹਰੇ ਅੰਬ, ਨਿੰਮ, ਪਿੱਪਲ ਅਤੇ ਬੋਹੜ ਦੇ ਰੁੱਖਾਂ ਦੀ ਕਟਾਈ 'ਤੇ ਪਾਬੰਦੀ

ਜ਼ਿਲ੍ਹਾ ਮੈਜਿਸਟਰੇਟ ਨਵਜੋਤ ਪਾਲ ਸਿੰਘ ਰੰਧਾਵਾ ਨੇ ਫ਼ੌਜਦਾਰੀ ਜ਼ਾਬਤਾ ਸੰਘਤਾ 1973 (1974 ਦਾ ਐਕਟ-2) ਦੀ ਧਾਰਾ 144 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਹਦੂਦ ਅੰਦਰ ਡੀਲਿਸਟ ਏਰੀਏ ਵਿੱਚੋਂ ਹਰੇ ਅੰਬ, ਨਿੰਮ, ਪਿੱਪਲ ਅਤੇ ਬੋਹੜ ਦੇ ਬਹੁਤ ਹੀ ਮਹੱਤਵਪੂਰਨ ਰੁੱਖਾਂ ਦੇ ਕੱਟਣ 'ਤੇ ਪੂਰਨ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਜਾਰੀ ਹੁਕਮਾਂ ਵਿਚ ਕਿਹਾ ਗਿਆ ਹੈ ਕਿ ਜੇਕਰ ਉਕਤ ਰੁੱਖਾਂ ਨੂੰ ਵਿਸ਼ੇਸ਼ ਹਾਲਾਤ ਵਿਚ ਕੱਟਣਾ ਜ਼ਰੂਰੀ ਹੋਵੇ, ਤਾਂ ਜੰਗਲਾਤ ਵਿਭਾਗ ਦੀ ਪ੍ਰਵਾਨਗੀ ਨਾਲ ਹੀ ਕੱਟੇ ਜਾਣ। ਇਸ ਮੰਤਵ ਲਈ ਵਣ ਵਿਭਾਗ ਵੱਲੋਂ ਉਹੀ ਪ੍ਰਕਿਰਿਆ ਅਪਣਾਈ ਜਾਵੇਗੀ, ਜਿਹੜੀ ਕਿ ਪੰਜਾਬ ਭੂਮੀ ਸੁਰੱਖਿਆ ਐਕਟ 1900 ਦਫ਼ਾ-4 ਅਤੇ 5 ਅਧੀਨ ਬੰਦ ਰਕਬੇ ਵਿਚ ਪਰਮਿਟ ਦੇਣ ਲਈ ਅਪਣਾਈ ਜਾਂਦੀ ਹੈ। ਜੇਕਰ ਡੀਲਿਸਟ ਏਰੀਏ ਤੋਂ ਇਲਾਵਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਕਿਸੇ ਵੀ ਜਗ੍ਹਾਂ ਤੇ ਹਰੇ ਅੰਬ, ਨਿੰਮ, ਪਿੱਪਲ ਅਤੇ ਬੋਹੜ ਦੇ ਦਰਖੱਤਾਂ ਨੂੰ ਕੱਟਣਾਂ ਜ਼ਰੂਰੀ ਹੋਵੇ ਤਾਂ ਉਸ ਦੀ ਪ੍ਰਵਾਨਗੀ ਡਿਪਟੀ ਕਮਿਸ਼ਨਰ, ਸ਼ਹੀਦ ਭਗਤ ਸਿੰਘ ਨਗਰ ਦੇ ਦਫ਼ਤਰ ਤੋਂ ਲੈਣ ਉਪਰੰਤ ਹੀ ਕੱਟੇ ਜਾਣ। ਇਨ੍ਹਾਂ ਹੁਕਮਾਂ ਵਿਚ ਕਿਹਾ ਗਿਆ ਹੈ ਕਿ ਇਹ ਵੇਖਣ ਵਿਚ ਆਇਆ ਹੈ ਕਿ ਕੁਝ ਲੋਕਾਂ ਵੱਲੋਂ ਹਰੇ ਅੰਬ, ਨਿੰਮ, ਪਿੱਪਲ ਅਤੇ ਬੋਹੜ ਦੇ ਰੁੱਖਾਂ ਨੂੰ ਬਿਨਾਂ ਵਜ੍ਹਾ ਕੱਟਿਆ ਰਿਹਾ ਹੈ। ਇਹ ਦਰੱਖਤ ਪ੍ਰਾਚੀਨ ਸਮੇਂ ਤੋਂ ਹੀ ਧਾਰਮਿਕ ਮਹੱਤਤਾ ਰੱਖਦੇ ਹਨ ਅਤੇ ਇਨ੍ਹਾਂ ਦਾ ਵਾਤਾਵਰਨ ਨੂੰ ਪ੍ਰਦੂਸ਼ਣ ਤੋਂ ਬਚਾਉਣ ਵਿਚ ਵੱਡਾ ਯੋਗਦਾਨ ਹੈ। ਇਸ ਤੋਂ ਇਲਾਵਾ ਜੰਗਲੀ ਜੀਵਾਂ ਅਤੇ ਪੰਛੀਆਂ ਆਦਿ ਦਾ ਰੈਣ-ਬਸੇਰਾ ਵੀ ਆਮ ਤੌਰ 'ਤੇ ਇਨ੍ਹਾਂ ਵੱਡੇ ਦਰੱਖਤਾਂ 'ਤੇ ਹੁੰਦਾ ਹੈ। ਅਜਿਹੇ ਰੁੱਖਾਂ ਦੀ ਕਟਾਈ ਨਾਲ ਜਿਥੇ ਵਾਤਾਵਰਨ ਤੇ ਮਾੜਾ ਅਸਰ ਪੈਂਦਾ ਹੈ, ਉਥੇ ਪੰਛੀਆਂ ਦੇ ਰੈਣ-ਬਸੇਰੇ 'ਤੇ ਵੀ ਪ੍ਰਤੀਕੂਲ ਅਸਲ ਪੈਂਦਾ ਹੈ, ਜਿਸ ਕਰਕੇ ਪੰਛੀਆਂ ਦੀਆਂ ਕਈ ਪ੍ਰਜਾਤੀਆਂ ਲੁਪਤ ਹੋ ਰਹੀਆਂ ਹਨ। ਇਸ ਕਾਰਨ ਇਨ੍ਹਾਂ ਦੀ ਕਟਾਈ 'ਤੇ ਰੋਕ ਲਗਾਈ ਜਾਣੀ ਜ਼ਰੂਰੀ ਹੈ। ਇਹ ਹੁਕਮ 02 ਸਤੰਬਰ, 2024 ਤੱਕ ਲਾਗੂ ਰਹਿਣਗੇ।

# ਪਰੀਖਿਆ ਕੇਂਦਰਾਂ ਦੇ 100 ਮੀਟਰ ਦੇ ਘੇਰੇ ਵਿੱਚ ਕਿਸੇ ਵੀ ਅਣ-ਅਧਿਕਾਰਤ ਵਿਅਕਤੀ ਨੂੰ ਦਾਖਲ ਨਾ ਹੋਣ ਦਿੱਤਾ ਜਾਵੇ: ਜ਼ਿਲ੍ਹਾ ਮੈਜਿਸਟਰੇਟ

ਪੰਜਾਬ ਸਕੂਲ ਸਿੱਖਿਆ ਬੋਰਡ, ਐਸ।ਏ।ਐਸ। ਨਗਰ (ਮੋਹਾਲ) ਵੱਲੋਂ ਕਰਵਾਈਆਂ ਜਾ ਰਹੀਆਂ ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਜੁਲਾਈ-2024 ਦੀਆਂ ਅਨੁਪੂਰਕ ਪਰੀਖਿਆਵਾਂ ਨੂੰ ਧਿਆਨ ਵਿੱਚ ਰੱਖਦਿਆਂ ਹੋਇਆ ਜ਼ਿਲ੍ਹਾ ਮੈਜਿਸਟਰੇਟ ਨਵਜੋਤ ਪਾਲ ਸਿੰਘ ਰੰਧਾਵਾ ਨੇ ਫੌਜਦਾਰੀ ਜਾਬਤਾ ਸੰਘਤਾ 1973 (1974 ਦਾ ਐਕਟ-2) ਦੀ ਧਾਰਾ 144 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੁਕਮ ਜਾਰੀ ਕੀਤਾ ਹੈ ਕਿ ਜ਼ਿਲ੍ਹੇ ਵਿੱਚ ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀ ਜੁਲਾਈ-2024 ਅਨੁਪੂਰਵਕ ਪਰੀਖਿਆਵਾਂ ਦੌਰਾਨ ਲੈਫ। ਜਨ। ਬਿਕਰਮ ਸਿੰਘ ਮੈਮੋਰੀਅਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮਹਿੰਦੀਪੁਰ, ਸਕੂਲ ਆਫ ਐਮੀਨੈਂਸ ਬੰਗਾ ਅਤੇ ਗੌਰਮਿੰਟ ਸੀਨੀਅਰ ਸੈਕੰਡਰੀ ਸਕੂਲ, ਐਸ।ਬੀ।ਐਸ। ਨਗਰ ਵਿਖੇ ਪਰੀਖਿਆ ਕੇਂਦਰਾਂ ਦੇ 100 ਮੀਟਰ ਦੇ ਘੇਰੇ ਵਿੱਚ ਕਿਸੇ ਵੀ ਅਣ-ਸੁਖਾਵੀਂ ਘਟਨਾ ਨੂੰ ਰੋਕਣ ਵਾਸਤੇ ਕਿਸੇ ਵੀ ਅਣ-ਅਧਿਕਾਰਤ ਵਿਅਕਤੀ ਨੂੰ ਦਾਖਲ ਨਾ ਹੋਣ ਦਿੱਤਾ ਜਾਵੇ। ਇਹ ਹੁਕਮ ਲਾਗੂ ਕਰਵਾਉਣ ਲਈ ਸੀਨੀਅਰ ਪੁਲਿਸ ਕਪਤਾਨ, ਸ਼ਹੀਦ ਭਗਤ ਸਿੰਘ ਨਗਰ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ।ਸਿ।) ਸ਼ਹੀਦ ਭਗਤ ਸਿੰਘ ਨਗਰ ਜ਼ਿੰਮੇਵਾਰ ਹੋਣਗੇ। ਇਹ ਹੁਕਮ 20 ਜੁਲਾਈ 2024 ਤੱਕ ਲਾਗੂ ਰਹੇਗਾ।

# ਸਾਉਣੀ ਮੱਕੀ ਦੇ ਬੀਜ ਉਪਦਾਨ 'ਤੇ ਪ੍ਰਾਪਤ ਕਰਨ ਲਈ ਕਿਸਾਨ 10 ਜੁਲਾਈ ਤੱਕ ਕਰ ਸਕਦੇ ਹਨ ਅਪਲਾਈ - ਡੀ.ਸੀ.

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਫ਼ਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਵਿੱਚ ਇਸ ਸਮੇਂ ਸਾਉਣੀ -2024 ਦੌਰਾਨ ਬੀਜੀ ਜਾਣ ਵਾਲੀ ਸਾਉਣੀ ਰੁੱਤ ਦੀ ਮੱਕੀ 'ਤੇ ਪੰਜਾਬ ਸਰਕਾਰ ਵਲੋਂ ਓਗਰਿਮਅਚਹਿਨਏਰੇਪਬ।ਚੋਮ ਪੋਰਟਲ 'ਤੇ ਰਜਿਸਟਰੇਸ਼ਨ ਜਾਰੀ ਹੈ। ਇਸ ਸਬੰਧੀ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਮੱਕੀ ਦੇ ਬੀਜ ਦੇ ਸਬਸਿਡੀ ਪ੍ਰਾਪਤ ਕਰਨ ਲਈ ਬੀਜ ਦੇ ਖਰੀਦ ਬਿੱਲਾਂ ਅਤੇ ਇਨਪੁਟਸ ਦੀ ਅੰਤਿਮ ਮਿਤੀ 25 ਜੂਨ ਤੋਂ ਵਧਾ ਕੇ 10 ਜੁਲਾਈ ਤੱਕ ਕਰ ਦਿੱਤੀ ਗਈ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਲੋਂ ਪ੍ਰਮਾਣਕ ਮੱਕੀ ਦੀਆਂ ਕਿਸਮਾਂ ਤੇ 100 ਰੁਪਏ ਪ੍ਰਤੀ ਕਿਲੋ ਜਾਂ ਖਰੀਦ ਮੁੱਲ ਦਾ 50 ਫੀਸਦੀ ਜੋ ਘੱਟ ਹੋਵੇ ਦੇ ਹਿਸਾਬ ਨਾਲ ਸਬਸਿਡੀ ਕਿਸਾਨਾਂ ਨੂੰ ਡੀ।ਬੀ।ਟੀ। ਰਾਹੀਂ ਉਪਲਬਧ ਕਰਵਾਈ ਜਾਵੇਗੀ।

ਇਕ ਕਿਸਾਨ ਨੂੰ ਵੱਧ ਤੋਂ ਵੱਧ 5 ਏਕੜ ਭਾਵ ਕਿ 10 ਪੈਕਟ ਬੀਜ ਦੀ ਹੀ ਸਬਸਿਡੀ ਦਿੱਤੀ ਜਾਵੇਗੀ। ਸਬਸਿਡੀ ਲਈ ਛੋਟੇ ਅਤੇ ਦਰਮਿਆਨੇ ਕਿਸਾਨਾਂ ਨੂੰ ਪਹਿਲ ਦਿੱਤੀ ਜਾਵੇਗੀ। ਇਸ ਮੌਕੇ ਜਿਲ੍ਹੇ ਦੇ ਮੁੱਖ ਖੇਤੀਬਾੜੀ ਅਫ਼ਸਰ ਡਾ। ਦਪਿੰਦਰ ਸਿੰਘ ਨੇ ਕਿਹਾ ਕਿ ਮੱਕੀ ਦਾ ਝਾੜ ਵਧੇਰੇ ਲੈਣ ਲਈ ਮੱਕੀ ਦੀ ਬਿਜਾਈ ਵੱਟਾ 'ਤੇ ਕਰਨ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਉਨ੍ਹਾਂ ਵਲੋਂ ਧਰਤੀ ਹੇਠਲੇ ਬਹੁਮੱਲੇ ਪਾਣੀ ਨੂੰ ਬਚਾਉਣ ਲਈ ਅਤੇ ਫ਼ਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਮੱਕੀ ਦੀ ਫ਼ਸਲ ਕਿਸਾਨਾਂ ਲਈ ਇੱਕ ਵਧੀਆ ਵਿਕਲਪ ਹੈ। ਇਸ ਸਾਲ ਮੱਕੀ ਨੂੰ ਉਤਸਾਹਿਤ ਕਰਨ ਲਈ ਮੱਕੀ ਦੀ ਫ਼ਸਲ ਦਾ ਵਧੀਆ ਭਾਅ ਮਿਲਣ ਦੀ ਸੰਭਾਵਨਾ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਮੱਕੀ ਦਾ ਵਧੀਆ ਭਾਅ ਪ੍ਰਾਪਤ ਕਰਨ ਲਈ ਇਸ ਨੂੰ ਸੁੱਕਾ ਕੇ ਮੰਡੀ ਵਿੱਚ ਵੇਚਿਆ ਜਾਵੇ ਅਤੇ ਮੱਕੀ ਨੂੰ ਸੁਕਾਉਣ ਲਈ ਪਿੰਡ ਫੁਗਲਾਣਾ ਵਿਖੇ ਸਥਾਪਿਤ ਮੱਕੀ ਦੇ ਡਰਾਇਅਰ ਦਾ ਨੇੜਲੇ ਪਿੰਡਾਂ ਦੇ ਕਿਸਾਨ ਭਰਪੂਰ ਲਾਭ ਲੈਣ। ਮੱਕੀ ਦੀ ਫ਼ਸਲ ਸਬੰਧੀ ਵਧੇਰੇ ਜਾਣਕਾਰੀ ਲੈਣ ਲਈ ਕਿਸਾਨ ਜਿਲ੍ਹੇ ਅਧੀਨ ਖੇਤੀਬਾੜੀ ਵਿਕਾਸ ਅਫ਼ਸਰ ਅਤੇ ਬਲਾਕ ਖੇਤੀਬਾੜੀ ਅਫ਼ਸਰ ਨਾਲ ਸੰਪਰਕ ਕਰ ਸਕਦੇ ਹਨ।

# 2022 'ਚ ਸੜਕ ਦੁਰਘਟਨਾ ਦੇ ਵਿਚ ਮਾਰੀ ਗਈ ਸ਼ੁਭਮ ਕੌਰ ਕੇਸ ਦੇ ਸਬੰਧ ਵਿਚ ਸੌਰਭ ਸ਼ਰਮਾ ਨੂੰ ਸਜ਼ਾ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** 4 ਜਨਵਰੀ 2022 ਨੂੰ ਇਕ ਪੰਜਾਬੀ ਕੁੜੀ ਸ਼ੁਭਮ ਕੌਰ (ਵਕੀਲ) ਸਪੁੱਤਰੀ ਸ। ਬਲਦੇਵ ਸਿੰਘ ਅਤੇ ਸ੍ਰੀਮਤੀ ਰਾਜਿੰਦਰਪਾਲ ਕੌਰ ਪਿੰਡ ਮੇਗ੍ਰੋਵਾਲ ਗੰਜੀਆ, ਜ਼ਿਲ੍ਹਾ ਹੁਸ਼ਿਆਰਪੁਰ) ਦੀ ਉਸ ਸਮੇਂ ਸੜਕੀ ਦੁਰਘਟਨਾ (ਨੇੜੇ ਟੌਪੀਰੀ ) ਦੇ ਵਿਚ ਮੌਤ ਹੋ ਗਈ ਸੀ, ਜਦੋਂ ਉਸਦਾ ਦੋਸਤ ਸੌਰਭ ਸ਼ਰਮਾ ਟੈਸਲਾ ਕਾਰ ਚਲਾ ਰਿਹਾ ਸੀ। ਕਾਰ ਪਹਿਲਾਂ ਸੜਕੀ ਟੋਏ ਦੇ ਕਾਰਨ ਉਪਰ ਉਲਰੀ ਤੇ ਫਿਰ ਇਕ ਬਿਜਲੀ ਦੇ ਖੰਬੇ ਨਾਲ ਟਕਰਾ ਗਈ ਸੀ। ਮੁਕੱਦਮੇ ਦੀ ਸੁਣਵਾਈ ਹੰਟਲੀ ਜ਼ਿਲ੍ਹਾ ਅਦਾਲਤ ਦੇ ਵਿਚ ਸ਼ੁਰੂ ਹੋਈ ਸੀ ਤੇ ਫਿਰ ਹਮਿਲਟਨ ਪਹੁੰਚੀ। ਸੌਰਭ ਸ਼ਰਮਾ ਨੇ ਲਾਪਰਵਾਹੀ ਨਾਲ ਡਰਾਈਵਿੰਗ ਕਰਨ ਦੇ ਦੋਸ਼ ਦਾ ਬਚਾਅ ਕੀਤਾ ਪਰ ਇਸ ਸਾਲ ਦੇ ਸ਼ੁਰੂ ਵਿੱਚ ਪਈਆਂ ਪੰਜ ਪੇਸ਼ੀਆਂ ਦੀ ਸੁਣਵਾਈ ਤੋਂ ਬਾਅਦ ਉਸਨੂੰ ਕੁੜੀ ਦੀ ਮੌਤ ਦਾ ਕਿਤੇ ਨਾ ਕਿਤੇ ਦੋਸ਼ੀ ਪਾਇਆ ਗਿਆ। ਹਾਦਸੇ ਤੋਂ ਤੁਰੰਤ ਬਾਅਦ ਉਸਨੇ ਆਪਣੇ ਆਈ। ਫੋਨ ਉਤੇ ਟੈਸਲਾ ਕਾਰ ਦਾ ਰਿਕਾਰਡ ਖਤਮ ਕਰਨ ਬਾਰੇ ਇੰਟਰਨੈਟ ਤੋਂ ਤਰੀਕਾ ਵੀ ਲੱਭਣ ਦੀ ਕੋਸ਼ਿਸ਼ ਕੀਤੀ ਸੀ ਅਤੇ ਪੁਲਿਸ ਨੂੰ ਵੀ ਉਚਿਤ ਸਮੇਂ 'ਤੇ ਸੂਚਿਤ ਨਹੀਂ ਕੀਤਾ ਸੀ। ਜਦ ਕਿ ਘਟਨਾ ਦੇ ਤੁਰੰਤ ਬਾਅਦ ਇਕ ਗੁਆਂਢੀ ਨੇ ਪੁਲਿਸ ਨੂੰ ਪਹਿਲਾਂ ਹੀ ਸੂਚਿਤ ਕਰ ਦਿੱਤਾ ਸੀ।

ਮਾਮਲਾ ਹੁਣ ਸਜ਼ਾ ਤੱਕ ਪਹੁੰਚ ਗਿਆ ਸੀ। ਹਮਿਲਟਨ ਜ਼ਿਲ੍ਹਾ ਅਦਾਲਤ ਵਿੱਚ ਬੀਤੇ ਕੱਲ੍ਹ ਸੌਰਭ ਸ਼ਰਮਾ ਨੂੰ ਸਜ਼ਾ ਸੁਣਾਏ ਜਾਣ ਸਮੇਂ, ਸ਼ੁਭਮ ਕੌਰ ਦੀ ਮਾਂ ਸ੍ਰੀਮਤੀ ਰਾਜਿੰਦਰਪਾਲ ਕੌਰ ਨੇ ਆਪਣਾ ਦੁੱਖੜਾ ਪ੍ਰਗਟ ਕਰਦਿਆਂ ਦੋਸ਼ੀ ਨੂੰ ਸੰਬੋਧਨ ਕੀਤਾ ਕਿ ''ਤੂੰ ਸਾਡੇ ਘਰ ਦੀਆਂ ਸਾਰੀਆਂ ਖੁਸ਼ੀਆਂ ਖੋਹ ਲਈਆਂ ਹਨ। ਜੇਕਰ ਇਹ ਦੁਰਘਟਨਾ ਸੀ ਤਾਂ ਉਸ ਨੂੰ ਕਾਰ ਤੋਂ ਬਾਹਰ ਕੱਢਣ ਲਈ ਕਿਸੇ ਤੋਂ ਮਦਦ ਮੰਗਣੀ ਚਾਹੀਦੀ ਸੀ।'' ਵਰਨਣਯੋਗ ਹੈ ਕਿ ਉਸ ਕੋਲ ਆਪਣੇ ਆਪ ਨੂੰ ਬਚਾਉਣ ਤੋਂ ਪਹਿਲਾਂ 20 ਮਿੰਟ ਸਨ ਪਰ ਉਸਨੇ ਉਸਨੂੰ ਕਾਰ ਵਿੱਚ ਹੀ ਛੱਡ ਦਿੱਤਾ ਸੀ। ਮ੍ਰਿਤਕ ਸ਼ੁਭਮ ਕੌਰ ਦੀ ਮਾਤਾ ਨੇ ਭਾਵੁਕ ਹੁੰਦਿਆ ਉਸਨੂੰ ਕਿਹਾ ਕਿ ''ਤੁਸੀਂ ਮੇਰੇ ਬੱਚੇ ਨਾਲ ਚੰਗਾ ਨਹੀਂ ਕੀਤਾ। ਰੱਬ ਤੈਨੂੰ ਕਦੇ ਮਾਫ਼ ਨਹੀਂ ਕਰੇਗਾ।''



ਪੰਜਾਬੀ ਕੁੜੀ ਸ਼ੁਭਮ ਕੌਰ (ਵਕੀਲ) ਜੋ 22 ਸਾਲ ਦੀ ਉਮਰ ਵਿਚ ਆਪਣੀ ਜਾਨ ਗੁਆ ਬੈਠੀ।



**ਪੀੜ੍ਹਤ ਪਰਿਵਾਰ:** ਹੇਠਾਂ ਬੈਠੇ ਹਨ ਪਿਤਾ ਸ. ਬਲਦੇਵ ਸਿੰਘ ਅਤੇ ਸ੍ਰੀਮਤੀ ਰਾਜਿੰਦਰਪਾਲ ਕੌਰ। ਪਿੱਛੇ ਸੱਜੇ ਪਾਸੇ ਸ਼ੁਭਮ ਕੌਰ ਦਾ ਵੱਡਾ ਭਰਾ ਸ. ਮਨਜੀਤ ਸਿੰਘ

ਸੌਰਭ ਸ਼ਰਮਾ – ਜਿਸ ਨੂੰ ਪਹਿਲਾਂ ਹੀ 2017 ਤੋਂ ਖਤਰਨਾਕ ਸਪੀਡ 'ਤੇ ਗੱਡੀ ਚਲਾਉਣ ਦਾ ਦੋਸ਼ੀ ਪਾਇਆ ਗਿਆ ਸੀ। 4 ਜਨਵਰੀ 2022 ਨੂੰ ਡਾਸਨ ਰੋਡ, ਟੌਪੀਰੀ 'ਤੇ ਗੱਡੀ ਚਲਾ ਰਿਹਾ ਸੀ, ਜਦੋਂ ਇਹ ਘਟਨਾ ਘਟੀ। ਸ਼ਾਮ 4.09 ਵਜੇ ਕਾਰ ਦੀ ਆਵਾਜ਼ ਸੁਣ ਕੇ ਨੇੜਲੇ ਗੁਆਂਢੀ ਨੇ 111 'ਤੇ ਕਾਲ ਕੀਤੀ। ਦੋ ਮਿੰਟ ਬਾਅਦ, ਸ਼ਰਮਾ ਦੇ ਫੋਨ ਤੋਂ ਟੈਲੀਕੋ ਡੇਟਾ ਨੇ ਖੁਲਾਸਾ ਕੀਤਾ ਕਿ ਉਸਨੇ ਸ਼ਾਮ 4.12 ਵਜੇ 111 'ਤੇ ਕਾਲ ਕਰਨ ਤੋਂ ਪਹਿਲਾਂ, ਟੈਸਲਾ ਰਿਕਾਰਡਿੰਗ ਖੋਜ ਕੀਤੀ।

ਫਿਰ ਗੁਆਂਢੀਆਂ ਨੇ ਕਾਰ ਵਿੱਚੋਂ ਧੂੰਆਂ ਨਿਕਲਦਾ ਦੇਖਿਆ ਅਤੇ ਸ਼ਰਮਾ ਨੂੰ ਬਾਹਰ ਨਿਕਲਣ ਲਈ ਕਿਹਾ, ਜੋ ਉਸਨੇ ਕੀਤਾ। ਇਸ ਤੋਂ ਪਹਿਲਾਂ ਕਿ ਕਾਰ ਨੂੰ ਹੋਰ ਅੱਗ ਲੱਗ ਜਾਵੇ। ਬਚਾਅ ਪੱਖ ਦੇ ਵਕੀਲ ਨੇ ਸੌਰਭ ਲਈ 200 ਘੰਟੇ ਕਮਿਊਨਿਟੀ ਕੰਮ ਦੀ ਸਜ਼ਾ, ਛੇ ਮਹੀਨਿਆਂ ਦੀ ਡਰਾਈਵਿੰਗ ਅਯੋਗਤਾ ਦਾ ਸੁਝਾਅ ਦਿੱਤਾ। ਭਾਵਨਾਤਮਕ ਨੁਕਸਾਨ ਦੀ ਭਰਪਾਈ ਵਜੋਂ ਭੁਗਤਾਨ ਕਰਨ ਲਈ 7000 ਡਾਲਰ ਦੀ ਪੇਸਕਸ਼ ਕੀਤੀ, ਜਿਸ ਨੂੰ ਪਰਿਵਾਰ ਨੇ ਬਾਅਦ ਵਿੱਚ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ। ਪਰਿਵਾਰ ਨੇ ਇਹ ਰਾਸ਼ੀ ਸਵੀਕਾਰ ਨਹੀਂ ਕੀਤੀ ਅਤੇ ਇਹ ਦਾਨ ਰਾਸ਼ੀ ਕਿਸੇ ਮੰਦਿਰ ਨੂੰ ਦੇਣ ਲਈ ਕਿਹਾ।

ਮਾਣਯੋਗ ਜੱਜ ਮਾਰਸ਼ਲ ਦੇ ਫੈਸਲੇ ਦੀ ਜਦੋਂ ਘੜੀ ਆਈ ਤਾਂ ਉਸਨੇ ਤਿੰਨ ਮਹੀਨਿਆਂ ਦੀ ਕਮਿਊਨਿਟੀ ਨਜ਼ਰਬੰਦੀ, 150 ਘੰਟੇ ਕਮਿਊਨਿਟੀ ਕੰਮ, 12 ਮਹੀਨਿਆਂ ਲਈ ਡਰਾਈਵਿੰਗ ਅਯੋਗਤਾ ਅਤੇ ਮੁਆਵਜ਼ੇ ਦੀ ਅਦਾਇਗੀ ਦੀ ਸਜ਼ਾ ਸੁਣਾਈ। ਪੀੜ੍ਹਤ ਪਰਿਵਾਰ ਕੁਰਲਾਇਆ ਅਤੇ ਕਿਹਾ ਕਿ 'ਇਹ ਕੋਈ ਹਾਦਸਾ ਨਹੀਂ ਸੀ। ਉਸਨੇ ਮੇਰੀ ਧੀ ਨੂੰ ਮਾਰ ਦਿੱਤਾ। ਮੈਨੂੰ 7000 ਡਾਲਰ ਨਹੀਂ ਚਾਹੀਦਾ। ਉਸ ਨੇ ਮੇਰੀ ਧੀ ਦਾ ਕਤਲ ਕਰ ਦਿੱਤਾ।'' ਪੀੜ੍ਹਤ ਪਰਿਵਾਰ ਦਿੱਤੇ ਨਿਆਂ ਦੇ ਫੈਸਲੇ ਤੋਂ ਨਾ ਖੁਸ਼ ਹੈ ਅਤੇ ਕਿਹਾ ਹੈ ਕਿ ਇਹ ਕੈਸਾ ਨਿਆਂ ਹੈ... ਸਮਝ ਤੋਂ ਪਰ੍ਹੇ ਹੈ। ਕੁਝ ਮਿੰਟ ਪਹਿਲਾਂ ਜੱਜ ਮਾਰਸ਼ਲ ਨੇ ਅਦਾਲਤ ਨੂੰ ਕਿਹਾ ਸੀ ਕਿ ਕੋਈ ਵੀ ਦਿੱਤੀ ਸਜ਼ਾ ਸ਼ੁਭਮ ਕੌਰ ਨੂੰ ਉਸ ਦੇ ਪਰਿਵਾਰ ਨੂੰ ਵਾਪਸ ਨਹੀਂ ਦੇਵੇਗੀ।

# ਵਾਇਕਾਟੋ ਸ਼ਹੀਦੇ ਆਜ਼ਿਮ ਸ. ਭਗਤ ਸਿੰਘ ਟਰੱਸਟ ਹਮਿਲਟਨ ਵੱਲੋਂ 'ਰੁੱਖ ਲਗਾਓ' ਲੜੀ ਵਿਚ ਵੱਡਾ ਸਹਿਯੋਗ




**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਕਿਸੀ ਨੇ ਖੂਬ ਕਿਹਾ ਹੈ ਕਿ ਜੋ ਅਸੀਂ ਕੁਦਰਤ ਨੂੰ ਦਿੰਦੇ ਹਾਂ ਉਹੀ ਸਾਨੂੰ ਕੁਦਰਤ ਵੱਖ-ਵੱਖ ਰੂਪਾਂ ਵਿਚ ਵਿਚ ਵਾਪਿਸ ਕਰਦੀ ਹੈ। ਸਾਡਾ ਦੇਸ਼ ਨਿਊਜ਼ੀਲੈਂਡ ਬਹੁਤ ਸੋਹਣਾ ਹੈ ਤੇ ਇਸ ਨੂੰ ਹੋਰ ਵੀ ਸੋਹਣਾ ਬਣਾਉਣ ਲਈ ਹਰ ਸਾਲ ਹਮਿਲਟਨ ਵਿਖੇ ਅਰਥ ਡਾਇਵਰਸ ਅਤੇ ਸਿਟੀ ਕੌਂਸਿਲ ਵੱਲੋਂ ਰੁੱਖ ਲਗਾਓ ਮੁਹਿੰਮ ਚਲਾਈ ਜਾਂਦੀ ਹੈ।

ਅੱਜ ਇਸੇ ਲੜੀ ਤਹਿਤ ਰੋਟੋਕੌਰੀ ਖੇਤਰ ਵਿੱਚ 3000 ਹਜ਼ਾਰ ਤੋਂ ਉੱਪਰ ਪੌਦੇ ਲਗਾਏ ਗਏ, ਜਿਸ ਵਿਚ ਡਾ. ਟੌਡ ਨਾਚੋਵਿੱਟਸ ਅਤੇ ਉਨ੍ਹਾਂ ਦੀ ਟੀਮ ਦੀ ਨੇ ਅਗਵਾਈ ਕੀਤੀ। ਸਾਰੇ ਸਵੈ-ਸੇਵਿਕਾ ਨੇ ਬਹੁੱਤ ਹੀ ਉਤਸ਼ਾਹ ਨਾਲ ਪੌਦੇ ਲਗਾਏ। ਇਸ ਮੁਹਿੰਮ 'ਚ ਵਾਇਕਾਟੋ ਸ਼ਹੀਦੇ ਆਜ਼ਮ ਸ। ਭਗਤ ਸਿੰਘ ਟਰੱਸਟ ਦੇ ਬਹੁਤ ਸਾਰੇ ਮੈਂਬਰ ਪਰਿਵਾਰਾਂ ਸਮੇਤ ਪੁੱਜੇ, ਆਪਣਾ ਸਟਾਲ ਲਾਇਆ, ਤਾਂ ਕਿ ਰੀਫ੍ਰੈਸ਼ਮੈਂਟ ਗਰਮ ਚਾਹ, ਪਕੌੜੇ, ਜੂਸ ਅਤੇ ਸਾਫਟ ਡਰਿੰਕਸ ਆਦਿ ਵੀ ਵਰਤਾਈ ਜਾ ਸਕੇ। ਟਰੱਸਟ ਦੇ ਸੱਦੇ ਉਤੇ 70 ਤੋਂ ਉਪਰ ਟਰੱਸਟੀ ਪ੍ਰੀਵਾਰਾਂ ਦੇ ਬੱਚਿਆਂ ਨੇ ਸ਼ਿਰਕਤ ਕੀਤੀ। ਬਹੁਤ ਸਾਰੇ ਪੌਦੇ ਲਗਾਏ ਗਏ। ਮਨੋਰੰਜਨ ਦੇ ਲਈ ਟਰੱਸਟ ਵੱਲੋਂ ਪਰਿਵਾਰਾਂ ਲਈ ਖੇਡਾਂ ਜਿਵੇਂ ਪੁਰਸ਼ ਤੇ ਮਹਿਲਾ ਰੱਸਾਕਸੀ, ਨਿੰਬੂ-ਚਮਚਾ ਦੌੜ ਤੇ ਭੰਗੜਾ-ਗਿੱਧਾ ਵੀ ਪਾਇਆ। ਮੇਲੇ ਵਰਗੇ ਮਾਹੌਲ ਦੇ ਵਿਚ ਦੂਜੀਆਂ ਕੌਮਾਂ ਦੇ ਲੋਕ ਵੀ ਖੁਸ਼ੀ ਮਨਾਉਣ ਆ ਗਏ। ਖੇਡਾਂ ਦੇ ਜੇਤੂਆਂ ਨੂੰ ਟਰੱਸਟ ਵੱਲੋਂ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ ਜਿਸ ਵਿਚ ਡਾ. ਟੌਡ, ਐਮਾ ਪਾਇਕ (ਕੌਂਸਲਰ ਹਮਿਲਟਨ ਵੈਸਟ), ਡਾ. ਗੌਰਵ ਸ਼ਰਮਾਂ, ਜਰਨੈਲ ਸਿੰਘ ਰਾਹੋਂ, ਦਵਿੰਦਰ ਕੌਰ ਗੁਰਾਇਆਂ ਸ਼ਾਮਿਲ ਸਨ। ਟਰੱਸਟ ਮੈਂਬਰਜ ਹਰਜੀਤ ਕੌਰ ਕੰਗ, ਸਿਮਰਤ ਕੌਰ ਗੁਰਾਇਆਂ, ਪ੍ਰਿਆ ਬਿਰਲਾ, ਅਤੁੱਲ ਸ਼ਰਮਾ, ਹਰਗੁਣਜੀਤ ਸਿੰਘ, ਸੰਦੀਪ ਕਲਸੀ, ਮਨਦੀਪ ਬਰਾੜ, ਸਰਵਜੀਤ ਸਿੰਘ, ਮੁਕੇਸ਼ ਕੁਮਾਰ, ਗੁਰਬਾਜ ਸਿੰਘ ਸ਼ੇਖੂਪੁਰੀਆ, ਰੀਹਾ ਸੂਦ, ਸੰਦੀਪ ਕੌਰ ਸੰਧੂ, ਪਰਵੀਰ ਕੌਰ ਗਿੱਲ, ਲੱਲਿਤਾ ਰਾਵਤ, ਮਿੰਨਲ ਕੌਰ, ਸਾਨੀਆ ਦੋਸ਼ੀ, ਪਰਵਿੰਦਰ ਸਿੰਘ ਬੈਂਸ, ਅਮਰੀਕ ਸਿੰਘ, ਵਿਸ਼ਾਲ ਕੋਹਲੀ, ਹਰੀਸ਼ ਬਿੱਰਲਾ, ਸ਼ਮਿੰਦਰ ਸਿੰਘ ਗੁਰਾਇਆਂ ਆਪਣੇ ਪ੍ਰੀਵਾਰਾਂ ਸਮੇਤ ਸ਼ਾਮਿਲ ਹੋਏ। ਟਰੱਸਟ ਵੱਲੋਂ ਸਾਰੇ ਪਰਿਵਾਰਾਂ ਦਾ ਧੰਨਵਾਦ ਕੀਤਾ ਗਿਆ। ਖਾਸ ਕਰ ਸ। ਗੁਰਬਾਜ ਸਿੰਘ ਸ਼ੇਖੂਪੁਰੀਆ ਦੇ ਪਰਿਵਾਰ ਦਾ ਜਿਨ੍ਹਾਂ ਵੱਲੋਂ ਗਰਮਾ-ਗਰਮ ਚਾਹ, ਬਰੈਡ ਪਕੌੜੇ ਤੇ ਸੰਦੀਪ ਕਲਸੀ ਪ੍ਰੀਵਾਰ ਵੱਲੋਂ ਗਰਮਾ ਗਰਮ ਗੁਲਾਬ ਜਾਮੁਣ ਦੀ ਸੇਵਾ ਕੀਤੀ ਗਈ। 'ਰੁੱਖ ਲਗਾਓ ਧਰਤੀ ਨੂੰ ਸਵਰਗ ਬਣਾਓ' ਦੇ ਆਸ਼ੇ ਨਾਲ ਇਹ ਰੁੱਖ ਲਗਾਓ ਮੁਹਿੰਮ ਅਗਲੇ ਸਾਲ ਫਿਰ ਦਸਤਕ ਦੇਵੇਗੀ ਅਤੇ ਟ੍ਰਸਟ ਭਾਗ ਲਵੇਗਾ।

# ਵਿਜ਼ਟਰ ਵੀਜ਼ੇ ਨਾਲ ਲੱਗਣ ਵਾਲੇ ਸਾਰੇ ਦਸਤਾਵੇਜ਼ ਅੰਗਰੇਜ਼ੀ 'ਚ ਹੋਣੇ ਜ਼ਰੂਰੀ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–**ਪਿਛਲੇ ਮਹੀਨੇ ਤੋਂ ਨਿਊਜ਼ੀ-ਲੈਂਡ ਦੇ ਵਿਜ਼ਟਰ ਵੀਜ਼ਾ ਅਰਜ਼ੀਆਂ ਦੇ ਵਿਚ ਲੱਗਣ ਵਾਲੇ ਸਾਰੇ ਦਸਤਾਵੇਜ਼ ਜਿਹੜੇ ਅੰਗਰੇਜ਼ੀ ਤੋਂ ਬਿਨਾਂ ਕਿਸੇ ਹੋਰ ਭਾਸ਼ਾ ਵਿਚ ਜਿਵੇਂ ਹਿੰਦੀ, ਪੰਜਾਬੀ, ਚਾਈਨੀਜ਼ ਆਦਿ ਨੂੰ ਹੁਣ ਅੰਗਰੇਜ਼ੀ ਵਿਚ ਅਨੁਵਾਦ ਕਰਕੇ ਲਗਾਉਣਾ ਜ਼ਰੂਰੀ ਕਰ ਦਿੱਤਾ ਗਿਆ ਹੈ। ਇਹ ਸ਼ਰਤਾ 17 ਜੂਨ ਤੋਂ ਲਾਗੂ ਹਨ।

ਇਸ ਤੋਂ ਪਹਿਲਾਂ, ਵਿਦੇਸ਼ੀ ਭਾਸ਼ਾ ਵਿੱਚ ਪ੍ਰਦਾਨ ਕੀਤੇ ਗਏ ਦਸਤਾਵੇਜ਼ਾਂ ਅਤੇ ਬਿਨਾਂ ਅਨੁਵਾਦ ਦੇ ਅਰਜ਼ੀਆਂ ਦੀ ਪ੍ਰਕਿਰਿਆ ਵਿੱਚ ਜ਼ਿਆਦਾ ਸਮਾਂ ਲੱਗ ਸਕਦਾ ਸੀ, ਪਰ ਹੁਣ ਇਹ ਕੰਮ ਖਤਮ ਕਰ ਦਿੱਤਾ ਗਿਆ ਹੈ। ਅਨੁ-ਵਾਦ ਕੀਤੇ ਗਏ ਦਸਤਾਵੇਜ਼ ਵਿਜ਼ਟਰ ਵੀਜ਼ਾ ਅਰਜ਼ੀਆਂ ਨੂੰ ਵਧੇਰੇ ਕੁਸ਼ਲਤਾ ਨਾਲ ਪ੍ਰਕਿਰਿਆ ਕਰਨ ਵਿੱਚ ਮਦਦ ਕਰਦੇ ਹਨ।

**ਕਿਹੜੇ ਦਸਤਾਵੇਜ਼ਾਂ ਨੂੰ ਅਨੁਵਾਦ ਦੀ ਲੋੜ ਹੈ?**

ਵਿਜ਼ਟਰ ਵੀਜ਼ਾ ਅਰਜ਼ੀਆਂ ਦੇ ਨਾਲ ਜਮ੍ਹਾਂ ਕਰਵਾਏ ਗਏ ਸਾਰੇ ਸਹਾਇਕ ਦਸਤਾਵੇਜ਼ ਅੰਗਰੇਜ਼ੀ ਵਿੱਚ ਪ੍ਰਦਾਨ ਕੀਤੇ ਜਾਣੇ ਚਾਹੀਦੇ ਹਨ ਤੇ ਉਦਾਹਰਨ ਵਜੋਂ ਜਿਨ੍ਹਾਂ ਦੇ ਅਨੁਵਾਦ ਦੀ ਲੋੜ ਹੋ ਸਕਦੀ ਹੈ ਉਹ ਹਨ:-

-ਫੰਡਾਂ ਦਾ ਸਬੂਤ — ਜਿਵੇਂ ਕਿ ਬੈਂਕ ਸਟੇਟਮੈਂਟਸ, ਪੇਅ ਰਿਕਾਰਡ

-ਹਵਾਈ ਟਿਕਟਾਂ-ਆਉਣ ਅਤੇ ਵਾਪਿਸੀ ਲਈ।

-ਤੁਹਾਡੇ ਗ੍ਰਹਿ ਦੇਸ਼ ਵਿੱਚ ਰੁਜ਼ਗਾਰ ਦਾ ਸਬੂਤ

-ਗੈਰਹਾਜ਼ਰੀ ਦੀ ਛੁੱਟੀ ਸਬੰਧੀ ਦਸਤਾਵੇਜ਼

-ਪਾਸਪੋਰਟਾਂ ਤੋਂ ਇਲਾਵਾ ਹੋਰ ਪਛਾਣ ਦਸਤਾਵੇਜ਼ — ਉਦਾਹਰਨ ਲਈ, ਚੀਨੀ ਨਾਗਰਿਕਾਂ ਲਈ ਹੁਕੂ।

-ਵਿਜ਼ਟਰ ਵੀਜ਼ਾ ਬਿਨੈਕਾਰਾਂ ਲਈ ਮੈਡੀਕਲ ਅਤੇ ਪੁਲਿਸ ਸਰਟੀਫਿਕੇਟਾਂ ਦੇ ਅੰ-ਗਰੇਜ਼ੀ ਅਨੁਵਾਦ ਜੋ ਵਿਦੇਸ਼ੀ ਭਾਸ਼ਾ ਵਿੱਚ ਹਨ, ਪ੍ਰਦਾਨ ਕਰਨ ਲਈ ਇਹ ਪਹਿਲਾਂ ਹੀ ਲੋੜ ਹੈ।

ਪ੍ਰਮਾਣਿਤ ਅਨੁਵਾਦ ਕੌਣ ਪੂਰਾ ਕਰ ਸਕਦਾ ਹੈ?

-ਪ੍ਰਤਿਸ਼ਠਾਵਾਨ ਨਿੱਜੀ ਜਾਂ ਅਧਿਕਾਰਤ ਅਨੁਵਾਦ ਕਾਰੋਬਾਰ ਨਾਲ ਜੁੜੇ ਅਦਾਰੇ।

-ਸਹੀ ਅਨੁਵਾਦਾਂ ਲਈ ਜਾਣੇ ਜਾਂਦੇ ਭਾਈਚਾਰੇ ਦੇ ਮੈਂਬਰ। ਪਰ ਬਿਨੈਕਾਰ, ਪਰਿਵਾਰਕ ਮੈਂਬਰਾਂ, ਜਾਂ ਉਨ੍ਹਾਂ ਦੇ ਇਮੀਗ੍ਰੇਸ਼ਨ ਸਲਾਹਕਾਰ ਨੂੰ ਛੱਡ ਕੇ।

-ਲਾਇਸੰਸਸ਼ੁਦਾ ਇਮੀਗ੍ਰੇਸ਼ਨ ਸਲਾਹਕਾਰ ਤੋਂ ਅਨੁ-ਵਾਦ ਵੀ ਸਵੀਕਾਰ ਹੋਵੇਗਾ ਜੇਕਰ ਉਹ

-ਭਾਈਚਾਰੇ ਦੇ ਅੰਦਰ ਇੱਕ ਭਰੋਸੇਮੰਦ ਵਿਅਕਤੀ, ਜੋ ਦਸਤਾਵੇਜ਼ਾਂ ਦਾ ਸਹੀ ਅਨੁਵਾਦ ਕਰਨ ਲਈ ਜਾਣਿਆ ਜਾਂਦਾ ਹੈ।

-ਵੀਜ਼ਾ ਅਰਜ਼ੀ ਦਾਖਲ ਕਰਨ ਵਾਲਾ ਇਮੀ-ਗ੍ਰੇਸ਼ਨ ਸਲਾਹਕਾਰ ਖੁਦ ਉਸੇ ਅਰਜ਼ੀ ਲਈ ਅਨੁਵਾਦ ਨਾ ਕਰਦਾ ਹੋਵੇ।

- ਅਨੁਵਾਦ ਕੀਤੇ ਦਸਤਾਵੇਜ਼ਾਂ ਤੋਂ ਬਿਨਾਂ ਅਰਜ਼ੀਆਂ ਨੂੰ ਅਸਵੀਕਾਰ ਕੀਤੇ ਜਾਣ ਦੀ ਸੰਭਾਵਨਾ ਹੈ।

# ਮਾਲਵਾ ਸਪੋਰਟਸ ਕਲੱਬ 17 ਅਗਸਤ ਨੂੰ ਲਿਆ ਹੈ ਮਹਿਲਾਵਾਂ ਦਾ ਮੇਲਾ 'ਫੁੱਲਕਾਰੀ ਲੇਡੀਜ਼ ਨਾਈਟ'

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਵਿਦੇਸ਼ੀਂ ਰਹਿੰਦਿਆ ਕੰਮਾਂ ਕਾਰਾਂ ਕਰਦਿਆਂ ਜ਼ਿੰਦਗੀਆਂ ਜਿੱਥੇ ਆਪਣੇ ਉਦੇਸ਼ਾਂ ਵੱਲ ਵਧ ਰਹੀਆਂ ਹਨ, ਉਥੇ ਜੀਵਨ ਦੇ ਰੁਝੇਵਿਆਂ ਵਿਚੋਂ ਆਪਣੇ ਸਭਿਆਚਾਰ ਨਾਲ ਜੁੜਦਿਆਂ ਖੁਸ਼ੀਆਂ ਦੇ ਪਲ ਵੀ ਆਪਣੇ ਵੱਲ ਮੋੜ ਲਏ ਜਾਂਦੇ ਹਨ। ਇਨ੍ਹਾਂ ਖੁਸ਼ੀਆਂ ਨੂੰ ਇਕੋ ਥਾਂ ਅਨੇਕਾਂ ਭਾਰਤੀ, ਖਾਸ ਕਰ ਪੰਜਾਬੀ ਮਹਿਲਾਵਾਂ ਦੀ ਝੋਲੀ ਪਾਉਣ ਦੇ ਲਈ 'ਮਾਲਵਾ ਸਪੋਰਟਸ ਐਂਡ ਕਲਚਰਲ ਕਲੱਬ ਨਿਊਜ਼ੀਲੈਂਡ' ਪਿਛਲੇ 7 ਸਾਲਾਂ ਤੋਂ ਲਗਾਤਾਰ ਗਿੱਧੇ ਭੰਗੜੇ ਦੇ ਪਿੜ ਵਿਚ ਹੈ। ਇਸ ਵਾਰ ਸੱਤਵਾਂ ਮਹਿਲਾਵਾਂ ਦਾ ਮੇਲਾ ਜਾਂ ਇਸਦੇ ਨਵੇਂ ਨਾਂਅ 'ਫੁੱਲਕਾਰੀ' ਅਨੁਸਾਰ 'ਤੀਜੀ ਫੁੱਲਕਾਰੀ ਲੇਡੀਜ਼ ਨਾਈਟ-2024' ਅਗਲੇ ਮਹੀਨੇ 17 ਅਗਸਤ ਦਿਨ ਸ਼ਨੀਵਾਰ ਨੂੰ 'ਡਿਊ ਡਰਾਪ ਈਵੈਂਟ ਸੈਂਟਰ ਮੈਨੁਕਾਓ' ਵਿਖੇ ਸ਼ਾਮ 6 ਵਜੇ ਤੋਂ ਕਰਵਾਈ ਜਾ ਰਹੀ ਹੈ। ਇਸ ਲੇਡੀਜ਼ ਨਾਈਟ ਦਾ ਰੰਗਦਾਰ ਪੋਸਟਰ ਅੱਜ 'ਇੰਡੀਅਨ ਈਟਰੀ ਰੈਸਟੋਰੈਂਟ, ਪਾਪਾਕੁਰਾ' ਵਿਖੇ ਮਾਲਵਾ ਕਲੱਬ ਨਾਲ ਜੁੜੀਆਂ ਮਹਿਲਾ ਪ੍ਰਬੰਧਕਾਂ ਨੇ ਜਾਰੀ ਕੀਤਾ। ਇਸ ਮੌਕੇ ਮਾਲਵਾ ਕਲੱਬ ਦੇ ਪ੍ਰਧਾਨ ਸ। ਪਰਮਿੰਦਰ ਸਿੰਘ ਤੱਖਰ ਨੇ ਆਈਆਂ ਸਾਰੀਆਂ ਮਹਿਲਾਵਾਂ ਅਤੇ ਮੀਡੀਆ ਕਰਮੀਆਂ ਦਾ ਧੰਨਵਾਦ ਕੀਤਾ ਜਦ ਕਿ ਸ੍ਰੀਮਤੀ ਬਲਜੀਤ ਕੌਰ ਹੋਰਾਂ ਇਸ ਲੇਡੀਜ਼ ਨਾਈਟ ਬਾਰੇ ਸੰਖੇਪ ਜਾਣਕਾਰੀ ਦਿੱਤੀ ਅਤੇ ਸਾਰਿਆਂ ਨੂੰ ਪੁੱਜਣ ਦਾ ਸੱਦਾ ਦਿੱਤਾ। ਬੀਬੀਆਂ ਨੇ ਬੋਲੀਆਂ ਪਾ ਕੇ ਸ਼ਗਨ ਕੀਤਾ ਅਤੇ ਫੁੱਲਕਾਰੀ ਦੇ ਵੱਖ-ਵੱਖ ਰੰਗਾਂ ਨੂੰ ਅਮੀਰ ਸਭਿਆਚਾਰਕ ਵੰਨਗੀਆਂ ਨਾਲ ਭਰਿਆ। ਇਕੱਤਰ ਮਹਿਲਾਵਾਂ ਨੇ ਜਿੱਥੇ ਬੋਲੀਆਂ ਪਾ ਕੇ ਪੋਸਟਰ ਜਾਰੀ ਕੀਤਾ ਉਥੇ ਨਿਊਜ਼ੀਲੈਂਡ ਵਸਦੀਆਂ ਸਮੂਹ ਭਾਰਤੀ ਮਹਿਲਾਵਾਂ ਨੂੰ 17 ਅਗਸਤ ਨੂੰ ਇਸ ਫੁੱਲਕਾਰੀ ਨਾਈਟ ਦੇ ਵਿਚ ਸ਼ਾਮਿਲ ਹੋਣ ਲਈ ਵੀ ਬੇਨਤੀ ਕੀਤੀ। 4-5 ਘੰਟੇ ਚੱਲਣ ਵਾਲੇ ਇਸ ਪ੍ਰੋਗਰਾਮ ਦੇ ਵਿਚ ਜਿੱਥੇ ਖੁੱਲ੍ਹਾ ਪਿੜ ਹੋਵੇਗਾ, ਡੀ।ਜੇ। ਹੋਵੇਗਾ ਉਥੇ ਸਟੇਜ ਉਤੇ ਗਿੱਧੇ ਅਤੇ ਭੰਗੜੇ ਦੀਆਂ ਬਹੁਤ ਸਾਰੀਆਂ ਵੰਨਗੀਆਂ ਪੇਸ਼ ਹੋਣਗੀਆਂ। ਸੱਸਾਂ-ਮਾਵਾਂ, ਭੈਣਾਂ-ਭਰਜਾਈਆਂ, ਸਹੇਲੀਆਂ ਅਤੇ ਇਥੇ ਪਹੁੰਚੀਆਂ ਮਹਿਲਾ ਮਹਿਮਾਨਾਂ ਦੇ ਲਈ ਇਹ ਪੰਜਾਬੀ ਸੰਗੀਤ ਨਾਲ ਭਰੀ ਰਾਤ ਯਾਦਗਾਰੀ ਹੋਵੇਗੀ। ਸ਼ਾਪਿੰਗ ਦਾ ਸ਼ੌਂਕ ਰੱਖਣ ਵਾਲੀਆਂ ਦੇ ਲਈ ਕਈ ਤਰ੍ਹਾਂ ਦੇ ਕੱਪੜਿਆਂ, ਗਹਿਣਿਆ ਅਤੇ ਖਾਣ-ਪੀਣ ਦੀਆਂ ਦੁਕਾਨਾਂ ਹੋਣਗੀਆਂ। ਇਸ ਫੁੱਲਕਾਰੀ ਨਾਈਟ ਦੀ ਟਿਕਟ 10 ਡਾਲਰ ਪ੍ਰਤੀ ਵਿਅਕਤੀ ਰੱਖੀ ਗਈ ਹੈ। 10 ਸਾਲ ਤੋਂ ਘੱਟ ਬੱਚਿਆਂ ਦਾ ਦਾਖਲਾ ਮੁਫ਼ਤ ਹੋਵੇਗਾ। ਇਹ ਟਿਕਟਾਂ ਭਾਰਤੀ ਗਰੋਸਰੀ ਸਟੋਰਾਂ ਉਤ ਉਪਲਬਧ ਕਰਵਾ ਦਿੱਤੀਆਂ ਗਈਆਂ ਹਨ। ਪਾਰਕਿੰਗ ਫ੍ਰੀ ਕੀਤੀ ਗਈ ਹੈ।



ਫੁੱਲਕਾਰੀ ਕਿਉਂ? ਬਹੁਤ ਸਾਰੇ ਪੱਛਮੀ ਵਸਤਰਾਂ ਨੇ ਪੰਜਾਬੀ ਸਭਿਆਚਾਰਕ ਦੀ ਸ਼ਾਨ ਰਹੇ ਵਸਤਰਾਂ ਦੀ ਚਮਕ ਮੌਸਮੀ ਬਣਾ ਦਿੱਤੀ ਹੈ, ਪਰ ਇਨ੍ਹਾਂ ਦੇ ਨਾਲ ਜੋ ਮਾਹੌਲ ਬਣਦਾ ਹੈ, ਉਹ ਦੂਸਰੇ ਵਸਤਰਾਂ ਵਿਚ ਨਹੀਂ। ਤਰੀਕੇ ਦੇ ਨਾਲ ਸਾਡੇ ਸਭਿਆਚਾਰਕ ਕੱਪੜੇ ਵੀ ਸਾਡਾ ਅੰਗ ਬਣੇ ਰਹਿਣ ਇਸਦੇ ਲਈ ਫੁੱਲਕਾਰੀ ਸ਼ਬਦ ਨੂੰ ਹੋਰ ਮਹ-ੱਤਤਾ ਦਿੱਤੀ ਗਈ ਹੈ। ਫੁੱਲਕਾਰੀ ਪੰਜਾਬਣ ਮਹਿਲਾ ਦੇ ਸਭਿਆਚਾਰਕ ਅਤੇ ਸਭਿਅਕ ਪਹਿਰਾਵੇ ਦੀ ਪ੍ਰਤੀਕ ਵੀ ਹੈ। ਫੁੱਲਕਾਰੀ ਸ਼ਬਦ ਜ਼ਿਹਨ ਦੇ ਵਿਚ ਆਉਂਦਿਆਂ ਹੀ ਖੁਸ਼ੀ ਭਰੇ ਸਮਾਗਮ, ਸ਼ਗਨ, ਵਿਆਹ, ਵਿਆਹ ਵਾਲੇ ਗੀਤ ਅਤੇ ਹੋਰ ਬਹੁਤ ਕੁਝ ਰਵਾਇਤਾ ਅੱਖਾਂ ਸਾਹਮਣੇ ਆ ਜਾਂਦਾ ਹੈ। ਮਾਲਵਾ ਸਪੋਰਟਸ ਕਲੱਬ ਨੇ ਸ਼ਬਦ 'ਫੁੱਲਕਾਰੀ' ਦੇ ਨਾਂਅ ਨਾਲ ਇਸ ਰਵਾਇਤ ਨੂੰ ਤੋਰਨ ਦੀ ਸ਼ੁਰੂਆਤ ਕਰਕੇ ਸਭਿਆਚਾਰ ਨਾਲ ਆਪਣੀ ਗੰਢ ਹੋਰ ਪੀਡੀ ਕਰਨ ਦੀ ਕੋਸ਼ਿਸ਼ ਕੀਤੀ ਹੈ।

## ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਤਹਿਤ ਦੌਰਾਨ ਜਿਲ੍ਹਾ ਸੰਗਰੂਰ ਵਿਖੇ 16 ਮੁਕੱਦਮੇ ਦਰਜ, 16 ਦੋਸ਼ੀ ਗ੍ਰਿਫਤਾਰ





**ਸੰਗਰੂਰ, (ਦਲਜੀਤ ਕੌਰ)** ਸ੍ਰੀ ਸਰਤਾਜ ਸਿੰਘ ਚਾਹਲ, ਐਸ.ਐਸ.ਪੀ. ਸੰਗਰੂਰ ਵੱਲੋਂ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜਿਲ੍ਹਾ ਪੁਲਿਸ ਸੰਗਰੂਰ ਵੱਲੋਂ ਨਸ਼ਿਆਂ ਅਤੇ ਸਮਾਜ ਵਿਰੋਧੀ ਅਨਸਰਾਂ ਖਿਲਾਫ ਚਲਾਈ ਗਈ ਮੁਹਿੰਮ ਦੌਰਾਨ ਕਾਰਵਾਈ ਕਰਦੇ ਹੋਏ ਮਿਤੀ 01-07-2024 ਤੋਂ 05-07-2024 ਤੱਕ ਡਰੱਗ ਦੇ 12 ਮੁਕੱਦਮੇ ਦਰਜ ਕਰਕੇ 13 ਦੋਸੀ ਕਾਬੂ ਅਤੇ ਸਰਾਬ ਦਾ ਧੰਦਾ ਕਰਨ ਵਾਲਿਆਂ ਖਿਲਾਫ 04 ਮੁਕੱਦਮੇ ਦਰਜ ਕਰਕੇ 03 ਦੋਸੀਆਂ ਨੂੰ ਕਾਬੂ ਕੀਤਾ ਗਿਆ।

ਮਿਤੀ 01-07-2024 ਤੋਂ 05-07-2024 ਤੱਕ ਰਿਕਵਰੀ ਦਾ ਵੇਰਵਾ ਐਨ.ਡੀ.ਪੀ.ਐਸ ਐਕਟ ਤਹਿਤ:

1. ਕੇਸ ਦਰਜ: 12
2. ਦੋਸੀ ਗ੍ਰਿਫਤਾਰ: 14
3. ਹੈਰੋਇਨ: 22 GM
4. ਭੁੱਕੀ ਚੂਰਾ ਪੋਸਤ: 20 KG
5. ਗੋਲੀਆਂ/ਕੈਪਸੂਲ: 1630

ਐਕਸਾਇਜ ਐਕਟ ਤਹਿਤ:

1. ਕੇਸ ਦਰਜ 04
2. ਦੋਸੀ ਗ੍ਰਿਫਤਾਰ 03
3. ਸ਼ਰਾਬ ਠੇਕਾ ਦੇਸੀ 32.250 ਲੀਟਰ
4. ਸ਼ਰਾਬ ਨਾਜਾਇਜ 6.750 ਲੀਟਰ

ਪਬਲਿਕ ਨੂੰ ਵੀ ਨਸ਼ਾ ਵਿਰੋਧੀ ਮੁਹਿੰਮ ਵਿੱਚ ਸਹਿਯੋਗ ਦੇਣ ਲਈ ਅਪੀਲ ਕੀਤੀ ਗਈ ਅਤੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਸਪੋਰਟਸ ਕਲੱਬਾਂ/ਮੋਹਤਵਰ ਪੁਰਸ਼ਾਂ/ਪੰਚਾਇਤਾਂ ਨਾਲ ਮੀਟਿੰਗਾਂ ਕਰਕੇ ਆਮ ਪਬਲਿਕ ਨੂੰ ਜਾਗਰੁਕ ਕੀਤਾ ਜਾ ਰਿਹਾ ਹੈ। ਵੱਖ-ਵੱਖ ਜਗ੍ਹਾ ਪਰ ਛਓੌ ਅਤੇ ਓਅਗਲਏ ਓਪਰੇਸ਼ਨ ਤਹਿਤ ਸਰਚ ਕੀਤਾ ਜਾ ਰਿਹਾ ਹੈ। ਨਸ਼ੇ ਦਾ ਧੰਦਾ ਕਰਨ ਵਾਲੇ ਅਤੇ ਮਾੜੇ ਅਨਸਰਾਂ ਖਿਲਾਫ ਕਾਰਵਾਈ ਕਰਦੇ ਹੋਏ ਨਸ਼ਿਆਂ ਦੀ ਰੋਕਥਾਮ ਲਈ ਠੋਸ ਉਪਰਾਲੇ ਕੀਤੇ ਜਾ ਰਹੇ ਹਨ।

## ਸੁਪਰੀਮ ਕੋਰਟ ਵੱਲੋਂ 29 ਨੂੰ ਪਹਿਲੀਂ ਵਾਰ ਲਗਾਈ ਜਾਵੇਗੀ ਸਪੈਸ਼ਲ ਲੋਕ ਅਦਾਲਤ - ਰਾਜ ਪਾਲ ਰਾਵਲ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਮਾਨਯੋਗ ਸੁਪਰੀਮ ਕੋਰਟ ਵੱਲੋਂ 29 ਜੁਲਾਈ, 2024 ਨੂੰ ਸਪੈਸ਼ਲ ਲੋਕ ਅਦਾਲਤ ਲਗਾਈ ਜਾ ਰਹੀ ਹੈ, ਜਿਸ ਸਬੰਧੀ, ਚੀਫ ਜੁਡੀਸ਼ੀਅਲ ਮੈਜਿਸਟਰੇਟ-ਕਮ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਹੁਸ਼ਿਆਰਪੁਰ ਰਾਜ ਪਾਲ ਰਾਵਲ ਵੱਲੋਂ ਪ੍ਰੀ-ਲੋਕ ਅਦਾਲਤ ਕੰਸੀਲੀਏਸ਼ਨ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਇਸੇ ਤਹਿਤ ਅੱਜ ਕੀਤੀ ਮੀਟਿੰਗ ਵਿਚ ਸੁਪਰੀਮ ਕੋਰਟ ਵਿੱਚ ਪੈਂਡਿੰਗ ਕੇਸਾਂ ਨਾਲ ਸਬੰਧਿਤ ਪਾਰਟੀਆਂ ਨੂੰ ਬੁਲਾਇਆ ਗਿਆ ਅਤੇ ਉਨ੍ਹਾਂ ਨੂੰ ਸਪੈਸ਼ਲ ਲੋਕ ਅਦਾਲਤ ਵਿਚ ਕੇਸ ਲਗਾਉਣ ਲਈ ਉਤਸ਼ਾਹਿਤ ਕੀਤਾ ਗਿਆ, ਤਾਂ ਜੋ ਪੈਂਡਿੰਗ ਕੇਸਾਂ ਦਾ ਜਲਦ ਤੋਂ ਜਲਦ ਨਿਪਟਾਰਾ ਕੀਤਾ ਜਾ ਸਕੇ। ਇਸ ਮੀਟਿੰਗ ਵਿਚ ਲੋਕਾਂ ਨੂੰ ਸਪੈਸ਼ਲ ਲੋਕ ਅਦਾਲਤ ਵਿਚ ਕੇਸ ਲਗਾਉਣ ਦੇ ਲਾਭਾਂ ਬਾਰੇ ਵਿਸਥਾਰਪੂਰਵਕ ਦੱਸਿਆ ਗਿਆ ਕਿ ਇਸ ਵਿੱਚ ਕੇਸ ਲਗਾਉਣ ਨਾਲ ਉਨ੍ਹਾਂ ਦੇ ਸਮੇਂ ਅਤੇ ਪੈਸੇ ਦੀ ਬੱਚਤ ਹੋਵੇਗੀ।




ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਸਪੈਸ਼ਲ ਲੋਕ ਅਦਾਲਤ ਵਿਚ ਲੱਗਣ ਵਾਲੇ ਕੇਸਾਂ ਬਾਰੇ ਵਿਸਥਾਰ ਪੂਰਵਕ ਦੱਸਿਆ ਗਿਆ ਕਿ ਇਸ ਵਿਚ ਲੇਬਰ ਨਾਲ ਸਬੰਧਿਤ ਮਾਮਲੇ, ਚੈਂਕ ਨਾਲ ਸੰਬੰਧਤ ਮਾਮਲੇ (138 ਐਨ.ਆਈ. ਐਕਟ), ਐਕਸੀਡੈਂਟ ਕਲੇਮ ਕੇਸ (ਮੋਟਰ ਐਕਸੀਡੈਂਟ ਕਲੇਮ), ਪਰਿਵਾਰ ਕਾਨੂੰਨ ਦੇ ਮਾਮਲੇ, ਸਰਵਿਸਜ਼ ਦੇ ਮਾਮਲੇ, ਰੈਂਟ ਸਬੰਧੀ ਮਾਮਲੇ, ਅਕਾਦਮਿਕ ਮਾਮਲੇ, ਮੇਨਟੇਨੈਂਸ ਨਾਲ ਸਬੰਧਤ ਮੁੱਦੇ, ਮੌਰਟਗੇਜ ਨਾਲ ਸਬੰਧਤ ਮਾਮਲੇ, ਖਪਤਕਾਰ ਸੁਰੱਖਿਆ ਦੇ ਮਾਮਲੇ, ਤਬਾਦਲਾ ਪਟੀਸ਼ਨਾਂ (ਦੀਵਾਨੀ ਅਤੇ ਫ਼ੌਜਦਾਰੀ), ਰਕਮ ਵਸੂਲੀ ਸਬੰਧੀ ਮਾਮਲੇ, ਜ਼ਮੀਨੀ ਵਿਵਾਦਾਂ ਨਾਲ ਸਬੰਧਤ ਮਾਮਲੇ ਅਤੇ ਹੋਰ ਸਿਵਲ ਮਾਮਲਿਆਂ ਨਾਲ ਸਬੰਧਿਤ ਕੇਸ ਲਗਾਏ ਜਾ ਸਕਦੇ ਹਨ।

ਇਸ ਤੋਂ ਇਲਾਵਾ ਉਨ੍ਹਾਂ ਸਮੇਂ-ਸਮੇਂ 'ਤੇ ਲਗਾਈਆਂ ਜਾਣ ਵਾਲੀਆਂ ਕੌਮੀ ਲੋਕ ਅਦਾਲਤਾਂ ਸਬੰਧੀ ਵੀ ਜਾਣਕਾਰੀ ਦਿੱਤੀ ਜੋ ਕਿ ਇਕ ਸਾਲ ਵਿਚ ਚਾਰ ਵਾਰ ਲਗਾਈ ਜਾਂਦੀ ਹੈ ਅਤੇ ਅਗਲੀ ਲੋਕ ਅਦਾਲਤ 14 ਸਤੰਬਰ, 2024 ਨੂੰ ਲਗਾਈ ਜਾ ਰਹੀ ਹੈ। ਇਸ ਲੋਕ ਅਦਾਲਤ ਨੂੰ ਸਫਲਤਾ-ਪੂਰਵਕ ਨੇਪਰੇ ਚੜ੍ਹਾਉਣ ਉਨ੍ਹਾਂ ਵੱਲੋਂ ਸਮੇਂ-ਸਮੇਂ 'ਤੇ ਵੱਖ-ਵੱਖ ਵਿਭਾਗਾਂ ਦੇ ਮੁਖੀਆਂ ਨਾਲ ਮੀਟਿੰਗਾਂ ਵੀ ਕੀਤੀਆਂ ਜਾ ਰਹੀਆਂ ਹਨ, ਤਾਂ ਜੋ ਇਸ ਲੋਕ ਅਦਾਲਤ ਵਿਚ ਆਮ ਜਨਤਾ ਨੂੰ ਵੱਧ ਤੋਂ ਵੱਧ ਕੇਸ ਲਗਾਉਣ ਸਬੰਧੀ ਜਾਗਰੂਕ ਕੀਤਾ ਜਾ ਸਕੇ ਤਾਂ ਜੋ ਆਮ ਜਨਤਾ ਇਨ੍ਹਾਂ ਲੋਕ ਅਦਾਲਤਾਂ ਦਾ ਵੱਧ ਤੋਂ ਵੱਧ ਲਾਭ ਉਠਾ ਸਕੇ।

ਇਥੇ ਇਹ ਵੀ ਵਰਣਨਯੋਗ ਹੈ ਕਿ ਸਪੈਸ਼ਲ ਲੋਕ ਅਦਾਲਤ ਸੁਪਰੀਮ ਕੋਰਟ ਵੱਲੋਂ ਪਹਿਲੀ ਵਾਰ ਲਗਾਈ ਜਾ ਰਹੀ ਹੈ, ਜਿਸ ਕਾਰਨ ਇਸ ਵਿਚ ਕੇਸ ਲਗਾਉਣ ਲਈ ਲੋਕਾਂ ਵੱਲੋਂ ਭਾਰੀ ਉਤਸ਼ਾਹ ਦਿਖਾਇਆ ਜਾ ਰਿਹਾ ਹੈ।

## ਪੀਐਮ ਸ਼੍ਰੀ ਜਵਾਹਰ ਨਵੋਦਿਆ ਵਿਦਿਆਲਿਆ ਫਲਾਹੀ ਵਿਖੇ ਵਿਸ਼ਵ ਜੂਨੋਸਿਸ ਦਿਵਸ ਮਨਾਇਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਸਰਦਾਰ ਗੁਰਮੀਤ ਸਿੰਘ ਖੁੱਡੀਆਂ ਮਾਨਯੋਗ ਕੈਬਨਿਟ ਮੰਤਰੀ ਪਸ਼ੂ ਪਾਲਣ , ਮੱਛੀ ਪਾਲਣ ਤੇ ਡੇਅਰੀ ਵਿਕਾਸ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਤੇ ਕੋਮਲ ਮਿੱਤਲ, ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਦੀ ਰਹਿਨੁਮਾਈ ਹੇਠ ਪਸ਼ੂ ਪਾਲਣ ਵਿਭਾਗ ਅਤੇ ਸਿਹਤ ਵਿਭਾਗ ਹੁਸ਼ਿਆਰਪੁਰ ਦੇ ਸਹਿਯੋਗ ਨਾਲ ਪੀਐਮ ਸ਼੍ਰੀ ਜਵਾਹਰ ਨਵੋਦਿਆ ਵਿਦਿਆਲਿਆ ਫਲਾਈ ਵਿੱਚ ਡਾਕਟਰ ਹਰੂਨ ਰਤਨ, ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਦੀ ਅਗਵਾਈ ਵਿੱਚ ਵਿਸ਼ਵ ਜੂਨੋਸਿਸ ਦਿਵਸ ਮਨਾਇਆ ਗਿਆ। ਪ੍ਰਿੰਸੀਪਲ ਰੰਜੂ ਦੁੱਗਲ ਨੇ ਡਾਕਟਰਾਂ ਦੀ ਟੀਮ ਦਾ ਸਵਾਗਤ ਕੀਤਾ। ਡਾਕਟਰ ਹਰੂਨ ਰਤਨ ਨੇ ਆਪਣੇ ਸੰਬੋਧਨ ਵਿੱਚ ਦੱਸਿਆ ਕਿ ਇਹ ਦਿਨ ਪਸ਼ੂਆਂ ਤੋਂ ਇਨਸਾਨਾਂ ਅਤੇ ਇਨਸਾਨਾਂ ਤੋਂ ਪਸ਼ੂਆਂ ਵਿੱਚ ਫੈਲਦੀਆਂ ਬਿਮਾਰੀਆਂ ਬਾਰੇ ਜਾਗਰੂਕ ਕਰਨ ਲਈ ਮਨਾਇਆ ਜਾਂਦਾ ਹੈ। ਇਨ੍ਹਾਂ ਬਿਮਾਰੀਆਂ ਫੈਲਣ ਦੇ ਕਾਰਨਾਂ, ਇਲਾਜ ਅਤੇ ਬਚਾਅ ਸਬੰਧੀ ਵਿਦਿਆਰਥੀਆਂ ਨਾਲ ਵਿਸਥਾਰ ਵਿੱਚ ਵਿਚਾਰ ਸਾਂਝੇ ਕੀਤੇ। ਡਾਕਟਰ ਅਵਤਾਰ ਸਿੰਘ ਏਡੀਏਪੀ ਡਾਕਟਰ ਗੁਰਦੀਪ ਸਿੰਘ, ਸੀਨੀਅਰ ਵੈਟਰਨਰੀ ਅਫਸਰ ਡਾਕਟਰ ਹਰਜੋਧ ਸਿੰਘ, ਸੀਨੀਅਰ ਵੈਟਰਨਰੀ ਇੰਸਪੈਕਟਰ, ਡਾਕਟਰ ਸਰਬਜੀਤ ਸਿੰਘ ਮੈਡੀਕਲ ਅਫਸਰ ਡਾਕਟਰ ਬਲਜੀਤ ਕੌਰ ਮੈਡੀਕਲ ਅਫਸਰ ਕੰਤਾ ਨਰਸਿੰਗ ਅਫਸਰ ਸਿਹਤ ਵਿਭਾਗ ਹਾਰਟਾ ਬਡਲਾ ਨੇ ਜੂਨੋਸਿਸ ਬਿਮਾਰੀਆਂ ਦੇ ਵੱਖ ਵੱਖ ਪਹਿਲੂਆਂ ਤੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ। ਮਾਹਰਾਂ ਦੀ ਇਸ ਟੀਮ ਨੇ ਵਿਦਿਆਰਥੀਆਂ ਦੇ ਸਵਾਲਾਂ ਦੇ ਜਵਾਬ ਦਿੱਤੇ। ਸੰਤੋਸ਼ ਕੁਮਾਰੀ ਨੇਗੀ, ਵਾਈਸ ਪ੍ਰਿੰਸੀਪਲ ਨੇ ਮਾਹਰਾਂ ਦੀ ਟੀਮ ਦਾ ਧੰਨਵਾਦ ਕੀਤਾ। ਇਸ ਮੌਕੇ ਸੀਨੀਅਰ ਵਿਦਿਆਰਥੀ, ਅਧਿਆਪਕ ਸੰਜੀਵ ਕੁਮਾਰ ਸੀਤਾਰਾਮ ਬਾਂਸਲ, ਰਜਿੰਦਰ ਕੌਰ ਸਟਾਫ ਨਰਸ, ਗਊ ਸੇਵਕ ਲਕਸ਼ਮੀ ਨਰਾਇਣ ਸ਼ਰਮਾ ਵੀ ਹਾਜ਼ਰ ਸਨ।




## ਦੇਸ਼ ਭਗਤ ਮਿਊਜ਼ੀਅਮ ਨੂੰ ਦਿੱਤਾ ਜਾਏਗਾ ਨਵਾਂ ਮੁਹਾਂਦਰਾ



**ਜਲੰਧਰ (ਜਸਪਾਲ ਕੁਮਾਰ)–** ਦੇਸ਼ ਭਗਤ ਯਾਦਗਾਰ ਦੀਆਂ ਤਿੰਨ ਸਬ-ਕਮੇਟੀਆਂ ਇਤਿਹਾਸ, ਮਿਊਜ਼ੀਅਮ ਅਤੇ ਲਾਇਬ੍ਰੇਰੀ ਦੀ ਸਾਂਝੀ ਮੀਟਿੰਗ 'ਚ ਗੰਭੀਰ ਵਿਚਾਰ ਵਟਾਂਦਰੇ ਉਪਰੰਤ ਫੈਸਲਾ ਕੀਤਾ ਗਿਆ ਕਿ ਇਤਿਹਾਸ, ਮਿਊਜ਼ੀਅਮ ਅਤੇ ਲਾਇਬ੍ਰੇਰੀ ਦੀ ਤ੍ਰਿਵੈਣੀ ਵੱਲੋਂ ਆਪਣੀ ਇਤਿਹਾਕ ਭੂਮਿਕਾ ਮਿਆਰੀ ਅੰਦਾਜ਼ ਵਿੱਚ ਨੇਪਰੇ ਚਾੜ੍ਹਨ ਅਤੇ ਦਰਸ਼ਕਾਂ/ਪਾਠਕਾਂ ਲਈ ਖਿੱਚ ਦਾ ਕੇਂਦਰ ਬਣਾਉਣ ਲਈ ਵਿਸ਼ੇਸ਼ ਸਾਂਝੇ ਉੱਦਮ ਜੁਟਾਏ ਜਾਣਗੇ। ਇਸ ਕਾਰਜ਼ ਨੂੰ ਸਫ਼ਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਦੇਸ਼ ਬਦੇਸ਼ ਅੰਦਰ ਆਜ਼ਾਦੀ ਤਵਾਰੀਖ਼ ਅਤੇ ਉਸਦੀ ਅਜੋਕੀ ਪ੍ਰਸੰਗਕਤਾ ਨਾਲ ਜੁੜੀਆਂ ਸੰਸਥਾਵਾਂ ਦੇ ਨਾਂਅ ਜਨਤਕ ਅਪੀਲ ਕੀਤੀ ਗਈ ਹੈ ਕਿ ਉਹ ਦੁਰਲੱਭ ਇਤਿਹਾਸਕ ਲਿਖਤਾਂ, ਵਸਤਾਂ, ਤਸਵੀਰਾਂ, ਮੁਲਾਕਾਤਾਂ, ਜੀਵਨੀਆਂ, ਲਿਖਤੀ/ਰਿਕਾਰਡ ਰੂਪ ਵਿੱਚ ਦੇਸ਼ ਭਗਤ ਯਾਦਗਾਰ ਹਾਲ ਅੰਦਰ ਬਣੇ 'ਬਾਬਾ ਸੋਹਣ ਸਿੰਘ ਭਕਨਾ ਗ਼ਦਰੀ ਮਿਊਜ਼ੀਅਮ' ਦੀ ਗੈਲਰੀ ਵਿੱਚ ਪੁੱਜਦੀਆਂ ਕਰਨ ਲਈ ਹੱਥ ਵਟਾਉਣ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਮੀਟਿੰਗ 'ਚ ਹੋਏ ਫੈਸਲਿਆਂ ਬਾਰੇ ਪ੍ਰੈਸ ਨਾਲ ਇਹ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਪੁੰਗਰਦੀ ਅਤੇ ਨੌਜਵਾਨ ਪੀੜ੍ਹੀ ਨੂੰ ਇਤਿਹਾਸਕ ਵਿਰਾਸਤ ਦੇ ਲੜ ਲਾਉਣ ਅਤੇ ਇਸ ਤੋਂ ਪ੍ਰੇਰਨਾ ਲੈਂਦਿਆਂ ਉਹਨਾਂ ਦੇ ਸੁਪਨੇ ਖਿੜਨ ਲਾਉਣ ਲਈ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਲੋਕ-ਪੱਖੀ ਸੰਸਥਾਵਾਂ, ਵਿਦਵਾਨ ਸਖਸ਼ੀਅਤਾਂ ਅਤੇ ਇਤਿਹਾਸਕ ਅਜਾਇਬ ਘਰਾਂ ਤੱਕ ਪਹੁੰਚ ਕੀਤੀ ਜਾਏਗੀ ਤਾਂ ਜੋ ਦੇਸ਼ ਭਗਤ ਯਾਦਗਾਰ ਹਾਲ ਦੇ ਮਿਊਜ਼ੀਅਮ, ਇਤਿਹਾਸਕ ਕਾਰਜਾਂ ਅਤੇ ਲਾਇਬ੍ਰੇਰੀ ਨੂੰ ਨਵਾਂ-ਨਵੇਲਾ ਮੁਹਾਂਦਰਾ ਪ੍ਰਦਾਨ ਕੀਤਾ ਜਾ ਸਕੇ।

ਅੱਜ ਦੀ ਮੀਟਿੰਗ 'ਚ ਕਮੇਟੀ ਦੇ ਸਹਾਇਕ ਸਕੱਤਰ ਚਰੰਜੀਲਾਲ ਕੰਗਣੀਵਾਲ, ਇਤਿਹਾਸ ਕਮੇਟੀ ਦੇ ਕਨਵੀਨਰ ਹਰਵਿੰਦਰ ਭੰਡਾਲ, ਲਾਇਬ੍ਰੇਰੀ ਕਮੇਟੀ ਦੇ ਕਨਵੀਨਰ ਪ੍ਰੋ. ਗੋਪਾਲ ਸਿੰਘ ਬੁੱਟਰ, ਮਿਊਜ਼ੀਅਮ ਕਮੇਟੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ, ਡਾ. ਪਰਮਿੰਦਰ, ਗੁਰਮੀਤ, ਰਮਿੰਦਰ ਪਟਿਆਲਾ, ਹਰਮੇਸ਼ ਮਾਲੜੀ, ਵਿਜੈ ਬੰਬੇਲੀ ਅਤੇ ਡਾ. ਸੈਲੇਸ਼ ਹਾਜ਼ਰ ਸਨ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

"ਦੇਸ਼ ਦੁਆਬਾ"
ਹਫਤਾਵਾਰੀ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
E-mail : deshdoaba@yahoo.com
(ਸੰਪਰਕ) 1-916-947-8920,
(ਫੈਕਸ) 1-916-238-1393
www.deshdoaba.com
www.ambedkartimes.com
ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖ਼ਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਸੱਭਿਆਚਾਰਕ ਖੇਤਰ ਵਿੱਚ ਗੂੰਜਦੀ ਆਵਾਜ਼ ਇੱਕ ਸੜਕ ਹਾਦਸੇ ਨੇ ਕੀਤੀ ਖਾਮੋਸ਼



**ਕਨੇਡਾ /ਵੈਨਕੂਵਰ (ਕੁਲਦੀਪ ਚੁੰਬਰ)**–ਕਨੇਡਾ ਦੇ ਸਮੇਂ ਮੁਤਾਬਿਕ ਜਿਉਂ ਹੀ ਸਵੇਰ ਹੋਈ ਤਾਂ ਸੋਸ਼ਲ ਮੀਡੀਏ ਦੀਆਂ ਗਤੀਵਿਧੀਆਂ ਤੇ ਪੰਛੀ ਝਾਤ ਮਾਰਨ ਲਈ ਜਦੋਂ ਆਪਣੇ ਮੋਬਾਈਲ ਨੂੰ ਖੋਲਿਆ ਤਾਂ ਦੇਖਿਆ ਕਿ ਗਾਇਕੀ ਦਾ ਕਹਿੰਦਾ ਕਹਾਉਂਦਾ ਇੱਕ ਹੀਰਾ ਕਲਾਕਾਰ ਇੱਕ ਭਿਆਨਕ ਸੜਕ ਹਾਦਸੇ ਨੇ ਸਾਥੋਂ ਹਮੇਸ਼ਾ ਹਮੇਸ਼ਾ ਲਈ ਖੋਹ ਲਿਆ ਹੈ। ਦਿਲ ਬਹੁਤ ਹੀ ਉਦਾਸ ਅਤੇ ਗਮਗੀਨ ਮਾਹੌਲ ਵਿੱਚ ਚਲਾ ਗਿਆ ਕਿਉਂਕਿ ਗਾਇਕ ਦਲਵੀਰ ਸ਼ੌਂਕੀ ਜਿੱਥੇ ਇੱਕ ਵਧੀਆ ਗਾਇਕ ਸੀ, ਜਿਸ ਨਾਲ ਮੈਂ ਅਨੇਕਾਂ ਸਟੇਜਾਂ ਸਾਂਝੀਆਂ ਕੀਤੀਆਂ। ਉਸ ਦੀ ਪਿਆਰ ਮੁਹੱਬਤ ਵਾਲੀ ਦਿਖ, ਸਦਾ ਖਿੜਿਆ ਚਿਹਰਾ ਕਦੋਂ ਮੌਤ ਦੀ ਬੁੱਕਲ ਵਿੱਚ ਜਾ ਲੁਕਿਆ ਕੁਝ ਪਤਾ ਹੀ ਨਾ ਲੱਗ ਸਕਿਆ । ਪਰਮ ਮਿੱਤਰ ਦਲਵਿੰਦਰ ਦਿਆਲਪੁਰੀ ਨੇ ਉਸ ਵਲੋਂ ਕੀਤੇ ਗਏ ਹਾਲ ਹੀ ਵਿੱਚ ਬੇਗੋਵਾਲ ਨੇੜਲੇ ਪ੍ਰੋਗਰਾਮ ਦੀ ਤਸਵੀਰ ਸਾਂਝੀ ਕਰਦਿਆਂ ਦੱਸਿਆ ਕਿ ਦੋ ਘੰਟੇ ਪਹਿਲਾਂ ਉਸ ਨਾਲ ਗਾਇਕ ਦਲਵੀਰ ਸੌਕੀ ਇਕ ਸਟੇਜ ਤੇ ਆਪਣੇ ਪ੍ਰੋਗਰਾਮ ਦਾ ਪ੍ਰਦਰਸ਼ਨ ਕਰਕੇ ਸਰੋਤਿਆਂ ਦੀ ਵਾਹ ਵਾਹ ਖੱਟਕੇ ਗਿਆ। ਇਸ ਤੋਂ ਬਾਅਦ ਇੱਕ ਦਰਦ ਭਰੀ ਪੋਸਟ ਗਾਇਕ ਤਾਜ ਨਗੀਨਾ ਨੇ ਸਾਂਝੀ ਕੀਤੀ । ਜਿਸ ਵਿੱਚ ਲੋਕ ਗਾਇਕ ਦਲਬੀਰ ਸ਼ੌਂਕੀ ਦੀ ਗੱਡੀ ਦੇ ਪਰਖਚੇ ਉੜੇ ਹੋਏ ਦਿਖਾਈ ਦਿੱਤੇ ਅਤੇ ਸਮੁੱਚੇ ਭਿਆਨਕ ਹਾਦਸੇ ਦੀ ਖਬਰ ਦਾ ਹਵਾਲਾ ਪੜ੍ਹਨ ਨੂੰ ਮਿਲਿਆ, ਜਿਸ ਨੇ ਦਿਲ ਝੰਜੋੜ ਸੁੱਟਿਆ ਅਤੇ ਇਸ ਦਰਦਨਾਕ ਖਬਰ ਨੂੰ ਸੁਣ ਕੇ ਹਿਰਦਾ ਬੁਰੀ ਤਰ੍ਹਾਂ ਬਲੂੰਦਰਿਆ ਗਿਆ । ਅਨੇਕਾਂ ਸੱਭਿਆਚਾਰਕ ਮੇਲਿਆਂ ਵਿੱਚ ਉਸ ਨਾਲ ਆਉਣ ਜਾਣ ਦੀਆਂ ਗੱਲਾਂ ਹੋਣੀਆਂ ਅਤੇ ਉਸਦੇ ਦਫਤਰ ਤੋਂ ਇਲਾਵਾ ਉਸ ਨਾਲ ਅਕਸਰ ਮੇਲ ਜੋਲ ਹੁੰਦਾ ਰਹਿੰਦਾ ਸੀ। ਗਾਇਕ ਕੁਲਵਿੰਦਰ ਕਿੰਦਾ ਦੀ ਗੱਡੀ ਵਿੱਚ ਉਸ ਨਾਲ ਕਈ ਖੁਸ਼ੀਆਂ ਅਤੇ ਗਮੀਆਂ ਵਾਲੇ ਸਮਾਗਮਾਂ ਵਿੱਚ ਇਕੱਠੇ ਜਾਣਾ ਵੀ ਇੱਕ ਯਾਦ ਬਣ ਕੇ ਰਹਿ ਗਿਆ । ਬਹੁਤ ਹੀ ਨਿੱਕੇ ਸੁਭਾ ਦਾ ਮਾਲਕ ਲੋਕ ਗਾਇਕ ਦਲਬੀਰ ਸ਼ੌਂਕੀ ਮੇਰੇ ਚੇਤਿਆਂ ਵਿੱਚ ਵਸਿਆ ਹੋਇਆ ਹੈ, ਇਸ ਨੂੰ ਮੈਂ ਚਾਹ ਕੇ ਵੀ ਨਹੀਂ ਭੁਲਾ ਸਕਦਾ । ਉਸ ਦੀ ਹਲੀਮੀ ਭਰੀ ਆਵਾਜ਼ ਹਮੇਸ਼ਾ ਮੇਰੇ ਕੰਨਾਂ ਵਿੱਚ ਹਾਂਜੀ ਭਾਜੀ ਹਾਂਜੀ ਭਾਜੀ ਕਰਦੀ ਗੂੰਜਦੀ ਰਹੇਗੀ । ਮੈਨੂੰ ਗਾਇਕ ਦਲਬੀਰ ਸ਼ੌਂਕੀ ਅਤੇ ਉਸਦੀ ਸਹਿਯੋਗੀ ਗਾਇਕਾ ਗੁਰਨੂਰ ਬਾਰੇ ਵੀ ਕਈ ਵਾਰ ਮੀਡੀਏ ਦੀਆਂ ਖਬਰਾਂ ਤੋਂ ਇਲਾਵਾ ਉਹਨਾਂ ਦੇ ਆਰਟੀਕਲ ਛਪਵਾਉਣ ਦਾ ਮੌਕਾ ਵੀ ਮਿਲਿਆ । ਕੁਝ ਵੀ ਹੋਵੇ ਇਸ ਦਰਦਨਾਕ ਹਾਦਸੇ ਨੇ ਜਿੱਥੇ ਸਾਡੇ ਕੋਲੋਂ ਇੱਕ ਯਾਰਾਂ ਦਾ ਯਾਰ ਪੰਜਾਬੀ ਸੰਗੀਤ ਜਗਤ ਦਾ ਚਮਕਦਾ ਸਿਤਾਰਾ ਲੋਕ ਗਾਇਕ ਦਲਵੀਰ ਸ਼ੌਂਕੀ ਖੋ ਲਿਆ ਹੈ, ਉਸ ਨਾਲ ਸਮੁੱਚੇ ਸੰਗੀਤ ਜਗਤ ਵਿੱਚ ਸੋਗ ਦੀ ਲਹਿਰ ਹੈ ਅਤੇ ਮੈਂ ਆਪਣੀ ਕਲਮ ਦੇ ਜਰੀਏ ਪਰਮਾਤਮਾ ਕੋਲ ਅਰਦਾਸ ਕਰਦਾ ਹਾਂ ਕਿ ਪਰਮਾਤਮਾ ਇਸ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇਵੇ ਅਤੇ ਪਿੱਛੇ ਵਸਦੇ ਪਰਿਵਾਰ ਨੂੰ ਇਹ ਦਰਦਨਾਕ ਭਾਣਾ ਮੰਨਣ ਦਾ ਬੱਲ ਬਖਸ਼ੇ।

# ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਜਿਲ੍ਹੇ ਅੰਦਰ ਸੰਭਾਵਿਤ ਹੜ੍ਹਾਂ ਨੂੰ ਲੈ ਕੇ ਕੀਤੇ ਪ੍ਰਬੰਧਾਂ ਦਾ ਜਾਇਜਾ ਲੈਣ ਲਈ ਕੀਤੀ ਵਿਸ਼ੇਸ ਮੀਟਿੰਗ

**ਪਠਾਨਕੋਟ, (ਰਾਜਿੰਦਰ ਸਿੰਘ ਰਾਜਨ)** ਕੈਬਨਿਟ ਮੰਤਰੀ ਪੰਜਾਬ ਲਾਲ ਚੰਦ ਕਟਾਰੂਚੱਕ ਨੇ ਜਿਲ੍ਹਾ ਪਠਾਨਕੋਟ ਅੰਦਰ ਸੰਭਾਵਿਤ ਹੜ੍ਹ ਪ੍ਰਭਾਵਿੱਤ ਖੇਤਰਾਂ ਅੰਦਰ ਕੀਤੇ ਗਏ ਅਗੇਤੇ ਪ੍ਰਬੰਧਾਂ ਦਾ ਜਾਇਜਾ ਲੈਣ ਲਈ ਵਿਸੇਸ ਮੀਟਿੰਗ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਪਠਾਨਕੋਟ ਵਿਖੇ ਆਯੋਜਿਤ ਕੀਤੀ ਗਈ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਆਦਿੱਤਿਆ ਉੱਪਲ ਡਿਪਟੀ ਕਮਿਸਨਰ ਪਠਾਨਕੋਟ, ਮੇਜਰ ਡਾ। ਸੁਮਿਤ ਮੁਧ ਐਸ।ਡੀ।ਐਮ। ਪਠਾਨਕੋਟ, ਸੁਨੀਲ ਗੁਪਤਾ ਚੇਅਰਮੈਨ ਪੈਸਕੋ ਪੰਜਾਬ, ਅੰਮਿਤ ਮੰਟੂ ਹਲਕਾ ਇੰਚਾਰਜ ਸੁਜਾਨਪੁਰ , ਹੋਰ ਵੱਖ ਵੱਖ ਵਿਭਾਗਾਂ ਦੇ ਜਿਲ੍ਹਾ ਅਧਿਕਾਰੀ ਅਤੇ ਪਾਰਟੀ ਦੇ ਕਾਰਜਕਰਤਾ ਵੀ ਹਾਜ਼ਰ ਸਨ।



ਇਸ ਮੋਕੇ ਤੇ ਸੰਬੋਧਤ ਕਰਦਿਆਂ ਕੈਬਨਿਟ ਮੰਤਰੀ ਪੰਜਾਬ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਸਮੁੱਚੇ ਪੰਜਾਬ ਅੰਦਰ ਮੈਦਾਨੀ ਇਲਾਕਿਆਂ ਅੰਦਰ ਪਹਾੜੀ ਇਲਾਕਿਆਂ ਦਾ ਪਾਣੀ ਆ ਜਾਣ ਨਾਲ ਬਾਰਿਸ ਦੇ ਸੀਜਨ ਦੋਰਾਨ ਪਾਣੀ ਨਾਲ ਖੇਤਰ ਪ੍ਰਭਾਵਿਤ ਹੁੰਦੇ ਹਨ । ਜਿਲ੍ਹਾ ਪਠਾਨਕੋਟ ਵਿੱਚੋਂ ਨਿਕਲਦੇ ਉਜ ਦਰਿਆ, ਰਾਵੀ ਦਰਿਆ ਅਤੇ ਚੱਕੀ ਵਿੱਚ ਵੀ ਬਾਰਿਸ ਦਾ ਪਾਣੀ ਆਉਂਣ ਕਰਕੇ ਹੜ੍ਹਾਂ ਦੀ ਸਥਿਤੀ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਸ ਨੂੰ ਧਿਆਨ ਵਿੱਚ ਰੱਖਦਿਆਂ ਜਿਲ੍ਹਾ ਪ੍ਰਸਾਸਨ ਵੱਲੋਂ ਸਮੇਂ ਤੋਂ ਪਹਿਲਾ ਹੀ ਸਾਰੇ ਪ੍ਰਬੰਧ ਕਰ ਲਏ ਗਏ ਹਨ ਜਿਲ੍ਹਾ ਪ੍ਰਸਾਸਨ ਵੱਲੋਂ ਕੀਤੇ ਅਗੇਤੇ ਪ੍ਰਬੰਧਾਂ ਦਾ ਜਾਇਜਾ ਲੈਣ ਦੇ ਲਈ ਅੱਜ ਉਨ੍ਹਾਂ ਵਿਸੇਸ ਤੋਰ ਤੇ ਇਸ ਮੀਟਿੰਗ ਨੂੰ ਬੁਲਾਇਆ ਸੀ।

ਉਨ੍ਹਾਂ ਦੱਸਿਆ ਕਿ ਜਿਲ੍ਹਾ ਪਠਾਨਕੋਟ ਵਿਚੋਂ ਨਿਕਲਦੇ ਉਜ ਦਰਿਆ ਦੇ ਵਿੱਚ ਪਹਾੜੀ ਇਲਾਕਿਆਂ ਦਾ ਪਾਣੀ ਜਿਆਦਾ ਆਉਂਣ ਕਾਰਨ ਹੜ੍ਹਾਂ ਦੀ ਸਥਿਤੀ ਬਣ ਜਾਂਦੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਵੀ ਉਜ ਦਰਿਆ ਵਿੱਚ ਪਾਣੀ ਜਿਆਦਾ ਆਉਂਣ ਕਰਕੇ ਪਿੰਡ ਪਹਾੜੀਪੁਰ, ਜੈਪੁਰ, ਸਮਰਾਲਾ, ਬਮਿਆਲ, ਉੱਜ ਤੋਂ ਪਾਰ ਦੇ ਪਿੰਡ ਸਰੋਟਾ, ਦੋਸਤਪੁਰ ਜਿੱਥੇ ਪਿਛਲੇ ਸਾਲ ਵੀ ਕਾਫੀ ਮੁਸਕਿਲਾ ਦਾ ਸਾਹਮਣਾ ਕਰਨਾ ਪਿਆ ਸੀ। ਜਿਲ੍ਹਾ ਪ੍ਰਸਾਸਨ ਵੱਲੋਂ ਪਹਿਲਾ ਹੀ ਸਾਰੇ ਪਿੰਡਾਂ ਦੀ ਨਿਸਾਨਦੇਹੀ ਕਰਕੇ ਸਾਰੀਆਂ ਤਿਆਰੀਆਂ ਕਰ ਲਈਆਂ ਗਈਆਂ ਹਨ ਅਤੇ ਕਿਸੇ ਵੀ ਸਥਿਤੀ ਦਾ ਸਾਹਮਣਾ ਕਰਨ ਦੇ ਲਈ ਬੀ।ਐਸ।ਐਫ। ਅਤੇ ਸੈਨਾਂ ਦੀ ਵੀ ਸਹਾਇਤਾਂ ਲਈ ਜਾਵੇਗੀ।

ਉਨ੍ਹਾਂ ਦੱਸਿਆ ਕਿ ਜਿਲ੍ਹਾ ਪ੍ਰਸਾਸਨ ਵੱਲੋਂ ਹੜ੍ਹਾਂ ਦੀ ਸਥਿਤੀ ਨੂੰ ਧਿਆਨ ਵਿੱਚ ਰੱਖਦਿਆਂ ਵਿਸੇਸ ਤੋਰ ਤੇ ਹੜ੍ਹਾਂ ਦੇ ਸਮੇਂ ਜਰੂਰੀ ਸਮਾਨ ਨੂੰ ਲੈ ਕੇ ਵਿਸੇਸ ਕਿੱਟਾਂ ਵੀ ਤਿਆਰ ਕਰਵਾਈਆਂ ਗਈਆਂ ਹਨ ਜੋ ਇਲਾਕਿਆਂ ਵਿੱਚ ਰੱਖ ਦਿੱਤੀਆਂ ਗਈਆਂ ਹਨ ਲੋੜ ਪੈਣ ਤੇ ਇਨ੍ਹਾਂ ਕਿੱਟਾਂ ਦੀ ਵੰਡ ਕੀਤੀ ਜਾਵੇਗੀ।

ਉਨ੍ਹਾਂ ਜਿਲ੍ਹਾ ਪਠਾਨਕੋਟ ਦੇ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਮਾਨਯੋਗ ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਯੋਗ ਅਗਵਾਈ ਅੰਦਰ ਸਾਰੇ ਪੰਜਾਬ ਅੰਦਰ ਹੜ੍ਹਾਂ ਦੀ ਸਥਿਤੀ ਨਾਲ ਨਜਿੱਠਣ ਦੇ ਲਈ ਯੋਗ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਪਿੰਡ ਖੋਜਕੀ ਚੱਕ ਵਿਖੇ ਸਕੂਲ ਵਿੱਚ, ਨਰੋਟ ਜੈਮਲ ਸਿੰਘ ਸਕੂਲ, ਕਥਲੋਰ ਸਕੂਲ, ਕੌਂਤਰਪੁਰ ਸਕੂਲ, ਫਿਰੋਜਪੁਰ ਕਲਾਂ ਸਕੂਲ , ਧਾਰ ਆਦਿ ਖੇਤਰ ਅੰਦਰ ਵੀ ਆਰਜੀ ਤੋਰ ਤੇ ਲੋਕਾਂ ਨੂੰ ਠਹਿਰਾਉਂਣ ਦੇ ਲਈ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਸਥਿਤੀ ਦਾ ਸਾਹਮਣਾ ਕਰਨ ਦੇ ਲਈ ਸਾਰੇ ਯੋਗ ਪ੍ਰਬੰਧ ਕੀਤੇ ਗਏ ਹਨ। ਹੜ੍ਹਾਂ ਦੀ ਸਥਿਤੀ ਦੋਰਾਨ ਆਲਰਟ ਕਰਨ ਦੇ ਲਈ ਵੱਟਸਐਪ ਗਰੁਪ ਵੀ ਤਿਆਰ ਕੀਤੇ ਗਏ ਹਨ ਜਿਸ ਵਿੱਚ ਹਰੇਕ ਮਹੱਤਵਪੁਰਨ ਜਾਣਕਾਰੀ ਸਾਂਝੀ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਕਲੱਸਟ ਪੱਧਰ ਤੇ ਅਤੇ ਪਿੰਡ ਪੱਧਰ ਤੇ ਵਿਸੇਸ ਤੋਰ ਤੇ ਕਮੇਟੀਆਂ ਦਾ ਵੀ ਗਠਨ ਕਰ ਲਿਆ ਗਿਆ ਹੈ ਤਾਂ ਜੋ ਲੋਕਾਂ ਨੂੰ ਹੜ੍ਹਾਂ ਦੀ ਸਥਿਤੀ ਚੋਂ ਕਿਸੇ ਕਿਸਮ ਦੀ ਪ੍ਰੇਸਾਨੀ ਦਾ ਸਾਹਮਣਾ ਨਾ ਕਰਨਾ ਪਵੇ।

# ਜਾਨਵਰਾਂ ਤੋਂ ਮੱਨੁਖਾਂ ਵਿੱਚ ਫੈਲਣ ਵਾਲੇ ਜੂਨੋਟਿਕ ਰੋਗਾਂ ਪ੍ਰਤੀ ਜਾਗਰੂਕਤਾ ਜ਼ਰੂਰੀ- ਡਾ. ਕਰਮਜੀਤ ਸਿੰਘ

**ਕੌਹਰੀਆਂ/ਸੰਗਰੂਰ, (ਦਲਜੀਤ ਕੌਰ)** ਸਿਵਲ ਸਰਜਨ ਡਾ. ਕਿਰਪਾਲ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸੀਨੀਅਰ ਮੈਡੀਕਲ ਅਫਸਰ ਪੀ ਐਚ ਸੀ ਕੌਹਰੀਆਂ ਡਾ. ਕਰਮਜੀਤ ਸਿੰਘ ਐਕਸ ਪੀ ਸੀ ਐੱਸ ਦੀ ਅਗਵਾਈ ਵਿੱਚ ਵਿਸ਼ਵ ਜੂਨੋਸਿਸ ਦਿਵਸ



ਮਨਾਇਆ ਗਿਆ। ਡਾ. ਕਰਮਜੀਤ ਸਿੰਘ ਨੇ ਦੱਸਿਆ ਕਿ ਜਾਨਵਰਾਂ ਤੋਂ ਮੱਨੁਖਾਂ ਵਿੱਚ ਫੈਲਣ ਵਾਲੇ ਜੂਨੋਟਿਕ ਰੋਗਾਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਇਹ ਜੂਨੋਟਿਕ ਰੋਗ ਵਾਇਰਸ, ਬੈਕਟੀਰਿਆ, ਪਰਜੀਵੀ ਅਤੇ ਮੱਛਰਾਂ ਨਾਲ ਫੈਲਦਾ ਹੈ। ਇਬੋਲਾ,ਸਵਾਈਨ ਫਲੂ, ਏਨਸੇਫਲਾਇਟਿਸ, ਸਕ੍ਰਬ ਟਾਇਫਸ ਅਤੇ ਰੈਬੀਜ਼ ਇਨ੍ਹਾਂ ਜੂਨੋਟਿਕ ਰੋਗਾਂ ਦੇ ਕੁੱਝ ਉਦਾਹਰਨ ਹਨ। ਉਨ੍ਹਾਂ ਦੱਸਿਆ ਕਿ ਜੂਨੋਟਿਕ ਰੋਗਾਂ ਦੇ ਵੱਖ-ਵੱਖ ਲੱਛਣ ਹਨ ਜਿਵੇਂ ਸਕਰਬ ਟਾਇਫ਼ਸ ਦੇ ਲੱਛਣ ਤੇਜ ਬੁਖਾਰ, ਸਿਰ ਤੇ ਜੋੜਾਂ ਵਿੱਚ ਦਰਦ, ਕੰਬਣੀ ਛਿੜਨਾ,ਸਰੀਰ ਦੇ ਜੋੜਾਂ ਵਾਲੇ ਅੰਗਾ ਹੇਠ ਗਿਲਟੀਆਂ ਹੋਣਾ ਆਦਿ ਹਨ। ਜਾਨਵਰਾਂ ਤੋਂ ਫੈਲਣ ਵਾਲੇ ਜੂਨੋਟਿਕ ਰੋਗਾਂ ਤੋਂ ਬਚਾਅ ਲਈ ਜਾਨਵਰਾਂ ਨੂੰ ਛੂਹਣ ਜਾਂ ਉਨ੍ਹਾਂ ਨਾਲ ਖੇਡਣ ਤੋਂ ਬਾਅਦ ਆਪਣੇ ਹੱਥ ਸਾਬਨ ਅਤੇ ਪਾਣੀ ਨਾਲ ਚੰਗੀ ਤਰ੍ਹਾਂ ਧੋਣੇ ਚਾਹੀਦੇ ਹਨ। ਜਾਨਵਰਾਂ ਦੇ ਉੱਠਣ-ਬੈਠਣ, ਖਾਣ-ਪੀਣ ਅਤੇ ਮਲ-ਮੂਤਰ ਕਰਨ ਵਾਲੀ ਥਾਂ ਦੀ ਸਫਾਈ ਦਾ ਖਾਸ ਖਿਆਲ ਰੱਖੋ ਅਤੇ ਘਰੇਲੂ ਜਾਨਵਰਾਂ ਨੂੰ ਸਮੇਂ-ਸਮੇਂ ਸਿਰ ਵੈਕਸੀਨ ਵੀ ਲਗਵਾਉਂਦੇ ਰਹੋ। ਇਸ ਤੋਂ ਇਲਾਵਾ ਭੀੜ-ਭਾੜ ਵਾਲੀਆਂ ਥਾਵਾਂ ‘ਤੇ ਜਾਣ ਵੇਲੇ ਆਪਣਾ ਮੂੰਹ ਢੱਕ ਕੇ ਰੱਖੋ ਅਤੇ ਆਪਣੇ ਹੱਥਾਂ ਦੀ ਨਿਯਮਤ ਸਫਾਈ ਕਰਦੇ ਰਹੋ।

ਬਲਾਕ ਐਜੂਕੇਟਰ ਨਰਿੰਦਰ ਪਾਲ ਸਿੰਘ ਨੇ ਦੱਸਿਆ ਗਿਆ ਕਿ ਵਿਸ਼ਵ ਸਿਹਤ ਸੰਗਠਨ ਦੇ ਮੁਤਾਬਿਕ ਵਿਸ਼ਵ ਪੱਧਰ ‘ਤੇ ਇਸ ਬਿਮਾਰੀ ਦੇ ਕਰੀਬ ਇਕ ਬਿਲੀਅਨ ਮਾਮਲੇ ਹਰ ਸਾਲ ਸਾਹਮਣੇ ਆਉਂਦੇ ਹਨ ਅਤੇ ਲੱਖਾਂ ਮੌਤਾਂ ਵੀ ਹਰ ਸਾਲ ਇਸ ਬਿਮਾਰੀ ਨਾਲ ਹੋ ਜਾਂਦੀਆਂ ਹਨ। ਇਸ ਲਈ ਇਨ੍ਹਾਂ ਬਿਮਾਰੀਆਂ ਤੋਂ ਬਚਾਅ ਲਈ ਸਾਨੂੰ ਸਚੇਤ ਰਹਿਣਾ ਚਾਹੀਦਾ ਹੈ ਅਤੇ ਸਿਹਤ ਵਿਭਾਗ ਵੱਲੋਂ ਦਿੱਤੀਆਂ ਜਾਂਦੀਆਂ ਸੁਵਿਧਾਵਾਂ ਦਾ ਫਾਇਦਾ ਲੈਣਾ ਚਾਹੀਦਾ ਹੈ। ਜੂਨੋਟਿਕ ਰੋਗਾਂ ਤੋਂ ਬਚਾਅ ਲਈ ਜਾਗਰੂਕ ਕਰਦੇ ਹੋਏ ਉਨ੍ਹਾਂ ਦੱਸਿਆ ਕਿ ਜੇਕਰ ਘਰਾਂ ਵਿੱਚ ਕੋਈ ਜਾਨਵਰ ਹੋਵੇ ਤਾਂ ਸਫਾਈ ਦਾ ਖਾਸ ਖਿਆਲ ਰੱਖਣ ਦੀ ਜ਼ਰੂਰਤ ਹੈ। ਕੁੱਤੇ ਦੇ ਵੱਢਣ ਨੂੰ ਅਣਦੇਖਾ ਨਾ ਕਰੋ ਕਿਉਂਕਿ ਇਹ ਜਾਨਲੇਵਾ ਹੋ ਸਕਦਾ ਹੈ। ਰੈਬੀਜ਼ ਸੌ ਫੀਸਦ ਘਾਤਕ ਰੋਗ ਹੈ ਪਰ ਇਸ ਤੋਂ ਆਸਾਨੀ ਨਾਲ ਬਚਾਅ ਕੀਤਾ ਜਾ ਸਕਦਾ ਹੈ। ਰੈਬੀਜ਼ ਤੋਂ ਬਚਾਅ ਲਈ ਕੁੱਤੇ ਵਲੋਂ ਕੱਟੇ ਜਾਣ ਦੀ ਹਾਲਤ ਵਿੱਚ ਜਖ਼ਮ ਨੂੰ ਚਲਦੇ ਨਲਕੇ ਜਾਂ ਟੂਟੀ ਦੇ ਪਾਣੀ ਅਤੇ ਸਾਬਣ ਨਾਲ ਧੋ ਲੈਣਾ ਚਾਹੀਦਾ ਹੈ ਅਤੇ ਬਿਨਾ ਦੇਰੀ ਤੋਂ ਡਾਕਟਰ ਨਾਲ ਰੈਬੀਜ਼ ਦੇ ਇਲਾਜ਼ ਲਈ ਸੰਪਰਕ ਕਰਨਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਰੈਬੀਜ਼ ਤੋਂ ਬਚਾਅ ਲਈ ਐਂਟੀ ਰੈਬੀਜ਼ ਇੰਜੈਕਸਨ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਲਗਾਏ ਜਾਂਦੇ ਹਨ। ਇਸ ਮੌਕੇ ਵੀਰ ਸਿੰਘ, ਦਵਿੰਦਰ ਸਿੰਘ ਆਦਿ ਹਾਜ਼ਰ ਸਨ।

# ਡੀਬੀਯੂ ਦੇ ਡੈਂਟਲ ਕਾਲਜ ਅਤੇ ਹਸਪਤਾਲ ਨੇ ਡਾਕਟਰ ਦਿਵਸ ਮਨਾਇਆ



**ਮੰਡੀ ਗੋਬਿੰਦਗੜ੍ਹ–** ਡੀਬੀਯੂ ਦੇ ਦੇਸ਼ ਭਗਤ ਡੈਂਟਲ ਕਾਲਜ ਅਤੇ ਹਸਪਤਾਲ, ਮੰਡੀ ਗੋਬਿੰਦਗੜ੍ਹ ਨੇ ਡਾਕਟਰ ਦਿਵਸ ਮਨਾਇਆ। ਇਹ ਦੁਨੀਆ ਭਰ ਦੇ ਡਾਕਟਰਾਂ ਦੀ ਸਖ਼ਤ ਮਿਹਨਤ, ਸਮਰਪਣ ਅਤੇ ਹਮਦਰਦੀ ਨੂੰ ਪਛਾਣਨ ਅਤੇ ਪ੍ਰਸ਼ੰਸਾ ਕਰਨ ਦਾ ਇੱਕ ਵਿਸ਼ੇਸ਼ ਦਿਨ ਹੈ। ਲੋਕਾਂ ਨੂੰ ਸਿਹਤਮੰਦ ਰੱਖਣ ਵਿੱਚ ਡਾਕਟਰਾਂ ਦੀ ਅਹਿਮ ਭੂਮਿਕਾ ਹੁੰਦੀ ਹੈ ਅਤੇ ਉਨ੍ਹਾਂ ਦਾ ਯੋਗਦਾਨ ਸੱਚਮੁੱਚ ਹੀ ਅਨਮੋਲ ਹੈ। ਸਮਾਗਮ ਦੀ ਸ਼ੁਰੂਆਤ ਚਾਂਸਲਰ ਡਾ: ਜ਼ੋਰਾ ਸਿੰਘ, ਪ੍ਰੋ-ਚਾਂਸਲਰ ਡਾ ਤੇਜਿੰਦਰ ਕੌਰ, ਪ੍ਰਿੰਸੀਪਲ ਡਾ. ਉਨਤੀ ਪਿਟਾਲੇ ਅਤੇ ਹੋਰ ਡਾਕਟਰਾਂ ਵੱਲੋਂ ਕੇਕ ਕੱਟਣ ਦੀ ਰਸਮ ਨਾਲ ਹੋਈ।

ਇਸ ਮੌਕੇ ਡਾ: ਜ਼ੋਰਾ ਸਿੰਘ ਅਤੇ ਡਾ: ਤਜਿੰਦਰ ਕੌਰ ਨੇ ਕਿਹਾ ਕਿ ਬਿਮਾਰੀਆਂ ਦੀ ਜਾਂਚ ਅਤੇ ਇਲਾਜ ਲਈ ਭਾਵਨਾਤਮਕ ਸਹਾਇਤਾ ਅਤੇ ਮਾਰਗਦਰਸ਼ਨ ਪ੍ਰਦਾਨ ਕਰਨ ਲਈ ਡਾਕਟਰ ਸਾਡੀ ਸਿਹਤ ਸੰਭਾਲ ਪ੍ਰਣਾਲੀ ਦੀ ਰੀੜ੍ਹ ਦੀ ਹੱਡੀ ਹਨ। ਉਹ ਸਾਡੇ ਜੀਵਨ ਦੀ ਗੁਣਵੱਤਾ ਨੂੰ ਬਿਹਤਰ ਬਣਾਉਣ ਲਈ ਅਣਥੱਕ ਕੰਮ ਕਰਦੇ ਹਨ ਅਤੇ ਉਨ੍ਹਾਂ ਦੀ ਮੁਹਾਰਤ ਅਤੇ ਦੇਖ-ਭਾਲ ਸਾਡੇ ਜੀਵਨ ਵਿੱਚ ਮਹੱਤਵਪੂਰਨ ਤਬਦੀਲੀ ਲਿਆਉਂਦੀ ਹੈ। ਇਸ ਡਾਕਟਰ ਦਿਵਸ 'ਤੇ, ਅਸੀਂ ਉਨ੍ਹਾਂ ਡਾਕਟਰਾਂ ਦਾ ਧੰਨਵਾਦ ਕਰਨ ਅਤੇ ਉਨ੍ਹਾਂ ਨੂੰ ਸਵੀਕਾਰ ਕਰਨ ਲਈ ਕੁਝ ਸਮਾਂ ਕੱਢਦੇ ਹਾਂ ਜਿਨ੍ਹਾਂ ਨੇ ਸਾਡੀ ਜ਼ਿੰਦਗੀ 'ਤੇ ਸਕਾਰਾਤਮਕ ਪ੍ਰਭਾਵ ਪਾਇਆ ਹੈ। ਭਾਵੇਂ ਇਹ ਇੱਕ ਪਰਿਵਾਰਕ ਡਾਕਟਰ, ਇੱਕ ਮਾਹਰ ਜਾਂ ਇੱਕ ਸਰਜਨ ਹੈ, ਉਹਨਾਂ ਦੇ ਸਮਰਪਣ ਅਤੇ ਮਹਾਰਤ ਦੀ ਸੱਚਮੁੱਚ ਪ੍ਰਸ਼ੰਸਾ ਕੀਤੀ ਜਾਂਦੀ ਹੈ। ਇਸ ਲਈ, ਆਓ ਇਹਨਾਂ ਡਾਕਟਰੀ ਨਾਇਕਾਂ ਲਈ ਆਪਣੀ ਸ਼ੁਕਰਗੁਜ਼ਾਰੀ ਅਤੇ ਪ੍ਰਸ਼ੰਸਾ ਕਰੀਏ! ਤੁਹਾਡਾ ਧੰਨਵਾਦ, ਡਾਕਟਰ, ਜੋ ਤੁਸੀਂ ਕਰਦੇ ਹੋ, ਉਸ ਲਈ!

ਧੰਨਵਾਦ ਦਾ ਮਤਾ ਪੇਸ਼ ਕਰਦੇ ਹੋਏ ਪ੍ਰਿੰਸੀਪਲ ਡਾ. ਉਨਤੀ ਪਿਟਾਲੇ ਨੇ ਕਿਹਾ ਕਿ ਇਹ ਸਮਾਗਮ ਸਾਡੇ ਜੀਵਨ ਵਿੱਚ ਡਾਕਟਰਾਂ ਦੀ ਅਹਿਮ ਭੂਮਿਕਾ ਅਤੇ ਉਨ੍ਹਾਂ ਦੇ ਸਮਰਪਣ ਅਤੇ ਮਿਹਨਤ ਨੂੰ ਪਛਾਣਨ ਦੀ ਮਹੱਤਤਾ ਦੀ ਯਾਦ ਦਿਵਾਉਂਦਾ ਹੈ। ਅਸੀਂ ਇਸ ਪਰੰਪਰਾ ਨੂੰ ਜਾਰੀ ਰੱਖਣ ਅਤੇ ਸਾਡੇ ਮੈਡੀਕਲ ਨਾਇਕਾਂ ਦੇ ਅਨਮੋਲ ਯੋਗਦਾਨ ਨੂੰ ਸਵੀਕਾਰ ਕਰਨ ਦੀ ਉਮੀਦ ਕਰਦੇ ਹਾਂ।

# ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਡੀਜੀ ਸਿੰਘ ਵੱਲੋਂ ਕੀਤਾ ਗਿਆ ਬਲਾਕ ਧਾਰ-2 ਦੇ ਸਰਕਾਰੀ ਸਕੂਲਾਂ ਦਾ ਦੌਰਾ ਕੀਤਾ



**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਸਕੂਲ ਸਿੱਖਿਆ ਵਿਭਾਗ,ਪੰਜਾਬ ਵਲੋਂ ਸਕੂਲੀ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਅਤੇ ਬੱਚਿਆਂ ਨੂੰ ਮਿਆਰੀ ਸਿੱਖਿਆ ਦੇਣ ਹਿੱਤ "ਮਿਸ਼ਨ ਸਮਰੱਥ" ਚਲਾਇਆ ਗਿਆ ਹੈ। ਮਿਸ਼ਨ ਸਮਰਥ ਦੇ ਨਤੀਜੇ ਬਹੁਤ ਹੀ ਉਤਸ਼ਾਹਜਨਕ ਨਿਕਲ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਡੀਜੀ ਸਿੰਘ ਵੱਲੋਂ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਹਰਭਗਵੰਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਬਲਾਕ ਧਾਰ-2 ਦੇ ਸਕੂਲ ਸਰਕਾਰੀ ਪ੍ਰਾਇਮਰੀ ਸਕੂਲ ਅੱਤੇਪੁਰ, ਸਰਕਾਰੀ ਪ੍ਰਾਇਮਰੀ ਸਕੂਲ ਬਹੇੜੀ ਬਜ਼ੁਰਗ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਭਦਰਾਲੀ, ਮਿਡਲ ਸਕੂਲ ਬਹੇੜੀ ਬਜ਼ੁਰਗ ਅਤੇ ਮਾਧੋਪੁਰ ਦੇ ਦੌਰੇ ਦੌਰਾਨ ਕੀਤਾ ਗਿਆ।

ਉਨ੍ਹਾਂ ਇਸ ਮੌਕੇ ਕਿਹਾ ਕਿ ਸਾਡੀ ਪ੍ਰਮੁੱਖਤਾ ਸਿੱਖਿਆ ਦੀ ਗੁਣਵਤਤਾ ਵਿੱਚ ਵਾਧਾ ਕਰਨਾ ਹੈ। ਬੱਚਿਆਂ ਨੂੰ ਉਨ੍ਹਾਂ ਦੇ ਪੱਧਰ ਅਨੁਸਾਰ ਸਿੱਖਿਆ ਦੇਕੇ ਸਮੇਂ ਦਾ ਹਾਣੀ ਬਨਾਉਣਾ ਹੈ। ਉਨ੍ਹਾਂ ਕਿਹਾ ਕਿ ਸਾਡਾ ਸਾਰਿਆਂ ਦਾ ਫ਼ਰਜ ਹੈ ਕਿ ਸਿੱਖਿਆ ਵਿਭਾਗ ਵਲੋਂ ਸ਼ੁਰੂ ਕੀਤੇ "ਮਿਸ਼ਨ ਸਮਰੱਥ" ਪ੍ਰੋਜੈਕਟ ਨੂੰ ਕਾਮਯਾਬ ਕਰਨ ਲਈ ਸਾਰੇ ਰਲ-ਮਿਲਕੇ ਹਮਲਾ ਮਾਰੀਏ ਅਤੇ ਵਿਭਾਗ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਆਪਣੇ ਸਕੂਲਾਂ ਵਿੱਚ ਹੂਬਹੂ ਲਾਗੂ ਕਰੀਏ।

ਉਨ੍ਹਾਂ ਕਿਹਾ ਕਿ ਅਧਿਆਪਕਾਂ ਵੱਲੋਂ ਸਿੱਖਣ ਵਿਧੀ ਨੂੰ ਸੌਖਾ ਬਨਾਉਣ ਲਈ ਖੇਡ-ਖੇਡ ਵਿਧੀ ਰਾਂਹੀ ਬੱਚਿਆਂ ਨੂੰ ਸਿਖਾਇਆ ਜਾ ਰਿਹਾ ਹੈ, ਬੱਚਿਆਂ ਨੂੰ ਬਹੁਤ ਹੀ ਵਧੀਆਂ ਢੰਗ ਨਾਲ ਗਤੀਵਿਧੀਆਂ ਕਰਵਾਕੇ ਸਿਖਾਇਆ ਜਾ ਰਿਹਾ ਹੈ। ਅਧਿਆਪਕਾਂ ਨੇ ਬਹੁਤ ਹੀ ਲਗਨ ਅਤੇ ਉਤਸਾਹ ਨਾਲ ਮਿਸ਼ਨ ਸਮਰਥ ਦੀਆਂ ਸਾਰੀਆਂ ਗਤੀਵਿਧੀਆਂ ਕਰਵਾਈਆਂ ਹਨ।

ਉਨ੍ਹਾਂ ਕਿਹਾ ਕਿ ਵਿਭਾਗ ਦੀਆਂ ਕੋਸ਼ਿਸ਼ਾਂ ਅਤੇ ਅਧਿਆਪਕਾਂ ਦੀ ਮਿਹਨਤ ਸਦਕਾ ਸਕੂਲਾਂ ਵਿੱਚ ਵਿਦਿਆਰਥੀਆਂ ਦਾ ਪੜ੍ਹਨ-ਪੜ੍ਹਾਉਣ ਅਤੇ ਸਿੱਖਣ ਸਿਖਾਉਣ ਦੇ ਪੱਧਰ ਵਿੱਚ ਵਾਧਾ ਦਰਜ ਹੋ ਰਿਹਾ ਹੈ। ਇਸ ਮੌਕੇ ਉਨ੍ਹਾਂ ਨਾਲ ਸਮਾਰਟ ਸਕੂਲ ਕੋਆਰਡੀਨੇਟਰ ਸੰਜੀਵ ਮਨੀ ਵੀ ਮੌਜੂਦ ਸਨ।

# "ਹਬ ਫ਼ਾਰ ਇੰਮਪਾਵਰਮੈਂਟ ਆਫ ਵੂਮੈਨ" ਵਲੋਂ ਔਰਤਾਂ ਅਤੇ ਕੇਂਦਰਿਤ ਮੁੱਦਿਆਂ 'ਤੇ ਜਾਗਰੂਕਤਾ ਕੈਂਪ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**– ਇਸਤਰੀ ਤੇ ਬਾਲ ਵਿਕਾਸ ਮੰਤਰਾਲਾ, ਭਾਰਤ ਸਰਕਾਰ, ਨਵੀਂ ਦਿੱਲੀ ਤਹਿਤ "ਹਬ ਫ਼ਾਰ ਇੰਮਪਾਵਰਮੈਂਟ ਆਫ ਵੂਮੈਨ" ਵਲੋਂ ਔਰਤਾਂ ਅਤੇ ਕੇਂਦਰਿਤ ਮੁੱਦਿਆਂ 'ਤੇ ਜਾਗਰੂਕਤਾ ਅਤੇ ਪਹੁੰਚ ਵਧਾਉਣ ਲਈ 100 ਦਿਨਾਂ ਜਾਗਰੂਕਤਾ ਅਭਿਆਨ ਸ਼ੁਰੂ ਕੀਤਾ ਗਿਆ ਜੋ ਕਿ ਪੂਰੇ ਭਾਰਤ ਵਿੱਚ 21 ਜੂਨ ਤੋਂ 4 ਅਕਤੂਬਰ 2024 ਤੱਕ ਚਲਾਇਆ ਜਾ ਰਿਹਾ ਹੈ । ਇਸ 100 ਦਿਨਾਂ ਜਾਗਰੂਕਤਾ ਅਭਿਆਨ ਤਹਿਤ ਜ਼ਿਲ੍ਹਾ ਪ੍ਰੋਗਰਾਮ ਅਫਸਰ, ਹੁਸ਼ਿਆਰਪੁਰ ਹਰਦੀਪ ਕੌਰ ਦੀ ਅਗਵਾਈ ਹੇਠ ਜਾਗਰੂਕਤਾ ਕੈਂਪ ਟ੍ਰੇਨਿੰਗ ਸੈਂਟਰ, ਰਾਮ ਕਲੋਨੀ ਕੈਂਪ, ਚੰਡੀਗੜ੍ਹ ਰੋਡ, ਹੁਸ਼ਿਆਰਪੁਰ ਵਿਖੇ ਲਗਾਇਆ ਗਿਆ। ਇਸ ਜਾਗਰੂਕਤਾ ਕੈਂਪ ਵਿੱਚ ਆਂਗਣਵਾੜੀ ਵਰਕਰਾਂ ਨੂੰ ਭਾਰਤੀਯ ਨਿਆਏ ਸਹਾਇਤਾ ਸਬੰਧੀ ਘਰੇਲੂ ਹਿੰਸਾ, ਪੋਕਸੋ ਐਕਟ, ਜਿਣਸੀ ਛੇੜ–ਛਾੜ, ਔਰਤਾਂ ਦੇ ਹੱਕਾਂ ਸਬੰਧੀ, ਅਡਾਪਸ਼ਨ ਗਾਈਡਲਾਈਨਜ, ਨਿਉਟ੍ਰੀਸ਼ਨ, ਪੰਜਾਬ ਸਕਿਲਜ ਡਿਵੈਲਪਮੈਂਟ ਸੈਂਟਰ ਚਲ ਰਹੇ ਕੋਰਸਾਂ ਅਤੇ ਮਿਸ਼ਨ ਸ਼ਕਤੀ ਸਬੰਧੀ ਵਿਸਥਾਰਪੂਰਵਕ ਜਾਣੂ ਕਰਵਾਇਆ ਗਿਆ ਤਾਂ ਜੋ ਉਹ ਇਹ ਜਾਣਕਾਰੀ ਹਰੇਕ ਪਿੰਡ/ਸ਼ਹਿਰ ਵਿੱਚ ਪਹੁੰਚਾ ਸਕਣ । ਡਿਸਟ੍ਰਿਕ ਮਿਸ਼ਨ ਸ਼ਕਤੀ ਕੋਆਰਡੀਨੇਟਰ ਗੁਰਵਿੰਦਰ ਸਿੰਘ ਵਲੋਂ ਭਾਰਤੀਯ ਨਿਆਏ ਸਹਾਇਤਾ ਸਬੰਧੀ ਆਂਗਣਵਾੜੀ ਵਰਕਰਾਂ ਨਾਲ ਜਾਣਕਾਰੀ ਸਾਂਝੀ ਕੀਤੀ ਗਈ ਅਤੇ ਇਹ ਜਾਣਕਾਰੀ ਆਮ ਲੋਕਾਂ ਤੱਕ ਪਹੁੰਚਾਉਣ ਲਈ ਪ੍ਰੇਰਿਤ ਕੀਤਾ ਗਿਆ । ਅਸਿਸਟੈਂਟ ਲੀਗਲ ਕਾਉਂਸਲ ਐਚ।ਕੇ।ਵਰਮਾ ਨੇ ਪੋਕਸੋ, ਜਿਣਸੀ ਛੇੜ – ਛਾੜ, ਔਰਤਾਂ ਦੇ ਹੱਕਾਂ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ । ਸੈਂਟਰ ਐਡਮਿਨਸਟ੍ਰੇਟਰ ਆਰਤੀ ਸ਼ਰਮਾ ਵੱਲੋਂ ਘਰੇਲੂ ਹਿੰਸਾ ਸਬੰਧੀ ਵਿਸਥਾਰਪੂਰਵਕ ਦੱਸਿਆ ਗਿਆ । ਮੈਨੇਜਰ ਟ੍ਰੇਨਿੰਗ ਅਤੇ ਪਲੇਸਮੈਂਟ ਰਮਨ ਭਾਰਤੀ ਨੇ ਪੰਜਾਬ ਸਕਿਲਜ ਵਿਕਾਸ ਮਿਸ਼ਨ ਵਿੱਚ ਚਲ ਰਹੇ ਕੋਰਸਾਂ ਸਬੰਧੀ ਜਾਗਰੂਕ ਕਰਵਾਇਆ। ਇੰਸਟ੍ਰਕਟਰ ਜਸਵਿੰਦਰ ਕੌਰ ਵਲੋਂ ਨਿਉਟ੍ਰੀਸ਼ਨ ਸਬੰਧੀ ਜਾਣਕਾਰੀ ਦਿੱਤੀ ਗਈ।

ਜ਼ਿਲ੍ਹਾ ਬਾਲ ਵਿਕਾਸ ਸੁਰੱਖਿਆ ਅਧਿਕਾਰੀ ਹਰਪ੍ਰੀਤ ਕੌਰ ਨੇ ਅਡਾਪਸ਼ਨ ਗਾਈਡਲਾਈਨਜ ਅਤੇ ਪਾਲਣ ਪੋਸ਼ਣ ਸਬੰਧੀ ਵਿਸਥਾਰਪੂਰਵਕ ਜਾਣੂ ਕਰਵਾਇਆ। ਕਿਰਨਦੀਪ ਕੌਰ ਨੇਮਿਸ਼ਨ ਸ਼ਕਤੀ ਅਧੀਨ ਆਉਂਦੀ ਸਕੀਮਾਂ 'ਸੰਬਲ' ਅਤੇ 'ਸਮਰਥ' ਬਾਰੇ ਜਾਗਰੂਕ ਕੀਤਾ ਅਤੇ ਦੱਸਿਆ ਕਿ"ਸੰਬਲ" ਉਪ–ਸਕੀਮ ਔਰਤਾਂ ਦੀ ਸੁਰੱਖਿਆ ਲਈ ਹੈ ਅਤੇ "ਸਮਰਥਿਆ" ਉਪ–ਸਕੀਮ ਔਰਤਾਂ ਦੇ ਸਸ਼ਕਤੀਕਰਨ ਲਈ ਹੈ। ਇਸ ਤੋਂ ਇਲਾਵਾ ਇਸ ਜਾਗਰੂਕਤਾ ਕੈਂਪ ਵਿੱਚ ਸੁਪਰਡੰਟ ਤਰਸੇਮ ਸਿੰਘ, ਆਫਿਸ ਅਸਿਸਟੈਂਟ ਵਨ ਸਟਾਪ ਸੈਂਟਰ ਪਰਮਿੰਦਰ ਕੌਰ ਅਤੇ ਸੁਪਰਵਾਈਜਰਾਂ ਵੀ ਮੌਜੂਦ ਸਨ।

## ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੁਖਵਿੰਦਰ ਸਿੰਘ ਨੇ ਸਕੂਲ ਦਾ ਅਚਨਚੇਤ ਨਿਰੀਖਣ ਕੀਤਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**– ਸਕੂਲਾਂ ਵਿੱਚ ਬੱਚਿਆਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਦਾ ਜਾਇਜ਼ਾ ਲੈਣ



ਲਈ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੁਖਵਿੰਦਰ ਸਿੰਘ ਨੇ ਜ਼ਿਲ੍ਹੇ ਦੇ ਸਰਕਾਰੀ ਪ੍ਰਾਇਮਰੀ ਸਕੂਲ ਪ੍ਰੇਮਗੜ੍ਹ ਦਾ ਨਿਰੀਖਣ ਕਰਦਿਆਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਕੂਲ ਵਿੱਚ ਅਧਿਆਪਕਾਂ ਅਤੇ ਬੱਚਿਆਂ ਹਾਜ਼ਰੀ ਠੀਕ ਪਾਈ ਗਈ। ਉਨ੍ਹਾਂ ਦੱਸਿਆ ਕਿ ਸਕੂਲ ਵਿੱਚ ਬੱਚਿਆਂ ਅਤੇ ਅਧਿਆਪਕਾਂ ਦੀ ਹਾਜ਼ਰੀ ਤੋਂ ਇਲਾਵਾ ਸਕੂਲ ਵਿੱਚ ਬੱਚਿਆਂ ਦੀ ਪੜ੍ਹਾਈ, ਸਕੂਲ ਦੀ ਸਾਫ਼–ਸਫ਼ਾਈ, ਦਫ਼ਤਰੀ ਰਿਕਾਰਡ ਅਤੇ ਮਿਡ–ਡੇ–ਮੀਲ ਦੀ ਵੀ ਜਾਂਚ ਕੀਤੀ ਗਈ ਅਤੇ ਬੱਚਿਆਂ ਨੂੰ ਦਿੱਤਾ ਜਾ ਰਿਹਾ ਮਿਡ–ਡੇ–ਮੀਲ। ਜ਼ਿਲ੍ਹਾ ਸਿੱਖਿਆ ਅਫ਼ਸਰ ਵੱਲੋਂ ਇਸ ਟੈਸਟ ਦੀ ਨਿੱਜੀ ਤੌਰ 'ਤੇ ਜਾਂਚ ਵੀ ਕੀਤੀ ਗਈ ਅਤੇ ਸਕੂਲ ਮੁਖੀਆਂ ਨੂੰ ਕਿਹਾ ਗਿਆ ਕਿ ਉਹ ਸਕੂਲ ਦੇ ਮਾਹੌਲ ਨੂੰ ਹੋਰ ਵਧੀਆ ਢੰਗ ਨਾਲ ਪੜ੍ਹਾਉਣ ਤਾਂ ਜੋ ਜ਼ਿਲ੍ਹੇ ਵਿੱਚ ਸਿੱਖਿਆ ਦਾ ਪੱਧਰ ਉੱਚਾ ਚੁੱਕਿਆ ਜਾ ਸਕੇ। ਹੋਰ ਸੁਧਾਰ ਕੀਤਾ ਜਾ ਸਕਦਾ ਹੈ। ਉਨ੍ਹਾਂ ਸਪੱਸ਼ਟ ਕਿਹਾ ਕਿ ਸਕੂਲੀ ਬੱਚਿਆਂ ਨੂੰ ਨੈਤਿਕ ਸਿੱਖਿਆ ਦੇਣਾ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ। ਸਾਰਿਆਂ ਨੂੰ ਆਪਣੀ ਜ਼ਿੰਮੇਵਾਰੀ ਸਮਝ ਕੇ ਕੰਮ ਕਰਨਾ ਚਾਹੀਦਾ ਹੈ।

## ਭਾਰਤੀ ਹਵਾਈ ਸੈਨਾ ਵਿੱਚ ਭਰਤੀ ਲਈ ਉਮੀਦਵਾਰ 28 ਜੁਲਾਈ ਤੱਕ ਆਨਲਾਈਨ ਕਰ ਸਕਦੇ ਹਨ ਅਪਲਾਈ

**ਸੰਗਰੂਰ (ਦਲਜੀਤ ਕੌਰ)** ਅਗਨੀਪਥ ਸਕੀਮ ਤਹਿਤ ਭਾਰਤੀ ਹਵਾਈ ਸੈਨਾ ਵਿੱਚ ਭਰਤੀ ਹੋਣ ਦੇ ਚਾਹਵਾਨ ਅਤੇ ਯੋਗ ਉਮੀਦਵਾਰ 8 ਜੁਲਾਈ 2024 ਤੋਂ 28 ਜੁਲਾਈ 2024 ਤੱਕ ਆਨਲਾਈਨ ਮਾਧਿਅਮ ਰਾਹੀਂ ਅਪਲਾਈ ਕਰ ਸਕਦੇ ਹਨ। ਇਸ ਸਬੰਧੀ ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫਸਰ, ਸੰਗਰੂਰ ਸਿੰਪੀ ਸਿੰਗਲਾ ਨੇ ਦੱਸਿਆ ਕਿ ਇਸ ਭਰਤੀ, 02/2025 ਇਨਟੇਕ, ਲਈ ਆਨਲਾਈਨ ਪ੍ਰੀਖਿਆ 18 ਅਕਤੂਬਰ 2024 ਤੋਂ ਹੋਣੀ ਹੈ ਅਤੇ ਅਗਨੀਪਥ ਸਕੀਮ ਤਹਿਤ ਅਗਨੀਵੀਰਵਾਯੂ ਦੀ ਚਾਰ ਸਾਲਾਂ ਲਈ ਭਰਤੀ ਕੀਤੀ ਜਾਂਦੀ ਹੈ। ਭਰਤੀ ਦੀ ਰਜਿਸਟਰੇਸ਼ਨ ਲਈ ਬਿਨੈਕਾਰ https://aginpath-vayu.cdaci.n ਵੈਬ ਪੋਰਟਲ 'ਤੇ ਲਾਗ ਇਨ ਕਰ ਸਕਦੇ ਹਨ। ਬਿਨੈਕਾਰ ਅਗਨਵੀਰਵਾਯੂ ਦੀ ਭਰਤੀ ਹੋਣ ਲਈ ਆਪਣਾ ਬਿਨੈ ਸਿਰਫ ਆਨਲਾਈਨ ਮਾਧਿਅਮ ਰਾਹੀਂ ਹੀ ਭੇਜਣ। ਬੁਲਾਰੇ ਨੇ ਦੱਸਿਆ ਕਿ ਜਿਨ੍ਹਾਂ ਉਮੀਦਵਾਰਾਂ ਦੀ ਜਨਮ ਮਿਤੀ 3 ਜੁਲਾਈ 2004 ਤੋਂ 03 ਜਨਵਰੀ 2008 ਵਿਚਕਾਰ (ਦੋਵੇ ਤਰੀਕਾਂ ਮਿਲਾ ਕੇ) ਹੋਵੇ, ਸਿਰਫ ਉਹ ਹੀ ਅਪਲਾਈ ਕਰ ਸਕਦਾ ਹੈ। ਇਸ ਭਰਤੀ ਲਈ ਸਿਰਫ ਅਣਵਿਆਹੇ ਲੜਕੇ ਜਾਂ ਲੜਕੀਆਂ ਹੀ ਅਪਲਾਈ ਕਰ ਸਕਦੇ ਹਨ ਅਤੇ ਬਿਨੈਕਾਰ ਨੂੰ ਭਰਤੀ ਸਮੇਂ ਅਣਵਿਆਹੇ ਦਾ ਸਰਟੀਫਿਕੇਟ ਵੀ ਦੇਣਾ ਹੋਵੇਗਾ। ਵਿਦਿਅਕ ਯੋਗਤਾ ਅਤੇ ਹੋਰ ਵਧੇਰੇ ਜਾਣਕਾਰੀ ਬਿਨੈਕਾਰ ਭਾਰਤੀ ਹਵਾਈ ਸੈਨਾ ਦੀ ਵੈਬ ਸਾਈਟ https://aginpathvayu.cdaci.n 'ਤੇ ਹਾਸਲ ਕਰ ਸਕਦਾ ਹੈ।

## ਮੋਦੀ ਸਰਕਾਰ ਵੱਲੋਂ ਪਾਸ ਕੀਤੇ ਨਵੇਂ ਕਾਨੂੰਨ ਦੀਆਂ ਧਾਰਾਵਾਂ ਸੰਘਰਸ਼ਸ਼ੀਲ ਜਥੇਬੰਦੀਆਂ ਲਈ ਵੱਡੀ ਚੁਣੌਤੀ: ਨਰਾਇਣ ਦੱਤ

**ਬਰਨਾਲਾ (ਦਲਜੀਤ ਕੌਰ)** ਪੈਨਸ਼ਨਰਜ਼ ਐਸੋਸੀਏਸ਼ਨ ਪਾਵਰਕੌਮ ਅਤੇ ਟਰਾਂਸਕੋ ਸ਼ਹਿਰੀ ਅਤੇ ਦਿਹਾਤੀ ਮੰਡਲ ਬਰਨਾਲਾ ਦੀ ਵਿਸ਼ਾਲ ਇਕੱਤਰਤਾ ਪੈਨਸ਼ਨਰਜ਼ ਦਫ਼ਤਰ ਧਨੌਲਾ ਰੋਡ ਬਰਨਾਲਾ ਵਿਖੇ ਜੱਗਾ ਸਿੰਘ ਧਨੌਲਾ ਦੀ ਪ੍ਰਧਾਨਗੀ ਹੇਠ ਹੋਈ। ਇਸ ਸਮੇਂ ਸੰਬੋਧਨ ਕਰਦਿਆਂ ਬੁਲਾਰੇ ਆਗੂਆਂ ਗੁਰਚਰਨ ਸਿੰਘ,ਹਰਨੇਕ ਸਿੰਘ ਸੰਘੇੜਾ, ਮੇਲਾ ਸਿੰਘ ਕੱਟੂ, ਨਿਖੇਧੀ ਕਰਦਿਆਂ ਸੰਘਰਸ਼ ਨੂੰ ਤੇਜ਼ ਕਰਨ ਅਤੇ ਸੂਬਾ ਕਮੇਟੀ ਵੱਲੋਂ ਦਿੱਤੇ ਸੰਘਰਸ਼ ਸੱਦਿਆ ਨੂੰ ਪੂਰੀ ਤਨਦੇਹੀ ਨਾਲ ਨਿਭਾਉਣ ਦੀ ਅਪੀਲ ਕੀਤੀ। ਆਗੂਆਂ ਕਿਹਾ ਕਿ ਭਾਵੇਂ ਪੰਜਾਬ ਦੇ ਮੁੱਖ ਮੰਤਰੀ ਨਾਲ 1 ਜੁਲਾਈ ਨੂੰ ਹੋਈ ਮੀਟਿੰਗ ਵਿੱਚ ਇੱਕ ਵਾਰ ਮੰਗਾਂ ਮੰਨਣ ਦਾ ਵਾਅਦਾ ਕੀਤਾ ਹੈ, ਜਿਸ ਕਾਰਨ ਜਲੰਧਰ ਹਲਕੇ ਵਿੱਚ ਕੀਤਾ ਜਾਣ ਵਾਲਾ ਮਾਰਚ ਹਾਲ ਦੀ ਘੜੀ ਮੁਲਤਵੀ



ਨਰਾਇਣ ਦੱਤ, ਗੌਰੀ ਸ਼ੰਕਰ, ਜੋਗਿੰਦਰ ਪਾਲ, ਅਬਜਿੰਦਰ ਸਿੰਘ ਆਦਿ ਆਗੂਆਂ ਨੇ ਭਾਵੇਂ 18ਵੀ ਲੋਕ ਸਭਾ ਦਾ ਚੋਣਾਂ ਦਾ ਅਮਲ ਪੂਰਾ ਹੋਣ ਉਪਰੰਤ ਨਵੀਂ ਕੇਂਦਰੀ ਸਰਕਾਰ ਬਣ ਚੁੱਕੀ ਹੈ, ਪਰ ਕੇਂਦਰ ਅਤੇ ਪੰਜਾਬ ਸਰਕਾਰ ਦੀ ਨੀਤੀ ਕਾਰਪੋਰੇਟ ਘਰਾਣਿਆਂ ਪੱਖੀ ਅਤੇ ਲੋਕ–ਮੁਲਾਜਮ ਵਿਰੋਧੀ ਹੀ ਰਹੇਗੀ। ਮਿਹਨਤਕਸ਼ ਲੋਕਾਈ ਨੂੰ ਆਪਣੇ ਬੁਨਿਆਦੀ ਮਸਲਿਆਂ ਨੂੰ ਹੱਲ ਕਰਵਾਉਣ ਲਈ ਸੰਘਰਸ਼ ਤੇ ਟੇਕ ਰੱਖਣ ਦੀ ਲੋੜ ਹੈ। ਆਗੂਆਂ ਨੇ ਪੰਜਾਬ ਸਰਕਾਰ ਅਤੇ ਪਾਵਰਕੌਮ ਮੈਨੇਜ਼ਮੈਂਟ ਵੱਲੋਂ ਪੈਨਸ਼ਨਰਜ਼ ਦੀਆਂ ਮੰਗਾਂ ਜਿਵੇਂ ਕਿ ਛੇਵੇਂ ਨੇ ਕਮਿਸ਼ਨ ਦੀ ਰਿਪੋਰਟ ਅਨੁਸਾਰ ਸਾਢੇ ਪੰਜ ਸਾਲ ਦੇ ਏਰੀਅਲ , ਲੀਵ ਇਨ ਕੈਸ਼ ਦਾ ਬਕਾਇਆ ਨਾ ਦੇਣ, ਮਿਤੀ 1-1-16 ਤੋਂ ਪਹਿਲਾਂ ਰਿਟਾਇਰ ਹੋਏ ਕਾਮਿਆਂ ਨੂੰ 2.59 ਦੇ ਗੁਣਾਂਕ ਨਾਲ ਪੈਨਸ਼ਨ ਲਾਗੂ ਨਾ ਕਰਨ,ਮਹਿੰਗਾਈ ਭੱਤੇ ਵਿੱਚ ਕੇਂਦਰ ਦੀ ਤਰਜ਼ ਤੇ 3 ਕਿਸ਼ਤਾਂ ਅਤੇ ਉਨ੍ਹਾਂ ਦਾ ਬਕਾਇਆ ਨਾ ਦੇ ਕੇ, ਕੈਸ਼ਲੈਸ ਮੈਡੀਕਲ ਸਕੀਮ ਲਾਗੂ ਨਾ ਕਰਨ, ਕਮਿਊਟ ਕਟੌਤੀ ਖ਼ਿਲਾਫ਼ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਕੀਤੇ ਫ਼ੈਸਲੇ ਅਨੁਸਾਰ ਦਸ ਸਾਲ ਬਾਅਦ 18% ਵਿਆਜ਼ ਸਮੇਤ ਕੀਤੀ ਜਾ ਰਹੀ ਹਰ ਪੈਨਸ਼ਨਰਜ਼ ਦੀ ਕਟੌਤੀ ਬੰਦ ਕਰਨ, ਠੇਕੇਦਾਰੀ ਸਿਸਟਮ ਖ਼ਿਲਾਫ਼ ਸੰਘਰਸ਼ ਸਮੇਂ ਕੀਤੀ ਵਿਕਟੇਮਾਈਜੇਸਨਾਂ ਦੂਰ ਨਾ ਕਰਨ ਦੀ ਪੰਜਾਬ ਸਰਕਾਰ ਵੱਲੋਂ ਸਖ਼ਤ ਸ਼ਬਦਾਂ ਵਿੱਚ ਕੀਤਾ ਗਿਆ ਹੈ। ਇਸ ਸਮੇਂ ਸੰਸਾਰ ਪ੍ਰਸਿੱਧ ਲੇਖਿਕਾ ਅਤੇ ਚਿੰਤਕ ਅਰੁੰਧਤੀ ਰਾਏ ਅਤੇ ਪ੍ਰੋ: ਸ਼ੇਖ ਸ਼ੌਕਤ ਹੁਸੈਨ ਖ਼ਿਲਾਫ਼ 14 ਸਾਲ ਪੁਰਾਣੇ ਪੁਰਾਣੇ ਕਸ਼ਮੀਰੀ ਲੋਕਾਂ ਦੇ ਹੱਕ ਵਿੱਚ ਦਿੱਤੇ ਇੱਕ ਭਾਸ਼ਣ ਦੇਣ ਦੇ ਕੇਸ ਨੂੰ ਦਿੱਲੀ ਦੇ ਲੈਫਟੀਨੈਂਟ ਗਵਰਨਰ ਵੱਲੋਂ ਯੂਏਪੀਏ ਤਹਿਤ ਕੇਸ ਚਲਾਉਣ ਦੀ ਦਿੱਤੀ ਮਨਜ਼ੂਰੀ ਦੀ ਸਖ਼ਤ ਨਿਖੇਧੀ ਕੀਤੀ ਗਈ। ਆਗੂਆਂ ਕਿਹਾ ਕਿ ਯੂਏਪੀਏ ਤਹਿਤ ਕੇਸ ਚਲਾਉਣ ਦੀ ਮਨਜ਼ੂਰੀ ਦੋ ਵਿਅਕਤੀਆਂ ਖਿਲਾਫ ਨਹੀਂ, ਸਗੋਂ ਸਥਾਪਤੀ ਵਿਰੁੱਧ ਲੋਕਾਈ ਦੇ ਹੱਕ ਵਿੱਚ ਆਵਾਜ਼ ਉਠਾਉਣ ਵਾਲੀ ਹਰ ਕਲਮ ਹਰ ਆਵਾਜ਼ ਲਈ ਵਡੇਰੀ ਚੁਣੌਤੀ ਹੈ। ਕੇਂਦਰ ਦੀ ਹਕੂਮਤ ਵੱਲੋਂ ਲਾਗੂ ਕੀਤੇ 3 ਕਾਲੇ ਕਾਨੂੰਨਾਂ ਖਿਲਾਫ਼ 21 ਜੁਲਾਈ ਨੂੰ ਪੰਜਾਬ ਦੀਆਂ ਸਮੁੱਚੀਆਂ ਜਨਤਕ ਜਮਹੂਰੀ ਜਥੇਬੰਦੀਆਂ ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਕੀਤੀ ਜਾਣ ਵਾਲੀ ਕਨਵੈਨਸ਼ਨ ਅਤੇ ਮੁਜ਼ਾਹਰੇ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ। ਸਟੇਜ ਸਕੱਤਰ ਦੇ ਫਰਜ਼ ਮੋਹਣ ਸਿੰਘ ਛੰਨਾਂ ਨੇ ਨਿਭਾਏ। ਇਸ ਸਮੇਂ ਬਹਾਦਰ ਸਿੰਘ, ਜਗਦੀਸ਼ ਸਿੰਘ, ਰਾਮ ਸਿੰਘ, ਰਾਮਪਾਲ ਸਿੰਘ, ਪਿਆਰਾ ਸਿੰਘ, ਗੁਰਲਾਲ ਸਿੰਘ, ਜਗਰਾਜ ਸਿੰਘ, ਜੀਤ ਸਿੰਘ, ਗੁਰਚਰਨ ਸਿੰਘ, ਭਾਗ ਸਿੰਘ, ਗੁਰਜੰਟ ਸਿੰਘ ਮਾਨ ਆਦਿ ਆਗੂਆਂ ਨੇ ਕੇਂਦਰ ਅਤੇ ਸੂਬਾਈ ਸਰਕਾਰਾਂ ਦੀਆਂ ਜਨ ਵਿਰੋਧੀ ਨੀਤੀਆਂ ਖ਼ਿਲਾਫ਼ ਸੰਘਰਸ਼ ਤੇਜ਼ ਕਰਨ ਦਾ ਸੱਦਾ ਦਿੱਤਾ।

## ਪੰਜਾਬ ਵਿਚ "ਜਨਤਕ ਲਾਇਬਰੇਰੀ ਕਾਨੂੰਨ" ਬਣਾਇਆ ਜਾਵੇ - ਪੰਜਾਬੀ ਕਾਲਮ ਨਵੀਸ ਪੱਤਰਕਾਰ ਮੰਚ

**ਫਗਵਾੜਾ (ਬੀ.ਕੇ. ਰੱਤੂ)** ਪੰਜਾਬੀ ਕਾਲਮ ਨਵੀਸ ਪੱਤਰਕਾਰ ਮੰਚ (ਰਜਿ:) ਵਲੋਂ ਮੁੱਖ ਮੰਤਰੀ ਨੂੰ ਪੱਤਰ ਲਿਖਕੇ ਪੰਜਾਬ ਵਿੱਚ ਸਥਿਤ ਲਾਇਬਰੇਰੀਆਂ ਦੀ ਖਸਤਾ ਹਾਲਤ ਅਤੇ ਪੰਜਾਬ ਵਿਚ "ਜਨਤਕ ਲਾਇਬਰੇਰੀ ਕਾਨੂੰਨ" ਬਣਾਏ ਜਾਣ ਦੀ ਲੋੜ ਵੱਲ ਧਿਆਨ ਦੁਆਉਂਦਿਆਂ ਦਰਸਾਇਆ ਹੈ ਕਿ ਪੰਜਾਬ ਵਿੱਚ ਸੈਂਟਰਲ ਸਟੇਟ ਲਾਇਬ੍ਰੇਰੀ ਪਟਿਆਲਾ ਸਮੇਤ 15 ਸਰਕਾਰੀ ਜ਼ਿਲ੍ਹਾ ਲਾਇਬਰੇਰੀਆਂ ਹਨ । ਪਰ ਇਨ੍ਹਾਂ ਸਾਰੀਆਂ ਵਿੱਚ ਨਾ ਲੋੜੀਂਦਾ ਸਟਾਫ਼ ਹੈ ਅਤੇ ਨਾ ਹੀ ਸਹੂਲਤਾਂ। ਲੱਖਾਂ ਦੀ ਗਿਣਤੀ ਵਿੱਚ ਪਈਆਂ, ਵਧੀਆਂ ਤੋਂ ਵਧੀਆਂ ਕਿਤਾਬਾਂ ਗਲ–ਸੜ ਰਹੀਆਂ ਹਨ। ਪੰਜਾਬ ਵਿੱਚ ਲਾਇਬ੍ਰੇਰੀਅਨਾਂ ਦੀਆਂ 99 ਮਨਜ਼ੂਰਸ਼ੁਦਾ ਅਸਾਮੀਆਂ ਹਨ । ਪਰ 1998 ਤੋਂ ਬਾਅਦ ਕੋਈ ਭਰਤੀ ਨਹੀਂ ਕੀਤੀ ਗਈ । ਪੰਜਾਬ ਦੇ 48 ਸਰਕਾਰੀ ਪਰ ਉਹ ਵੀ ਵਿਧਾਨ ਸਭਾ ਵਿੱਚ ਪੇਸ਼ ਨਾ ਕੀਤਾ ਗਿਆ।

ਉਹਨਾ ਇਹ ਵੀ ਦੱਸਿਆ ਕਿ ਜਿਹੜਾ ਬਿੱਲ ਪੇਸ਼ ਕੀਤਾ ਗਿਆ ਉਸ ਬਿੱਲ ਵਿੱਚ ਮੱਦ ਰੱਖੀ ਗਈ ਸੀ ਕਿ ਸੂਬਾ ਸਰਕਾਰ ਲਾਇਬ੍ਰੇਰੀਆਂ ਲਈ ਵੱਖਰਾ "ਜਨਤਕਰ ਲਾਇਬ੍ਰੇਰੀ ਫੰਡ" ਸਥਾਪਿਤ ਕਰੇਗੀ । ਨੈਸ਼ਨਲ ਲਿਟਰੇਸੀ ਮਿਸ਼ਨ, ਸਰਬ ਸਿੱਖਿਆ ਅਭਿਆਨ, ਐਮ.ਪੀ. ਲੈਡ ਫੰਡ, ਰਾਜਾ ਰਾਮ ਮੋਹਣ ਰਾਏ ਲਾਇਬ੍ਰੇਰੀ ਫਾਊਂਡੇਸ਼ਨ ਕੋਲਕਾਤਾ ਆਦਿ ਤੋਂ ਵੀ ਗਰਾਂਟਾਂ ਲਈਆਂ ਜਾਣਗੀਆਂ । ਇਸ ਬਿੱਲ ਵਿੱਚ ਵੱਖਰਾ "ਜਨਤਕ ਲਾਇਬ੍ਰੇਰੀ ਡਿਰੈਕਟੋਰੇਟ" ਸਥਾਪਿਤ ਕਰਨ ਦੀ ਮੱਦ ਵੀ ਪਾਈ ਗਈ ਸੀ । ਬਿੱਲ ਦਾ ਉਹ ਖਰੜਾ ਉੱਚੇਰੀ ਸਿੱਖਿਆ ਵਿਭਾਗ ਜਾਂ ਡੀ।ਪੀ।ਆਈ। ਕਾਲਜਿਜ਼ ਕੋਲ ਪਿਆ ਹੋ ਸਕਦਾ ਹੈ । ਪਰ ਇਸ ਸਬੰਧ ਵਿੱਚ ਕੋਈ ਵੀ ਕਾਰਵਾਈ ਨਹੀਂ ਕੀਤੀ ਗਈ।



ਕਾਲਜਾਂ ਵਿੱਚੋਂ 34 ਕਾਲਜਾਂ ਵਿੱਚ ਲਾਈਬ੍ਰੇਰੀਆਂ ਨਹੀਂ ਹਨ। ਕੁਝ ਸਰਕਾਰੀ ਕਾਲਜਾਂ ਵਿੱਚ ਲਾਇਬ੍ਰੇਰੀਆਂ ਤਾਂ ਹਨ, ਪਰ ਰੱਖ–ਰਖਾਓ ਲਈ ਸਟਾਫ਼ ਨਹੀਂ ਹੈ ਅਤੇ ਨਵੀਆਂ ਕਿਤਾਬਾਂ ਖ਼ਰੀਦਣ ਲਈ ਫੰਡ ਵੀ ਨਹੀਂ ਹਨ।

ਇਸ ਸਬੰਧ ਵਿੱਚ ਪੰਜਾਬੀ ਕਾਲਮ ਨਵੀਸ ਪੱਤਰਕਾਰ ਮੰਚ ਦੇ ਪ੍ਰਧਾਨ ਪ੍ਰਿੰ: ਗੁਰਮੀਤ ਸਿੰਘ ਪਲਾਹੀ ਨੇ ਦੱਸਿਆ ਕਿ ਪੰਜਾਬ ਵਿੱਚ ਲਗਭਗ 100 ਨਗਰ ਪਾਲਿਕਾਵਾਂ ਵੱਲੋਂ ਲਾਇਬ੍ਰੇਰੀਆਂ ਸਥਾਪਿਤ ਕੀਤੀਆਂ ਗਈਆਂ ਹਨ, ਪਰ ਇਹ ਸਿਰਫ਼ ਅਖ਼ਬਾਰਾਂ ਪੜ੍ਹਨ ਤੱਕ ਹੀ ਸੀਮਤ ਹਨ । ਨਵੀਆਂ ਕਿਤਾਬਾਂ ਦੀ ਅਣਹੋਂਦ ਕਾਰਨ ਸਾਹਿਤ ਦੇ ਪਾਠਕਾਂ ਦਾ ਆਉਣਾ ਲਗਭਗ ਬੰਦ ਹੈ । 2019 ਦੀ ਇਕ ਰਿਪੋਰਟ ਅਨੁਸਾਰ ਵੱਖ–ਵੱਖ ਜ਼ਿਲ੍ਹਾ ਲਾਇਬ੍ਰੇਰੀਆਂ ਨਾਲ ਪੰਜਾਬ ਭਰ ਵਿੱਚੋਂ ਲਗਭਗ 64 ਹਜ਼ਾਰ ਮੈਂਬਰ ਜੁੜੇ ਹੋਏ ਹਨ । ਇਨ੍ਹਾਂ ਵਿੱਚੋਂ ਸਭ ਤੋਂ ਵੱਧ 14123 ਮੈਂਬਰ ਗੁਰੂ ਨਾਨਕ ਜ਼ਿਲ੍ਹਾ ਲਾਇਬ੍ਰੇਰੀ ਜਲੰਧਰ ਨਾਲ ਜੁੜੇ ਹੋਏ ਹਨ । ਪਰ ਇਹ ਲਾਇਬ੍ਰੇਰੀ ਵੀ ਖ਼ਸਤਾ ਹਾਲਤ ਵਿੱਚ ਹੈ ਅਤੇ ਲਗਭਗ ਬੰਦ ਪਈ ਹੈ । ਦੇਸ਼ ਦੇ 22 ਸੂਬੇ "ਜਨਤਕ ਲਾਇਬ੍ਰੇਰੀ ਕਾਨੂੰਨ" ਬਣਾ ਚੁੱਕੇ ਹਨ । ਪਰ ਪੰਜਾਬ ਨੇ ਕਦੇ ਵੀ ਇਸ ਲੋੜ ਪ੍ਰਤੀ ਗੰਭੀਰਤਾ ਨਹੀਂ ਦਿਖਾਈ । ਸਿਰਫ਼ 2011 ਵਿੱਚ ਇਕ ਬਿੱਲ ਤਿਆਰ ਕੀਤਾ ਗਿਆ ਸੀ,

ਪ੍ਰਧਾਨ ਪੰਜਾਬੀ ਕਾਲਮ ਨਵੀਸ ਪੱਤਰਕਾਰ ਮੰਚ ਪ੍ਰਿੰ: ਗੁਰਮੀਤ ਸਿੰਘ ਪਲਾਹੀ, ਜਨਰਲ ਸਕੱਤਰ ਗੁਰਚਰਨ ਸਿੰਘ ਨੂਰਪੁਰ, ਮੀਤ ਪ੍ਰਧਾਨ ਗਿਆਨ ਸਿੰਘ ਸਾਬਕਾ ਡੀਪੀਆਰਓ, ਡਾ: ਐਸ।ਐਸ। ਛੀਨਾ ਸਰਪ੍ਰਸਤ ਨੇ ਮੁੱਖ ਮੰਤਰੀ ਪੰਜਾਬ ਨੂੰ ਬੇਨਤੀ ਕੀਤੀ ਹੈ ਕਿ ਉਸ ਬਿੱਲ ਉੱਤੇ ਨਜ਼ਰਸਾਨੀ ਕਰਕੇ ਸਮੇਂ ਦੀ ਲੋੜ ਅਨੁਸਾਰ ਮਾਹਿਰਾਂ ਨਾਲ ਵਿਚਾਰ ਵਟਾਂਦਰਾ ਕਰਕੇ "ਨਵਾਂ ਜਨਤਕ ਲਾਇਬ੍ਰੇਰੀ ਕਾਨੂੰਨ" ਬਣਾਇਆ ਜਾਵੇ, ਜਿਸ ਵਿਚ ਪਿੰਡਾਂ ਵਿਚਲੀਆਂ ਲਾਇਬ੍ਰੇਰੀਆਂ ਨੂੰ ਸਹਿਕਾਰਤਾ ਵਿਭਾਗ ਨਾਲ ਜੋੜਨ ਦੀ ਮੱਦ ਸ਼ਾਮਿਲ ਕਰਕੇ ਪੁਸਤਕ–ਸਭਿਆਚਾਰ ਵਿਕਸਤ ਕਰਨ ਵਲ ਵੀ ਵਧਿਆ ਜਾ ਸਕਦਾ ਹੈ। ਇਸ ਕਾਰਜ ਰਾਹੀਂ ਨਵੀਂ ਪੀੜ੍ਹੀ ਨੂੰ ਆਪਣੇ ਵਿਰਸੇ ਅਤੇ ਸਮਕਾਲੀ ਸਾਹਿਤ ਨਾਲ ਜੁੜਨ ਦਾ ਅਤੇ ਆਪਣੀ ਸ਼ਖ਼ਸ਼ੀਅਤ ਦਾ ਵਿਕਾਸ ਕਰਨ ਦਾ ਵੱਡਮੁੱਲਾ ਮੌਕਾ ਮਿਲੇਗਾ।

ਨਿਰਸੰਦੇਹ ਅਜਿਹੇ ਕਾਰਜਾਂ ਨਾਲ ਨਾ ਸਿਰਫ ਚੰਗਾ ਸਾਹਿਤ ਪਾਠਕਾਂ ਤੱਕ ਪਹੁੰਚ ਸਕੇਗਾ ਸਗੋਂ ਨਵੀਂ ਪੀੜ੍ਹੀ ਨਸ਼ਿਆਂ ਤੋਂ ਵੀ ਦੂਰ ਹੋਵੇਗੀ। ਉਹਨਾ ਨੇ ਇਹ ਵੀ ਬੇਨਤੀ ਕੀਤੀ ਹੈ ਕਿ ਸਰਕਾਰੀ ਲਾਇਬ੍ਰੇਰੀਆਂ ਵਿੱਚ ਲੋੜੀਂਦਾ ਸਟਾਫ ਭਰਤੀ ਕੀਤਾ ਜਾਵੇ ਅਤੇ ਨਵੀਆਂ ਕਿਤਾਬਾਂ ਖਰੀਦਣ ਲਈ ਫੰਡ ਮੁਹੱਈਆ ਕੀਤੇ ਜਾਣ।

ਮਿਸਟਰ ਰੋਜਰ ਡਿਕਨਸਨ ਲਈ ਫੰਡਰੇਜ਼ਿੰਗ ਇਵੈਂਟ ਰੋਜਰ ਡਿਕਨਸਨ, ਸੈਕਰਾਮੈਂਟੋ ਸਿਟੀ ਕੌਂਸਲ ਡਿਸਟ੍ਰਿਕਟ 2 ਵੱਲੋਂ ਐਤਵਾਰ, ਜੂਨ 30, 2024 ਨੂੰ ਮੇਜ਼ਬਾਨ ਡਾ. ਪੀ. ਐਸ. ਤੱਖਰ ਅਤੇ ਡਾ. ਗੁਡੀ ਤੱਖਰ, ਆਪਣੀ ਬੇਮਿਸਾਲ ਪ੍ਰਾਹੁਣਚਾਰੀ ਲਈ ਮਸ਼ਹੂਰ ਇਵੈਂਟ ਵਿਚ ਮਹਿਮਾਨ ਚਾਲੀ ਤੋਂ ਵੱਧ ਹਾਜ਼ਰੀਨ, ਜਿਹਨਾਂ ਵਿਚ ਮਲਿਕ ਇਮਤਾਜ਼, ਪੰਮੀ ਮਾਨ, ਕਮਲ ਜੱਜ ਅਤੇ ਪਰਮਿੰਦਰ ਸਿੰਘ ਦੁਆਰਾ ਗੀਤ ਸੰਗੀਤ ਦੇ ਪ੍ਰੋਗਰਾਮ ਦੌਰਾਨ 6000 ਤੋਂ ਵੱਧ ਫੰਡ ਇਕੱਠੇ ਕੀਤੇ ਗਏ। ਇਸ ਪ੍ਰੋਗਰਾਮ ਲਈ ਡਾ. ਪੀ. ਐਸ. ਤੱਖਰ, ਡਾ. ਗੁਡੀ ਤੱਖਰ, ਮਨਜੀਤ ਪੁਰੇਵਾਲ, ਦਲਜੀਤ ਸਿੰਘ ਸੰਧੂ ਦਾ ਧੰਨਵਾਦ ਕੀਤਾ ਗਿਆ। ਮਿਸਟਰ ਰੋਜਰ ਡਿਕਨਸਨ ਅਤੇ ਉਹਨਾਂ ਦੀ ਪਤਨੀ ਨੇ ਸਾਰੇ ਸਮਰਥਕਾਂ ਦਾ ਧੰਨਵਾਦ ਕੀਤਾ।* ਸੁਖ. ਸੀ. ਸਿੰਘ ਨੇ ਮਿਸਟਰ ਡਿਕਨਸਨ ਦੀਆਂ ਆਉਣ ਵਾਲੀਆਂ ਚੋਣਾਂ ਲਈ ਸ਼ੁੱਭ ਕਾਮਨਾਵਾਂ ਅਤੇ ਮਹਿਮਾਨਾਂ ਅਤੇ ਮੇਜ਼ਬਾਨਾਂ ਦਾ ਧੰਨਵਾਦ ਕਰਦਿਆਂ ਸਮਾਗਮ ਦੀ ਸਮਾਪਤੀ ਕੀਤੀ। – *ਸੁਖਚੈਨ ਸਿੰਘ*






















URGENT CARE CLINIC

DR. TAKHAR'S FAMILY MEDICINE & URGENT CARE CLINIC

8191 Timberlake Way, Suite # 400, Sacramento, CA 95823

Phone: 916-688-8888 Fax: 916-688-8837

Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed

We speak your language: Panjabi, Hindi, Urdu, Farsi, Arabic and Spanish



Dr. Paramjit S Takhar, MD

Goodie Takhar, PhD

## ਅਮਰੀਕਾ ਦੇ ਉੱਤਰੀ ਡਕੋਟਾ ਵਿਚ ਜਲਣਸ਼ੀਲ ਪਦਾਰਥ ਲਿਜਾ ਰਹੀ ਮਾਲ ਗੱਡੀ ਪੱਟੜੀ ਤੋਂ ਲੱਥੀ



**ਸੈਕਰਾਮੈਂਟੋ, ਕੈਲੀਫੋਰਨੀਰਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਉੱਤਰੀ ਡਕੋਟਾ ਖੇਤਰ ਵਿਚ ਬੀਤ ਦਿਨ ਤੜਕਸਾਰ ਇਕ ਰੇਲ ਹਾਦਸਾ ਵਾਪਰਨ ਦੀ ਖਬਰ ਹੈ ਜਿਸ ਵਿਚ ਖਤਰਨਾਕ ਜਲਣਸ਼ੀਲ ਤਰਲ ਪਦਾਰਥ ਲੈ ਕੇ ਜਾ ਰਹੀ ਇਕ ਮਾਲ ਗੱਡੀ ਪੱਟੜੀ ਤੋਂ ਉੱਤਰ ਗਈ ਤੇ ਉਸ ਦੀਆਂ ਕਈ ਬੋਗੀਆਂ ਨੂੰ ਅੱਗ ਲੱਗ ਗਈ। ਫੋਸਟਰ ਕਾਊਂਟੀ ਐਮਰਜੈਂਸੀ ਮੈਨਜਮੈਂਟ ਡਾਇਰੈਕਟਰ ਐਂਡਰੀਊ ਕਿਰਕਿੰਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਮਾਲ ਗੱਡੀ ਫਾਰਗੋ ਦੇ ਉੱਤਰ ਪੱਛਮ ਵਿਚ ਤਕਰੀਬਨ 140 ਮੀਲ ਦੂਰ ਇਕ ਛੋਟੇ ਜਿਹੇ ਕਸਬੇ ਬੋਰਡੂਲੇਸ ਵਿਖੇ ਪੱਟੜੀ ਤੋਂ ਉੱਤਰੀ ਹੈ। ਉਨਾਂ ਕਿਹਾ ਕਿ ਇਹ ਘਟਨਾ ਸਵੇਰੇ 3।30 ਵਜੇ ਤੋਂ ਸਵੇਰੇ 4 ਵਜੇ ਦਰਮਿਆਨ ਵਾਪਰੀ ਹੈ। ਉਨਾਂ ਕਿਹਾ ਕਿ 25 ਤੋਂ 30 ਤੱਕ ਬੋਗੀਆਂ (ਟੈਂਕਰ) ਜਿਨਾਂ ਵਿਚ ਖਤਰਨਾਕ ਤਰਲ ਪਦਾਰਥ ਭਰਿਆ ਹੋਇਆ ਸੀ, ਪੱਟੜੀ ਤੋਂ ਉਤਰੀਆਂ ਹਨ ਜਿਨਾਂ ਨੂੰ ਅੱਗ ਲੱਗਣ ਕਾਰਨ ਨਾਲ ਲੱਗਦੇ ਖੇਤਰ ਵਿਚ ਹਵਾ ਦੀ ਗੁਣਵੱਤਾ ਉਪਰ ਅਸਰ ਪੈਣ ਦੀ ਸੰਭਾਵਨਾ ਹੈ ਜਿਸ ਉਪਰ ਨਜਰ ਰਖੀ ਜਾ ਰਹੀ ਹੈ। ਉੱਤਰੀ ਡਕੋਟਾ ਦੇ ਵਾਤਾਵਰਣ ਗੁਣਵੱਤਾ ਵਿਭਾਗ ਅਨੁਸਾਰ ਗੱਡੀ ਦੀਆਂ ਬੋਗੀਆਂ ਉਪਰ ਐਨਹਾਈਡਰੋਸ ਅਮੋਨੀਆ, ਸਲਫਰ ਤੇ ਮੈਥਾਨੋਲ ਲੱਦੀ ਹੋਈ ਸੀ। ਕਿਰਕਿੰਗ ਨੇ ਕਿਹਾ ਹੈ ਕਿ ਹਾਦਸੇ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਫਿਲਹਾਲ ਹਾਲਾਤ ਆਮ ਵਾਂਗ ਕਰਨ ਦੀ ਕੋਸ਼ਿਸ਼ ਹੋ ਰਹੀ ਹੈ।

## ਅਰੁੰਧਤੀ ਰਾਏ ਤੇ ਪ੍ਰੋ. ਸ਼ੇਖ ਸ਼ੌਕਤ ਹੁਸੈਨ ਉੱਤੇ ਕੇਸ ਮੜਨ ਵਿਰੁੱਧ ਵਿਆਪਕ ਵਿਰੋਧ ਦਾ ਫੈਸਲਾ

### ਤਿੰਨ ਲੋਕ ਵਿਰੋਧੀ ਕਨੂੰਨਾਂ ਦੀਆਂ 1 ਜੁਲਾਈ ਨੂੰ ਕਾਪੀਆਂ ਸਾੜਨ ਅਤੇ ਸੂਬਾਈ ਕਨਵੈਨਸ਼ਨ/ਮੁਜਾਹਰਾ ਜਲੰਧਰ 21 ਜੁਲਾਈ ਨੂੰ

**ਬਰਨਾਲਾ (ਸਤਨਾਮ ਸਿੰਘ ਸਹੂੰਗੜਾ)–** ਤਰਕਸ਼ੀਲ ਭਵਨ ਬਰਨਾਲਾ ਵਿਖੇ 26 ਜੂਨ ਨੂੰ ਜਮਹੂਰੀ ਅਧਿਕਾਰ ਸਭਾ ਤੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਸੱਦੇ ਉੱਤੇ ਪੰਜਾਬ ਦੀਆਂ ਤਿੰਨ ਦਰਜਨ ਤੋਂ ਵਧੇਰੇ ਜਨਤਕ ਜਥੇਬੰਦੀਆਂ ਨੇ ਮੀਟਿੰਗ ਕਰਕੇ ਸੱਦਾ ਦਿੱਤਾ ਕਿ ਅਰੁੰਧਤੀ ਰਾਏ ਅਤੇ ਸ਼ੌਕਤ ਹੁਸੈਨ ਨੂੰ ਨਿਰ-ਅਧਾਰ ਕੇਸ ਵਿੱਚ ਫਸਾਉਣ ਯੂਏਪੀਏ ਮੜ੍ਹਨ ਖਿਲਾਫ ਪੰਜਾਬ ਭਰ ਵਿੱਚ ਸਾਰੇ ਜਿਲ੍ਹਾ/ਤਹਿਸੀਲ ਪੱਧਰ ਉੱਤੇ 1 ਜੁਲਾਈ ਨੂੰ ਫੌਜਦਾਰੀ ਕਨੂੰਨਾਂ ਦੀਆਂ ਕਾਪੀਆਂ ਸਾੜੀਆਂ ਜਾਣਗੀਆਂ। ਮੀਟਿੰਗ ਵਿੱਚ ਇਹ ਫੈਸਲਾ ਵੀ ਕੀਤਾ ਗਿਆ ਕਿ ਅਰੁੰਧਤੀ ਰਾਏ ਅਤੇ ਸ਼ੌਕਤ ਹੁਸੈਨ ਨੂੰ ਝੂਠੇ ਕੇਸ ਵਿੱਚ ਫਸਾਉਣ ਦੇ ਯਤਨਾਂ ਨੂੰ ਪਿਛਲ ਮੋੜਾਂ ਦੇਣ ਲਈ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ 21 ਜੁਲਾਈ ਨੂੰ ਸੂਬਾ ਪੱਧਰੀ ਕਨਵੈਨਸ਼ਨ ਅਤੇ ਮੁਜਾਹਰਾ ਕੀਤਾ ਜਾਵੇਗਾ। ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦੇ ਹੋਏ ਪ੍ਰੋ। ਜਗਮੋਹਨ ਸਿੰਘ ਅਤੇ ਰਾਜਿੰਦਰ ਭਦੌੜ ਨੇ ਕਿਹਾ ਕਿ 26 ਜੂਨ 1975 ਨੂੰ ਐਮਰਜੈਂਸੀ ਐਲਾਨੀ ਗਈ ਸੀ ਪਰ 2014 ਤੋਂ ਅਣਐਲਾਨੀ ਐਮਰਜੈਂਸੀ ਦਾ ਬਦਲਵੇਂ ਰੂਪ ਵਿੱਚ ਦੌਰ ਦਿਨ ਬ ਦਿਨ ਹੋਰ ਤਿੱਖਾ ਹੋ ਰਿਹਾ ਹੈ ਜਿਸ ਦੀ ਉਦਾਹਰਨ ਰੋਲਟ ਐਕਟ ਨੂੰ ਮਾਤ ਪਾਉਂਦੇ ਪਹਿਲੀ ਜੁਲਾਈ ਤੋਂ ਲਾਗੂ ਹੋ ਰਹੇ ਤਿੰਨ ਨਵੇਂ ਫੌਜਦਾਰੀ ਕਨੂੰਨ ਅਤੇ ਕਿਰਤ ਕੋਡ ਹਨ। ਤਿੰਨ ਦਰਜਣ ਤੋਂ ਵੱਧ ਜਥੇਬੰਦੀਆਂ ਦੇ ਪ੍ਰਤੀਨਿਧੀਆਂ ਨੇ ਇਸ ਮੀਟਿੰਗ ਵਿੱਚ ਆਪਣੇ ਵਿਚਾਰ ਪੇਸ਼ ਕਰਦੇ ਹੋਏ ਕਿਹਾ ਕਿ ਭਾਜਪਾ ਹਕੂਮਤ ਲੋਕਾਂ ਉੱਪਰ ਆਰਥਿਕ ਅਤੇ ਫਿਰਕੂ ਫਾਸ਼ੀ ਹੱਲਾ ਬੋਲਣ ਲਈ ਆਪਣਾ ਰਾਹ ਮੋਕਲਾ ਕਰਨ ਵਾਸਤੇ ਲੇਖਕਾਂ, ਬੁੱਧੀਜੀਵੀਆਂ, ਸਾਹਿਤਕਾਰਾਂ, ਕਵੀਆਂ, ਰੰਗ ਕਰਮੀਆਂ, ਤਰਕਸ਼ੀਲਾਂ ਅਤੇ ਜਮਹੂਰੀ ਖੇਤਰ ਦੇ ਵਿਦਵਾਨਾਂ ਨੂੰ ਆਪਣੇ ਚੋਣਵੇਂ ਹੱਲੇ ਦੀ ਮਾਰ ਹੇਠ ਲਿਆ ਕੇ ਲੋਕਾਂ ਦੀ ਅਵਾਜ ਬਣਨ ਵਾਲ਼ੇ ਸੰਵੇਦਨਸ਼ੀਲ ਹਿੱਸਿਆਂ ਨੂੰ ਲੋਕ ਕਾਫਲੇ ਤੋਂ ਅਲੱਗ ਕਰ ਕੇ ਸੀਖਾਂ ਪਿੱਛੇ ਡੱਕ ਕੇ ਜੁਬਾਨਬੰਦੀ ਕਰਨ ਲਈ ਰੱਸੇ ਪੈੜੇ ਵੱਟ ਰਹੀ ਹੈ। ਮੀਟਿੰਗ ਨੇ ਸੱਦਾ ਦਿੱਤਾ ਹੈ ਕਿ ਸਮੂਹ ਲੋਕ ਹਿੱਸੇ ਕੱਲੇ ਕੱਲੇ ਮਾਰ ਖਾਣ ਦੀ ਬਜਾਏ ਤੁਰੰਤ ਇਹਨਾਂ ਬੁੱਧੀਜੀਵੀਆਂ ਦੀ ਪਿੱਠ ’ਤੇ ਖੜ੍ਹਨ, ਕਾਲ਼ੇ ਕਨੂੰਨ ਮੋੜ ਕੇ ਜੇਬ ਵਿੱਚ ਪਵਾਉਣ ਲਈ ਵਿਸ਼ਾਲ ਜਨਤਕ ਲਾਮਬੰਦੀ ਕਰਨ ਨਹੀਂ ਤਾਂ ਭਾਜਪਾ ਹਕੂਮਤ ਵਾਰੋ ਵਾਰੀ ਸਭ ਨੂੰ ਆਪਣੀ ਮਾਰ ਹੇਠ ਲਿਆਏਗੀ। ਮੀਟਿੰਗ ’ਚ ਜਮਹੂਰੀ ਅਧਿਕਾਰ ਸਭਾ ਪੰਜਾਬ, ਤਰਕਸ਼ੀਲ ਸੁਸਾਇਟੀ ਪੰਜਾਬ, ਪੰਜਾਬ ਲੋਕ ਸੱਭਿਆਚਾਰਕ ਮੰਚ, ਪੰਜਾਬੀ ਸਾਹਿਤ ਅਕੈਡਮੀ, ਲੁਧਿਆਣਾ, ਪ੍ਰਗਤਸ਼ੀਲ ਲੇਖਕ ਸੰਘ, ਡੈਮੋਕਰੈਟਿਕ ਟੀਚਰਜ ਫਰੰਟ ਪੰਜਾਬ, ਡੈਮੋਕਰੇਟਿਕ ਮੁਲਾਜਮ ਫੈਡਰੇਸ਼ਨ, ਨੌਜਵਾਨ ਭਾਰਤ ਸਭਾ, ਮਜਦੂਰ ਮੁਕਤੀ ਮੋਰਚਾ, ਪੰਜਾਬ ਖੇਤ ਮਜਦੂਰ ਯੂਨੀਅਨ, ਪੰਜਾਬ ਸਟੂਡੈਂਟਸ ਫੈਡਰੇਸ਼ਨ, ਕਿਰਤੀ ਕਿਸਾਨ ਯੂਨੀਅਨ, ਜਮਹੂਰੀ ਕਿਸਾਨ ਸਭਾ ਪੰਜਾਬ, ਬੀਕੇਯੂ ਕਰਾਂਤੀਕਾਰੀ, ਬੀਕੇਯੂ ਏਕਤਾ ਉਗਰਾਹਾਂ, ਬੀਕੇਯੂ ਏਕਤਾ ਡਕੌਂਦਾ ਧਨੇਰ, ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਪੰਜਾਬ ਕਿਸਾਨ ਯੂਨੀਅਨ, ਪਿੰਡ ਬਚਾਓ ਪੰਜਾਬ ਬਚਾਓ, ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ, ਟੈਕਨੀਕਲ ਸਰਵਿਸ ਯੂਨੀਅਨ ਭੰਗਲ, ਕ੍ਰਾਂਤੀਕਾਰੀ ਪੇਂਡੂ ਮਜਦੂਰ ਯੂਨੀਅਨ, ਇਸਤਰੀ ਜਾਗ੍ਰਿਤੀ ਮੰਚ, ਪੰਜਾਬ ਸਟੂਡੈਂਟਸ ਯੂਨੀਅਨ, ਪੀ-ਐਸਪੀਸੀਐਲ ਫੈਡਰੇਸ਼ਨ ਏਟਕ, ਦਲਿਤ ਤੇ ਮਜਦੂਰ ਮੁਕਤੀ ਮੋਰਚਾ, ਦੇਸ਼ਭਗਤ ਯਾਦਗਾਰ ਕਮੇਟੀ ਜਲੰਧਰ, ਕ੍ਰਾਂਤੀਕਾਰੀ ਪੇਂਡੂ ਮਜਦੂਰ ਯੂਨੀਅਨ ਪੰਜਾਬ, ਪੰਜਾਬ ਰੈਡੀਕਲ ਸਟੂਡੈਂਟਸ ਯੂਨੀਅਨ, ਡੀਟੀਐਫ, ਨੌਜਵਾਨ ਭਾਰਤ ਸਭਾ, ਪੀਐਸਯੂ ਲਲਕਾਰ, ਕਾਰਖਾਨਾ ਮਜਦੂਰ ਯੂਨੀਅਨ, ਟੈਕਸਟਾਇਲ ਹੌਜਰੀ ਕਾਮਗਾਰ ਯੂਨੀਅਨ (ਸਹਿਮਤੀ ਸੁਨੇਹਾ), ਪੇਂਡੂ ਮਜ਼ਦੂਰ ਯੂਨੀਅਨ ਮਸ਼ਾਲ (ਸਹਿਮਤੀ ਸੁਨੇਹਾ), ਪੀਐਸਯੂ ਸ਼ਹੀਦ ਰੰਧਾਵਾ, ਖੇਤੀਬਾੜੀ ਕਿਸਾਨ ਵਿਕਾਸ ਫਰੰਟ, ਪੀਐਸਪੀਸਐਲ ਪੈਨਸ਼ਨਰਜ ਯੂਨੀਅਨ, ਨੌਜਵਾਨ ਭਾਰਤ ਸਭਾ, ਅਦਾਰਾ ਤਰਕਸ਼, ਵਰਗ ਚੇਤਨਾ ਮੰਚ, ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸ਼ੀਏਸ਼ਨ, ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ, ਆਈਸਾ, ਬਾਬਾ ਜੀਵਨ ਸਿੰਘ ਸਟੂਡੈਂਟ ਲੀਗ, ਇਨਕਲਾਬੀ ਮਜਦੂਰ ਕੇਂਦਰ (ਸਹਿਮਤੀ), ਪੇਂਡੂ ਮਜਦੂਰ ਯੂਨੀਅਨ ਆਦਿ ਜਥੇਬੰਦੀਆਂ ਸ਼ਾਮਲ ਹੋਈਆਂ। ਸ਼ਹੀਦ ਭਗਤ ਵਿਚਾਰ ਮੰਚ (ਆਰਸੀਐਫ ਕਪੂਰਥਲਾ) ਤੇ ਇਨਕਲਾਬੀ ਮਜਦੂਰ ਕੇਂਦਰ ਨੇ ਸਹਿਮਤੀ ਭੇਜੀ ਹੈ।



## ਕੁੱਤਿਆਂ ਨੇ ਇਕ ਔਰਤ ਨੂੰ ਨੋਚ ਨੋਚ ਮਾਰਿਆ, ਪੁਲਿਸ ਦੀ ਗੋਲੀ ਨਾਲ ਇਕ ਕੁੱਤਾ ਜ਼ਖਮੀ

**ਸੈਕਰਾਮੈਂਟੋ, ਕੈਲੀਫੋਰਨੀਰਆ (ਹੁਸਨ ਲੜੋਆ ਬੰਗਾ)–** ਪੱਛਮੀ ਟੈਨੇਸੀ ਰਾਜ ਵਿਚ 2 ਕੁੱਤਿਆਂ ਵੱਲੋਂ ਇਕ ਔਰਤ ਨੂੰ ਨੋਚ ਨੋਚ ਕੇ ਮਾਰ ਦੇਣ ਦੀ ਖਬਰ ਹੈ। ਅਧਿਕਾਰੀਆਂ ਨੇ ਕਿਹਾ ਹੈ ਕਿ ਮੌਕੇ 'ਤੇ ਪੁੱਜੇ ਪੁਲਿਸ ਅਫਸਰ ਵੱਲੋਂ ਚਲਾਈ ਗੋਲੀ ਨਾਲ ਇਕ ਕੁੱਤਾ ਜ਼ਖਮੀ ਹੋ ਗਿਆ। ਮੌਕੇ ਤੋਂ ਫਰਾਰ ਹੋਏ ਦੋਨਾਂ ਕੁੱਤਿਆਂ ਨੂੰ ਬਾਅਦ ਵਿਚ ਕਾਬੂ ਕਰ ਲਿਆ ਗਿਆ। ਅਜੇ ਤੱਕ ਇਹ ਪਤਾ ਨਹੀਂ ਲੱਗਾ ਕਿ ਕੁੱਤਿਆਂ ਦਾ ਮਾਲਕ ਕੌਣ ਹੈ। ਇਹ ਘਟਨਾ ਹਾਰਡਮਨ ਕਾਊਂਟੀ ਵਿਚ ਮੈਮਫਿਸ ਤੋਂ ਤਕਰੀਬਨ 70 ਮੀਲ ਦੂਰ ਉੱਤਰ ਪੂਰਬ ਦੇ ਬੋਲੀਵਰ ਸ਼ਹਿਰ ਵਿੱਚ ਵਾਪਰੀ। ਬੋਲੀਵਰ ਪੁਲਿਸ ਵਿਭਾਗ ਅਨੁਸਾਰ ਉਨਾਂ ਨੂੰ ਬੀਤੇ ਦਿਨ ਦੁਪਹਿਰ 1।30 ਵਜੇ ਸੂਚਨਾ ਮਿਲੀ ਸੀ ਕਿ ਇਕ ਔਰਤ ਦੇ ਖੂਨ ਵਹਿ ਰਿਹਾ ਹੈ। ਮੌਕੇ 'ਤੇ ਪੁੱਜੇ ਪੁਲਿਸ ਅਫਸਰਾਂ ਨੂੰ ਔਰਤ ਗੰਭੀਰ ਹਾਲਤ ਵਿਚ ਮਿਲੀ ਜਿਸ ਨੂੰ ਸਪੱਸ਼ਟ ਤੌਰ 'ਤੇ ਜਗਾ ਜਗਾ ਤੋਂ ਕੁੱਤਿਆਂ ਨੇ ਨੋਚਿਆ ਹੋਇਆ ਸੀ। 2 ਕੁੱਤੇ ਮੌਕੇ 'ਤੇ ਇਧਰ ਉਧਰ ਘੁੰਮ ਰਹੇ ਸਨ ਜਿਨਾਂ ਵਿਚੋਂ ਇਕ ਪੁਲਿਸ ਦੀ ਗੋਲੀ ਨਾਲ ਜ਼ਖਮੀ ਹੋ ਗਿਆ। ਔਰਤ ਦੀ ਪਛਾਣ ਥਰੇਸਾ ਰੋਡਸ ਵਜੋਂ ਹੋਈ ਹੈ ਜਿਸ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਉਹ ਦਮ ਤੋੜ ਗਈ।






### ਸ਼ਹੀਦੀ ਦਿਨ 'ਤੇ ਵਿਸ਼ੇਸ਼

# ਲਾਸਾਨੀ ਸ਼ਹੀਦ ਭਾਈ ਮਨੀ ਸਿੰਘ ਜੀ





ਡਾ. ਚਰਨਜੀਤ ਗੁਮਟਾਲਾ
91-94175-33060

ਸਿੱਖ ਧਰਮ ਦਾ ਇਤਿਹਾਸ ਲਹੂ ਦੀ ਸਿਆਹੀ ਨਾਲ ਲਿਖਿਆ ਗਿਆ ਹੈ ਕਿਉਂਕਿ ਸੱਚੇ ਧਰਮ ਦੀ ਸਥਾਪਨਾ ਲਈ ਜੋ ਔਕੜਾਂ ਸਿੱਖਾਂ ਨੂੰ ਸਹਿਣੀਆਂ ਪਈਆਂ, ਅਤੇ ਜਿਸ ਉਤਸ਼ਾਹ ਅਤੇ ਚਾਅ ਨਾਲ ਸਿੱਖਾਂ ਨੂੰ ਦੇਸ਼ ਅਤੇ ਧਰਮ ਤੋਂ ਕੁਰਬਾਨ ਹੋਣਾ ਪਿਆ, ਸ਼ਾਇਦ ਉਸ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿੱਚੋਂ ਲੱਭਣੀ ਮੁਸ਼ਕਿਲ ਹੋਵੇ। ਭਾਈ ਮਨੀ ਸਿੰਘ ਸਿੱਖ ਸ਼ਹੀਦਾਂ ਦੀ ਮਾਲਾ ਦਾ ਇੱਕ ਅਦੁੱਤੀ ਮੋਤੀ ਹੈ ਜਿਸ ਨੇ ਆਪਣੇ ਬੰਦ ਬੰਦ ਕਟਵਾ ਕੇ ਸੰਕਟ-ਕਾਲ ਵਿੱਚ ਸਿੱਖ ਧਰਮ ਦੀ ਸ਼ਾਨ ਅਤੇ ਗੌਰਵ ਨੂੰ ਕਾਇਮ ਰੱਖਿਆ। ਭਾਈ ਮਨੀ ਸਿੰਘ ਦਾ ਚਰਿੱਤਰ ਆਤਮ-ਉਤਸਰਗੀ ਸਾਧਕਾਂ ਅਤੇ ਧਰਮ ਦੇ ਜਿਗਿਆਸੂਆਂ ਲਈ ਇੱਕ ਚਾਨਣ ਮੁਨਾਰਾ ਹੈ, ਜਿਸ ਦੀਆਂ ਚਰਿੱਤਰਗਤ ਵਿਸ਼ਿਸ਼ਟਤਾਵਾਂ ਦਾ ਅਨੁਕਰਣ ਕਰਕੇ ਕੋਈ ਵੀ ਧਰਮ-ਸਾਧਕ ਧੰਨ ਹੋ ਸਕਦਾ ਹੈ।

ਭਾਈ ਮਨੀ ਸਿੰਘ ਜੀ ਦਾ ਜਨਮ ਸੁਨਾਮ ਦੇ ਨੇੜੇ ਪਿੰਡ ਕੈਬੋਵਾਲ, 1701 ਬਿ. ਨੂੰ ਐਤਵਾਰ ਚੇਤਰ ਸੁਦੀ ਬਾਰ੍ਹਵੀਂ (10 ਮਾਰਚ 1662 ਈ. )ਨੂੰ ਮਾਈ ਦਾਸ ਤੇ ਮਾਤਾ ਮਧੁਰੀ ਬਾਈ ਦੇ ਗ੍ਰਹਿ ਵਿੱਚ ਹੋਇਆ।ਮਾਤਾ ਪਿਤਾ ਨੇ ਇਨ੍ਹਾਂ ਦਾ ਨਾਮ ਮਨੀਆ ਰਖ ਦਿੱਤਾ। ਆਪ ਦੇ ਵੱਡੇ ਵਡੇਰੇ ਮੁਗਲਾਂ ਦੀ ਨੌਕਰੀ ਕਰਦੇ ਸਨ ਜੋ ਗੁਰੂ ਹਰਗੋਬਿੰਦ ਸਾਹਿਬ ਦੇ ਦਰਸ਼ਨ ਕਰਨ ਤੋਂ ਬਾਅਦ ਸਿੱਖ ਹੋਏ ਤੇ ਉਨ੍ਹਾਂ ਦੀ ਸੇਵਾ ਵਿੱਚ ਰਹਿਣ ਲੱਗੇ। ਆਪ ਦੇ ਦਾਦਾ ਜੋ ਬਹੁਤ ਸੂਰਬੀਰ ਯੋਧਾ ਸਨ ਗੁਰੂ ਹਰਗੋਬਿੰਦ ਸਾਹਿਬ ਦੀ ਫੌਜ ਦੇ ਜਰਨੈਲ ਰਹਿ ਚੁੱਕੇ ਸਨ। ਭਾਈ ਮਨੀ ਸਿੰਘ, ਕੁਲ ਮਿਲਾ ਕੇ 12 ਭਰਾ ਸੀ। ਜਿਨ੍ਹਾਂ ਵਿੱਚੋਂ ਇੱਕ ਦੀ ਬਚਪਨ ਵਿੱਚ ਹੀ ਮੌਤ ਹੋ ਗਈ, ਗਿਆਰਾਂ ਭਰਾ ਪੰਥ ਲਈ ਸ਼ਹੀਦ ਹੋਏ ਜਿਨ੍ਹਾਂ ਵਿੱਚੋਂ ਇੱਕ ਭਾਈ ਦਿਆਲਾ ਚਾਂਦਨੀ ਚੌਂਕ ਵਿਖੇ ਗੁਰੂ ਤੇਗ ਬਹਾਦਰ ਸਾਹਿਬ ਨਾਲ ਸ਼ਹੀਦ ਹੋਇਆ। ਇਹ ਪਰਿਵਾਰ ਸ਼ਹੀਦਾਂ ਦਾ ਪਰਿਵਾਰ ਕਿਹਾ ਜਾਂਦਾ ਹੈ ਕਿਉਂਕਿ ਇਕੱਲੇ ਭਾਈ ਮਨੀ ਸਿੰਘ ਦੇ ਪਰਿਵਾਰ ਵਿੱਚ ਭਾਈ ਮਨੀ ਸਿੰਘ ਜੀ ਦਾ ਦਾਦਾ ਸ਼ਹੀਦ, ਉਨ੍ਹਾਂ ਸਮੇਤ ਇਹ 11 ਭਰਾ ਸਹੀਦ, 10 ਪੁੱਤਰਾਂ ਵਿੱਚੋਂ 7 ਪੁਤਰ ਤੇ ਅਗੋਂ ਭਰਾਵਾਂ ਦੇ ਪੁੱਤਰ ਕੁਲ ਮਿਲਾ 29 ਸ਼ਹੀਦ ਹੋਏ ਹਨ।

13 ਵਰ੍ਹਿਆਂ ਦੀ ਆਯੂ ਵਿੱਚ ਮਨੀ ਸਿੰਘ ਆਪਣੇ ਪਿਤਾ ਦੇ ਸੰਗ ਸੱਤਵੇਂ ਗੁਰੂ ਹਰਿ ਰਾਇ ਸਾਹਿਬ ਦੇ ਦਰਸ਼ਨ ਲਈ ਕੀਰਤਪੁਰ ਆਏ ਤੇ ਗੁਰੂ ਦਰਬਾਰ ਵਿੱਚ ਦੋ ਵਰ੍ਹੇ ਰਹੇ। ਸਾਰਮੌਰ (ਸਿਰਮੌਰ) ਦੇ ਰਾਜੇ ਫਤਹ ਸ਼ਾਹ ਨੇ 1745 ਬਿ. (ਸੰਨ 1688) ਦੇ 18 ਅਸੂ ਨੂੰ ਗੁਰੂ ਜੀ ਉਪਰ ਧਾਵਾ ਕੀਤਾ ਤਾਂ ਗੁਰੂ ਜੀ ਦੇ ਜਿਨ੍ਹਾਂ ਨਾਮੀ ਸਿੱਖਾਂ ਨੇ ਇਸ ਭੰਗਾਣੀ ਦੇ ਪ੍ਰਸਿੱਧ ਯੁੱਧ ਵਿੱਚ ਹਿੱਸਾ ਲਿਆ, ਉਨ੍ਹਾਂ ਵਿੱਚ ਭਾਈ ਮਨੀ ਸਿੰਘ ਦਾ ਨਾਂ ਵਿਸ਼ੇਸ਼ ਉਲੇਖਯੋਗ ਹੈ।

ਕਹਿਲੂਰ ਦੇ ਰਾਜੇ ਭੀਮ ਚੰਦ ਨੇ ਸੰਕਟ ਬਣਨ 'ਤੇ ਗੁਰੂ ਜੀ ਨੂੰ ਸਹਾਇਤਾ ਦੇਣ ਦੀ ਪ੍ਰਾਰਥਨਾ ਕੀਤੀ। ਗੁਰੂ ਜੀ ਨਦੌਣ ਸਾਹਿਬ ਲਈ ਗਏ। ਸੰਮਤ 1747 ਸੰਨ 1691 ਦੇ ਚੇਤਰ ਮਹੀਨੇ ਦੀ 22 ਨੂੰ ਹੋਏ ਨਦੌਣ ਯੁੱਧ ਵਿੱਚ ਭਾਈ ਮਨੀ ਸਿੰਘ ਸਮੇਤ ਚੋਣਵੇਂ ਸਿੱਖ ਸ਼ਾਮਲ ਹੋਏ। ਨਦੌਣੋਂ ਪਰਤਣ 'ਤੇ ਭਾਈ ਮਨੀ ਸਿੰਘ ਦੇ ਸਿੱਖੀ ਸਿਦਕ ਤੋਂ ਪ੍ਰਸੰਨ ਹੋ ਕੇ ਦਸਮ ਗੁਰੂ ਜੀ ਨੇ ਭਾਈ ਮਨੀ ਸਿੰਘ ਨੂੰ ਗੁਰੂ ਦਰਬਾਰ ਦੀ ਦੀਵਾਨਗੀ ਦੀ ਪਦਵੀ ਬਖਸ਼ੀ।

ਸੰਮਤ 1783 ਦੀ ਵਿਸਾਖੀ ਨੂੰ ਗੁਰੂ ਜੀ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ। ਉਸ ਸਮੇਂ ਭਾਈ ਮਨੀ ਸਿੰਘ ਦੇ ਨਾਲ ਉਨ੍ਹਾਂ ਦੇ ਦੋ ਭਰਾਵਾਂ ਤੇ ਪੰਜ ਪੁੱਤਰਾਂ ਨੇ ਅੰਮ੍ਰਿਤ ਪਾਨ ਕੀਤਾ ਤੇ ਉਹ ਮਨੀ ਰਾਮ ਤੋਂ ਮਨੀ ਸਿੰਘ ਬਣ ਗਏ।ਸੰਮਤ 1752 ਬਿ. (1695 ਈ.) ਵਿੱਚ ਹੁਸੈਨ ਖ਼ਾਨ ਨਾਲ ਹੋਏ ਯੁੱਧ ਵਿੱਚ ਗੁਰੂ ਜੀ ਦੇ ਨਾਲ ਆਪ ਨੇ ਵੀ ਜੌਹਰ ਦਿਖਾਏ। ਦਰਬਾਰ ਸਾਹਿਬ ਅੰਮ੍ਰਿਤਸਰ ਕੁਝ ਸਾਲਾਂ ਬਾਅਦ ਜਦ ਸੋਢੀ ਹਰਿ ਜੀ ਦੀ ਮੌਤ ਹੋ ਗਈ ਤਾਂ ਉਸਦਾ ਪੁੱਤਰ ਸੋਢੀ ਨਿਰੰਜਨ ਰਾਇ ਗੱਦੀ 'ਤੇ ਬੈਠਾ ।ਉਸ ਦੀ ਸ਼ਕਾਇਤ ਸੰਗਤ ਨੇ ਗੁਰੂ ਗੋਬਿੰਦ ਸਿੰਘ ਨੂੰ ਆਨੰਦਪੁਰ ਸਾਹਿਬ ਆ ਕੀਤੀ। ਸਿੱਟੇ ਵਜੋਂ ਗੁਰੂ ਜੀ ਨੇ ਅਕਾਲ ਬੁੰਗੇ ਅਤੇ ਹਰਿਮੰਦਰ ਸਾਹਿਬ ਦੀ ਸੇਵਾ ਕਰਨ ਲਈ ਆਪ ਨੂੰ ਪੰਜ ਸਿਦਕੀ ਸਿੰਘਾਂ-ਭਪਤਿ ਸਿੰਘ, ਗੁਲਜ਼ਾਰ ਸਿੰਘ, ਕੋਇਰ ਸਿੰਘ, ਦਾਨ ਸਿੰਘ ਅਤੇ ਕੀਰਤ ਸਿੰਘ-ਸਹਿਤ ਸੰਗਤ ਨਾਲ ਅੰਮ੍ਰਿਤਸਰ ਦੀ ਵਿਵਸਥਾ ਠੀਕ ਕਰਨ ਲਈ ਭੇਜਿਆ। ਆਪ ਨੇ ਅੰਮ੍ਰਿਤਸਰ ਪਹੁੰਚ ਕੇ ਮੀਣਿਆਂ ਵਲੋਂ ਪਾਈਆਂ ਕੁਪ੍ਰਥਾਵਾਂ ਨੂੰ ਦੂਰ ਕੀਤਾ ਅਤੇ ਸਿੱਖੀ ਦੀ ਮਰਯਾਦਾ ਨੂੰ ਫਿਰ ਤੋਂ ਭਰਪੂਰ ਰੂਪ ਵਿੱਚ ਪ੍ਰਚੱਲਿਤ ਕੀਤਾ।

ਬੰਦਾ ਬਹਾਦਰ ਦੀ ਸ਼ਹੀਦੀ ਤੋਂ ਛੇ ਸਾਲ ਪਿੱਛੋਂ ਸਿੱਖਾਂ ਦੇ ਦੋ ਧੜੇ ਬਣ ਗਏ। ਇੱਕ ਧੜਾ ਅਕਾਲ ਪੁਰਖੀਆਂ (ਤੱਤ ਖਾਲਸਾ-ਨਿਹੰਗ ਸਿੰਘਾਂ) ਦਾ ਸੀ ਜੋ ਦਸਮ ਪਾਤਸ਼ਾਹ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਦਾ ਸੀ। ਦੂਜਾ ਧੜਾ ਬੰਦਈ ਖਾਲਸਾ ਸੀ ਜੋ ਬਾਬਾ ਬੰਦਾ ਸਿੰਘ ਬਹਾਦਰ ਨੂੰ

**(ਬਾਕੀ ਸਫਾ 22 'ਤੇ)**

# ਸਥਾਨਕ ਸਰਕਾਰਾਂ ਦੀ ਹੋਂਦ ਨੂੰ ਖ਼ਤਰਾ ਚਿੰਤਾਜਨਕ



ਗੁਰਮੀਤ ਪਲਾਹੀ
91-98158-02070

ਪੰਜਾਬ 'ਚ ਲੋਕਾਂ ਵਲੋਂ ਪਿੰਡ ਪੰਚਾਇਤਾਂ, ਬਲਾਕ ਸੰਮਤੀਆਂ, ਜ਼ਿਲਾ ਪ੍ਰੀਸ਼ਦਾਂ ਦੀਆਂ ਚੋਣਾਂ ਲਈ ਤਾਰੀਖ ਉਡੀਕੀ ਜਾ ਰਹੀ ਹੈ। ਇਹਨਾਂ ਦੀ ਪੰਜ ਸਾਲ ਦੀ ਮਿਆਦ ਪੂਰੀ ਹੋ ਚੁੱਕੀ ਹੈ। ਪਿੰਡਾਂ 'ਚ ਸਥਾਨਕ ਸਰਕਾਰ ਕਹਾਉਂਦੀਆਂ ਪੰਚਾਇਤਾਂ ਦੀ ਇਸ ਸਮੇਂ ਅਣਹੋਂਦ ਕਾਰਨ ਵਿਕਾਸ ਕਾਰਜ ਠੱਪ ਪਏ ਹਨ, ਪੇਂਡੂ ਆਮਦਨ ਦਾ ਮੁੱਖ ਸਰੋਤ ਪੰਚਾਇਤ ਜ਼ਮੀਨਾਂ ਦੇ ਠੇਕੇ ਸਿਰੇ ਨਾ ਚੜ੍ਹਨ ਕਾਰਨ ਪਹਿਲਾਂ ਹੀ ਵਿੱਤੀ ਤੌਰ 'ਤੇ ਕੰਮਜ਼ੋਰ ਪੰਚਾਇਤਾਂ ਦੀ ਆਮਦਨ ਸੁੰਗੜ ਗਈ ਹੈ। ਸਫ਼ਾਈ ਪ੍ਰਬੰਧ ਤੇ ਬੁਨਿਆਦੀ ਢਾਂਚੇ ਦੀ ਸੰਭਾਲ ਚਰਮਰਾ ਗਈ ਹੈ। ਲੋਕਾਂ ਦੇ ਆਪਣੇ ਰੋਜ਼ਾਨਾ ਕੰਮਾਂ ਲਈ ਤਸਦੀਕ ਕਰਾਉਣ ਦੇ ਕੰਮ 'ਚ ਵਿਘਨ ਪੈ ਰਿਹਾ ਹੈ।

ਬਾਵਜੂਦ ਇਸ ਗੱਲ ਦੇ ਕਿ ਪਿੰਡ ਪੰਚਾਇਤਾਂ ਦੇ ਲਗਭਗ ਸਮੁੱਚੇ ਅਧਿਕਾਰ ਪੰਚਾਇਤ ਅਧਿਕਾਰੀਆਂ, ਸਥਾਨਕ ਵਿਧਾਇਕਾਂ, ਕਰਮਚਾਰੀਆਂ ਨੇ ਆਪਣੇ ਹੱਥ ਕਰਕੇ ਪੰਚਾਇਤਾਂ ਬਲਾਕ ਸੰਮਤੀਆਂ, ਜ਼ਿਲਾ ਪ੍ਰੀਸ਼ਦਾਂ ਨੂੰ ਪੰਗੂ ਬਣਾ ਦਿੱਤਾ ਹੋਇਆ ਹੈ, ਫਿਰ ਵੀ ਲੋਕ ਸਥਾਨਕ ਸਰਕਾਰ ਭਾਵ ਪੰਚਾਇਤ ਦੀ ਲੋੜ ਮਹਿਸੂਸ ਕਰਦੇ ਹਨ, ਕਿਉਂਕਿ ਪੰਚਾਇਤਾਂ ਮਾਨਸਿਕ ਤੌਰ 'ਤੇ ਉਹਨਾ ਦੇ ਦਿਲੋ-ਦਿਮਾਗ ਨਾਲ ਜੁੜੀਆਂ ਹੋਈਆਂ ਹਨ 'ਤੇ ਉਹ ਕਿਸੇ ਵੀ ਮੁਸੀਬਤ ਵੇਲੇ ਇਸ ਤੋਂ ਆਸਰਾ ਭਾਲਦੇ ਹਨ।

ਪੰਜਾਬ 'ਚ ਸ਼ਹਿਰੀ ਸੰਸਥਾਵਾਂ ਨਗਰ ਕਾਰਪੋਰੇਸ਼ਨਾਂ ਮਿਆਦ ਪੁਗਣ ਉਪਰੰਤ ਚੋਣਾਂ ਉਡੀਕ ਰਹੀਆਂ ਹਨ ਤੇ ਇਹਨਾ ਸ਼ਹਿਰਾਂ ਜਲੰਧਰ, ਫਗਵਾੜਾ, ਪਟਿਆਲਾ, ਲੁਧਿਆਣਾ, ਅੰਮ੍ਰਿਤਸਰ ਦੇ ਵਿਕਾਸ ਕਾਰਜ ਵੀ ਸਰਕਾਰੀ ਅਫ਼ਸਰਾਂ ਦੇ ਰਹਿਮੋ-ਕਰਮ 'ਤੇ ਹਨ।

ਦੇਸ਼ ਦੇ ਲੋਕਤੰਤਰੀ ਢਾਂਚੇ ਵਿੱਚ ਸਥਾਨਕ ਸਰਕਾਰਾਂ ਦਾ ਰੋਲ ਅਤੇ ਮਹੱਤਵ ਕਿਸੇ ਸਮੇਂ ਵੱਡਾ ਗਿਣਿਆ ਜਾਂਦਾ ਸੀ। ਸਿਆਸੀ ਧਿਰਾਂ ਤੇ ਹਾਕਮ, ਆਮ ਲੋਕਾਂ ਦੇ ਸਥਾਨਕ ਨੁਮਾਇੰਦਿਆਂ ਨੂੰ ਸਿਰ ਅੱਖਾਂ 'ਤੇ ਬਿਠਾਇਆ ਕਰਦੇ ਸਨ, ਉਹਨਾ ਦੇ ਵਿਚਾਰਾਂ ਦੀ ਕਦਰ ਕਰਿਆ ਕਰਦੇ ਸਨ ਅਤੇ ਨੀਤੀਗਤ ਫ਼ੈਸਲਿਆਂ 'ਚ ਉਹਨਾ ਦਾ ਵੱਡਾ ਹਿੱਸਾ ਹੋਇਆ ਕਰਦਾ ਸੀ।

ਦੇਸ਼ 'ਚ ਵੋਟ ਰਾਜਨੀਤੀ ਨੇ ਜਿਵੇਂ-ਜਿਵੇਂ ਤਾਕਤ ਦਾ ਕੇਂਦਰੀਕਰਨ ਕਰਕੇ ਤਾਕਤਾਂ ਕੁਝ ਹੱਥਾਂ 'ਚ ਸਮੇਟ ਦਿੱਤੀਆਂ, ਤਿਵੇਂ ਤਿਵੇਂ ਪਹਿਲਾਂ ਰਾਜਾਂ ਦੇ ਅਧਿਕਾਰਾਂ ਨੂੰ ਛਾਂਗਿਆ ਗਿਆ ਅਤੇ ਫਿਰ ਸਥਾਨਕ ਸਰਕਾਰਾਂ ਭਾਵ ਮਿਊਂ-ਸਪਲ ਕਾਰਪੋਰੇਸ਼ਨਾਂ, ਮਿਊਂਸਪਲ ਕੌਂਸਲਾਂ, ਕਮੇਟੀਆਂ, ਪੰਚਾਇਤਾਂ, ਪੰਚਾਇਤ ਸੰਮਤੀਆਂ ਅਤੇ ਜ਼ਿਲਾ ਪ੍ਰੀਸ਼ਦਾਂ ਦੇ ਅਧਿਕਾਰਾਂ ਨੂੰ ਹਥਿਆ ਲਿਆ ਗਿਆ। ਅੱਜ ਦੇਸ਼ ਦੇ ਬਹੁਤੇ ਸੂਬਿਆਂ 'ਚ ਸਥਾਨਕ ਸਰਕਾਰਾਂ ਦੇ ਹਾਲਾਤ ਤਰਸਯੋਗ ਬਣੇ ਹੋਏ ਹਨ। ਇਹ ਹਾਲਤ ਬਨਾਉਣ ਲਈ ਜ਼ੁੰਮੇਵਾਰ ਹਨ, ਸੰਸਦ ਮੈਂਬਰ ਅਤੇ ਵਿਧਾਇਕ, ਜਿਹਨਾ ਨੇ ਪੰਚਾਇਤਾਂ ਨੂੰ ਆਪਣੇ ਸਿਆਸੀ ਮੰਤਵ ਲਈ ਵਰਤਿਆ, ਉਹਨਾ ਦੇ ਵਧੇਰੇ ਅਧਿਕਾਰ ਸਰਕਾਰੀ ਅਧਿਕਾਰੀਆਂ ਰਾਹੀਂ ਆਪਣੀ ਮੁੱਠੀ 'ਚ ਕਰ ਲਏ।

ਸਾਲ 1992 'ਚ ਸੰਵਿਧਾਨ 'ਚ 73ਵੀਂ ਸੋਧ ਕਰਦਿਆਂ ਪਿੰਡ ਪੰਚਾਇਤਾਂ ਨੂੰ ਸਥਾਨਕ ਸਰਕਾਰਾਂ ਮੰਨਦਿਆਂ, ਸਰਕਾਰੀ ਮਹਿਕਮਿਆਂ ਦੇ ਕੰਮਕਾਰ ਨੂੰ ਚੈਕ ਕਰਨ, ਆਦਿ ਦੇ ਅਧਿਕਾਰ ਤਾਂ ਦਿੱਤੇ ਹੀ, ਗ੍ਰਾਮ ਸਭਾ ਦੀ ਸਥਾਪਨਾ ਸਮੇਤ ਤਿੰਨ ਟਾਇਰੀ ਪੰਚਾਇਤ ਸੰਸਥਾਵਾਂ ਦੀ ਵਿਵਸਥਾ ਵੀ ਕਰ ਦਿੱਤੀ ਤਾਂ ਕਿ ਸਥਾਨਕ ਸਰਕਾਰਾਂ ਭਾਵ ਪੰਚਾਇਤਾਂ, ਪੰਚਾਇਤ ਸੰਮਤੀਆਂ ਅਤੇ ਜ਼ਿਲਾ ਪ੍ਰੀਸ਼ਦਾਂ ਰਾਹੀ ਕੰਮ ਕਾਰ ਕਰਨ ਲਗਭਗ 29 ਮਹਿਕਮੇ ਵੀ ਇਹਨਾ ਪੰਚਾਇਤੀ ਸੰਸਥਾਵਾਂ ਦੇ ਅਧੀਨ ਕਰ ਦਿੱਤੇ ਅਤੇ ਇਹ ਵੀ ਤਹਿ ਹੋਇਆ ਕਿ ਪੰਚਾਇਤ ਸੰਸਥਾਵਾਂ ਦੀਆਂ ਚੋਣਾਂ ਵਿਧਾਨ ਸਭਾਵਾਂ ਦੀਆਂ ਚੋਣਾਂ ਵਾਂਗਰ ਹਰ ਪੰਜ ਵਰ੍ਹਿਆਂ ਬਾਅਦ ਕਰਵਾਈਆਂ ਜਾਣ।

ਇਸ ਤਰ੍ਹਾਂ ਕਰਨ ਨਾਲ ਸਥਾਨਕ ਸਰਕਾਰਾਂ ਭਾਵ ਪੰਚਾਇਤ ਸੰਸਥਾਵਾਂ ਦਾ ਸੰਵਿਧਾਨਿਕ ਅਧਾਰ ਬਣ ਗਿਆ। ਇਸ ਅਧੀਨ ਸਥਾਨਿਕ ਸਰਕਾਰਾਂ ਵਿੱਚ ਔਰਤਾਂ, ਅਨੁਸੂਚਿਤ ਜਾਤੀਆਂ ਲਈ ਰਾਖਵਾਂਕਰਨ ਕਰ ਦਿੱਤਾ ਗਿਆ। ਕਰਨਾਟਕ, ਆਂਧਰਾ ਪ੍ਰਦੇਸ਼, ਪੰਜਾਬ ਆਦਿ ਦੇਸ਼ ਦੇ ਕਈ ਸੂਬਿਆਂ ਨੇ ਇਸ ਸੋਧ ਨੂੰ ਪ੍ਰਵਾਨ ਕਰਦਿਆਂ ਇਸ ਸੋਧ 'ਤੇ ਅਮਲ ਸ਼ੁਰੂ ਕੀਤਾ।




ਪਰ ਇਹ ਅਮਲ ਅਸਲ ਅਰਥਾਂ (ਘੱਟੋ-ਘੱਟ ) 'ਚ ਪੰਜਾਬ ਚ ਅੱਜ ਕਾਗਜੀ ਵੱਧ ਪਰ ਜ਼ਮੀਨੀ ਪੱਧਰ ਉਤੇ ਘੱਟ ਜਾਪਦਾ ਹੈ।

ਇਸ ਪੰਚਾਇਤੀ ਐਕਟ ਸੋਧ ਦੇ ਪਾਸ ਹੁੰਦਿਆਂ, ਗ੍ਰਾਮ ਸਭਾ (ਭਾਵ ਪਿੰਡ ਦਾ ਹਰ ਵੋਟਰ ਇਸਦਾ ਮੈਂਬਰ ਗਿਣਿਆ ਜਾਂਦਾ ਹੈ) ਨੂੰ ਦਿੱਤੇ ਅਧਿਕਾਰਾਂ ਨਾਲ ਪਿੰਡ ਪੰਚਾਇਤਾਂ ਦਾ ਰੁਤਬਾ ਵੀ ਵਧਿਆ, ਕਿਉਂਕਿ ਗ੍ਰਾਮ ਸਭਾ ਵਿਚੋਂ ਹੀ ਪਿੰਡ ਪੰਚਾਇਤ ਚੁਣੀ ਜਾਂਦੀ ਹੈ ਪਰ ਸਮਾਂ ਰਹਿੰਦਿਆਂ ਜਦੋਂ ਪੰਚਾਇਤਾਂ, ਬਲਾਕ ਸੰਮਤੀਆਂ, ਜ਼ਿਲਾ ਪਰੀਸਦਾਂ ਨੇ ਆਪਣੇ ਤੌਰ 'ਤੇ ਕੰਮ ਕਰਨਾ ਸ਼ੁਰੂ ਕੀਤਾ ਤਾਂ ਉਹ ਸਿਆਸਤਦਾਨਾਂ, ਵਿਧਾਇਕਾਂ, ਇਥੋਂ ਤੱਕ ਕਿ ਸਰਕਾਰੀ ਕਾਰਕੁੰਨਾ, ਅਫ਼ਸਰਸ਼ਾਹੀ, ਨੌਕਰਸ਼ਾਹੀ ਨੂੰ ਰਾਸ ਨਹੀਂ ਆਇਆ। ਇਹਨਾ ਸੰਸਥਾਵਾਂ ਨੂੰ ਨੱਥ ਪਾਉਣ ਲਈ ਸਥਾਨਕ ਸਰਕਾਰ ਦੀ ਮੁਢਲੀ ਇਕਾਈ ਗ੍ਰਾਮ ਪੰਚਾਇਤ ਦੇ ਕੰਮਾਂ 'ਚ ਸਿੱਧਾ ਦਖ਼ਲ ਦੇ ਕੇ ਸਰਕਾਰਾਂ ਵਲੋਂ ਸਰਪੰਚਾਂ ਦਾ ਹਰ ਅਧਿਕਾਰ ਹਥਿਆ ਲਿਆ ਗਿਆ।

ਸਥਾਨਕ ਸਰਕਾਰਾਂ ਬਨਾਉਣ ਅਤੇ ਚਲਾਉਣ ਦਾ ਮੁੱਖ ਉਦੇਸ਼ ਅਸਲ ਅਰਥਾਂ ਵਿੱਚ ਲੋਕ ਨੁਮਾਇੰਦਗੀ ਅਤੇ ਪ੍ਰਸ਼ਾਸ਼ਨ ਵਿੱਚ ਲੋਕਾਂ ਦੀ ਹਿੱਸੇਦਾਰੀ ਤਹਿ ਕਰਨਾ ਸੀ। ਇਸ ਦਾ ਉਦੇਸ਼ ਸਮਾਜਿਕ ਨਿਆਂ ਦੀ ਪ੍ਰਾਪਤੀ ਲੋਕਾਂ ਵਲੋਂ, ਲੋਕਾਂ ਹੱਥੀਂ ਪ੍ਰਦਾਨ ਕਰਨਾ ਵੀ ਸੀ।

ਭਾਵੇਂ ਕਿ ਆਜ਼ਾਦੀ ਉਪਰੰਤ ਇਸ ਸਬੰਧੀ ਵੱਡੇ ਕਦਮ ਚੁੱਕੇ ਗਏ, ਪਰ 73ਵੀਂ ਤੇ 74 ਵੀਂ ਸੰਵਿਧਾਨਿਕ ਸੋਧ ਰਾਹੀਂ ਔਰਤਾਂ ਨੂੰ ਪੰਚਾਇਤਾਂ ਅਤੇ ਹੋਰ ਪੰਚਾਇਤੀ ਸੰਸਥਾਵਾਂ 'ਚ ਇੱਕ ਤਿਹਾਈ ਨੁਮਾਇੰਦਗੀ ਨਿਸ਼ਚਿਤ ਕੀਤੀ ਗਈ। ਵਿੱਤੀ ਅਧਿਕਾਰ ਵੀ ਤਹਿ ਹੋਏ। ਪੰਚਾਇਤਾਂ ਨੂੰ ਵੱਧ ਵਿੱਤੀ ਸਹਾਇਤਾ ਅਤੇ ਅਧਿਕਾਰਾਂ ਦੇ ਵਿਕੇਂਦਰੀਕਰਨ ਦੀ ਗੱਲ ਤਹਿ ਕੀਤੀ ਗਈ ਪਰ ਇਹ ਪਿਛਲੇ 32 ਸਾਲਾਂ ਵਿੱਚ ਕਿਸੇ ਵੀ ਢੰਗ ਨਾਲ ਲੋੜੀਂਦੇ ਸਿੱਟਿਆਂ 'ਤੇ ਨਾ ਪੁੱਜ ਸਕੀ। ਕਥਿਤ ਤੌਰ 'ਤੇ ਵਧ ਅਧਿਕਾਰਾਂ ਦੀਆਂ ਗੱਲਾਂ ਹੋਈਆਂ, ਪਰ ਇਹ ਹਕੀਕਤ ਨਾ ਬਣ ਸਕੀਆਂ।

ਭਾਰਤ ਵਿੱਚ ਅੱਜ ਸਿਆਸੀ ਸੱਤਾ ਦਾ ਕੇਂਦਰੀਕਰਣ ਵਧ ਰਿਹਾ ਹੈ। ਦੇਸ਼ ਵਿੱਚ ਲੋਕਤੰਤਰੀ ਢਾਂਚੇ ਨੂੰ ਬਣਾਈ ਰੱਖਣ ਲਈ, ਲੋਕਤੰਤਰੀ ਪ੍ਰਣਾਲੀ ਵਿੱਚ ਲੋਕਾਂ ਦਾ ਸਹਿਯੋਗ ਪ੍ਰਾਪਤ ਕਰਨਾ ਅਤਿ ਜ਼ਰੂਰੀ ਹੁੰਦਾ ਹੈ ਪਰ ਇਹ ਗਾਇਬ ਹੈ। ਲੋਕਤੰਤਰ ਦੀ ਸਫ਼ਲਤਾ ਨਾਗਰਿਕਾਂ ਦੇ ਸਹਿਯੋਗ ਨਾਲ ਹੀ ਸੰਭਵ ਹੈ ਪਰ ਨਾਗਰਿਕਾਂ ਦੀ ਪੁੱਛ-ਗਿੱਛ ਘੱਟ ਰਹੀ ਹੈ। ਸਥਾਨਕ ਸੰਸਥਾਵਾਂ, ਕਿਉਂਕਿ ਸਥਾਨਕ ਮਾਮਲਿਆਂ ਨੂੰ ਆਸਾਨੀ ਨਾਲ ਹੱਲ ਕਰਨ ਦੇ ਯੋਗ ਹੁੰਦੀਆਂ ਹਨ, ਇਸ ਲਈ ਇਹਨਾ ਦਾ ਮਜ਼ਬੂਤ ਹੋਣਾ ਸਮੇਂ ਦੀ ਲੋੜ ਹੈ ਪਰ ਇਸ ਤੱਥ ਨੂੰ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ।

ਇਹ ਸਮਝਣ ਦੀ ਲੋੜ ਹੈ ਕਿ ਪੰਚਾਇਤੀ ਰਾਜ ਹੀ ਇੱਕ ਇਹ ਜਿਹਾ ਦੁਆਰ ਹੈ, ਜੋ ਹਰ ਇਕ ਪਿੰਡ ਦੀ ਲੋਕਤੰਤਰੀ ਇਕਾਈ ਬਣ ਸਕਦਾ ਹੈ, ਜੋ ਪਿੰਡਾਂ ਨੂੰ ਆਤਮ ਨਿਰਭਰ ਵੀ ਬਣਾ ਸਕਦਾ ਹੈ। ਜੇਕਰ ਸਥਾਨਕ ਸਰਕਾਰਾਂ ਭਾਵ ਦਿਹਾਤੀ ਤੇ ਸ਼ਹਿਰੀ ਸੰਸਥਾਵਾਂ ਨੂੰ ਜ਼ਿਆਦਾ ਪ੍ਰਾਸ਼ਾਸ਼ਨੀ ਅਤੇ ਵਿੱਤੀ ਜ਼ੁੰਮੇਵਾਰੀ ਸੌਂਪੀ ਜਾਵੇ ਤਾਂ ਇਹ ਕੇਂਦਰ ਅਤੇ ਰਾਜ ਸਰਕਾਰਾਂ ਨਾਲੋਂ ਵੱਧ ਸੁਯੋਗਤਾ ਨਾਲ ਕੰਮ ਕਰ ਸਕਦੀਆਂ ਹਨ ਬੇਸ਼ਰਤੇ ਸਰਕਾਰੀ ਕਰਮਚਾਰੀਆਂ ਦਾ ਸਹਿਯੋਗ ਅਤੇ ਤਾਲਮੇਲ ਇਹਨਾ ਨੂੰ ਬਕਾਇਦਗੀ ਨਾਲ ਮਿਲਦਾ ਰਹੇ।

ਪਰ ਚਿੰਤਾ ਦਾ ਵਿਸ਼ਾ ਇਹ ਹੈ ਕਿ ਸਥਾਨਕ ਸਰਕਾਰਾਂ ਉਤੇ ਸਿਆਸੀ ਦਖ਼ਲ ਵਧ ਗਿਆ ਹੈ। ਦਿਹਾਤੀ, ਸ਼ਹਿਰੀ ਸੰਸਥਾਵਾਂ ਲਈ ਹੁੰਦੀ ਚੋਣ ਵੇਲੇ ਚੰਗੇ ਸੂਝਵਾਨ ਲੋਕਾਂ ਦੀ ਚੋਣ ਦੀ ਵਿਜਾਏ, ਧੜੇਬੰਦਕ ਪਹੁੰਚ ਅਪਨਾਈ ਜਾਂਦੀ ਹੈ, ਆਪਣੇ ਪਾਰਟੀ ਹਿੱਤਾਂ ਨੂੰ ਧਿਆਨ 'ਚ ਰੱਖਿਆ ਜਾਂਦਾ ਹੈ। ਅਸਰ ਰਸੂਖ ਵਾਲੇ ਲੋਕ ਇਹਨਾ ਸੰਸਥਾਵਾਂ 'ਤੇ ਕਾਬਜ਼ ਹੋ ਜਾਂਦੇ ਹਨ। ਜਿਹੜੇ ਸਥਾਨਕ ਲੋਕਾਂ ਦੇ ਹਿੱਤਾਂ ਦੀ ਪੂਰਤੀ ਦੀ ਥਾਂ ਆਪਣੇ ਹਿੱਤ ਪੂਰਦੇ ਹਨ।

ਸਿੱਟੇ ਵਜੋਂ ਮਾਫੀਆ, ਦਿਹਾਤੀ, ਸ਼ਹਿਰੀ, ਸੰਸਥਾਵਾਂ ਤੇ ਕਾਬਜ ਹੋ ਕੇ ਪਿੰਡ ਪੰਚਾਇਤਾਂ ਦੀਆਂ ਸ਼ਾਮਲਾਟ ਜ਼ਮੀਨਾਂ ਤੇ ਕਾਬਜ ਹੁੰਦਾ ਹੈ। ਸਰਕਾਰੀ ਗ੍ਰਾਂਟਾਂ ਪ੍ਰਾਪਤ ਕਰਕੇ ਸਿਆਸੀ ਤੇ ਅਫ਼ਸਰਸਾਹੀ ਦੀ ਮਿਲੀ ਭੁਗਤ ਨਾਲ ਭ੍ਰਿਸ਼ਟਾਚਾਰ ਕਰਦਾ ਹੈ। ਪਿੰਡਾਂ 'ਚ ਧੱਕੇਸ਼ਾਹੀ ਵਧਦੀ ਹੈ ਅਤੇ ਕਚਿਹਰੀ ਥਾਣਿਆਂ 'ਚ ਵੀ ਆਮ ਲੋਕ ਇਨਸਾਫ ਤੋਂ ਵਿਰਵੇ ਹੋ ਜਾਂਦੇ ਹਨ।

ਨਿੱਤ ਦਿਹਾੜੇ ਅਖ਼ਬਾਰੀ ਖ਼ਬਰਾਂ ਛਪਦੀਆਂ ਹਨ ਕਿ ਕਿਸੇ ਖ਼ਾਸ ਪਿੰਡ ਦੀ ਪੰਚਾਇਤ ਦੇ ਸਰਪੰਚ ਨੇ ਲੱਖਾਂ ਦਾ ਗਬਨ ਕਰ ਲਿਆ। ਇਹ ਗਬਨ ਪੰਚਾਇਤੀ-ਸਰਕਾਰੀ ਕਰਿੰਦਿਆਂ ਦੀ ਮਿਲੀ ਭੁਗਤ ਤੋਂ ਬਿਨ੍ਹਾਂ ਸੰਭਵ ਨਹੀਂ ਹੋ ਸਕਦਾ, ਕਿਉਂਕਿ ਇਕੱਲੇ ਸਰਪੰਚ ਜਾਂ ਪੰਚਾਇਤਾਂ ਨੂੰ 5000 ਰੁਪਏ ਤੋਂ ਵੱਧ ਚੈਕ ਰਾਹੀਂ ਰਕਮ ਕਢਾਉਣ ਦਾ ਅਧਿਕਾਰ ਹੀ ਨਹੀਂ ਹੈ।

ਇਹ ਵੀ ਖ਼ਬਰਾਂ ਮਿਲਦੀਆਂ ਹਨ ਕਿ ਕਿ ਸ਼ਾਮਲਾਟ ਜ਼ਮੀਨ ਉਤੇ ਰਸੂਖ਼ਵਾਨ ਕਬਜ਼ਾ ਕਰੀ ਬੈਠੇ ਹਨ। ਕੀ ਇਹ ਸਰਕਾਰੀ ਸਰਪ੍ਰਸਤੀ ਬਿਨ੍ਹਾਂ ਸੰਭਵ ਹੈ? ਪੰਜਾਬ ਵਿੱਚ ਕਈ ਇਹੋ ਜਿਹੇ ਕਬਜ਼ਾਧਾਰੀਆਂ ਦੇ ਮਾਮਲੇ ਹਨ ਜਿਹੜੇ ਜ਼ਿਲਾ ਪੰਚਾਇਤ ਅਤੇ ਵਿਕਾਸ ਅਫ਼ਸਰਾਂ ਦੀਆਂ ਅਦਾਲਤਾਂ 'ਚ ਵਰ੍ਹਿਆਂ ਬੱਧੀ ਲਟਕੇ ਹੋਏ ਹਨ, ਜਿਹਨਾ ਤੇ ਫ਼ੈਸਲੇ ਹੀ ਨਹੀਂ ਹੁੰਦੇ। ਪੰਚਾਇਤਾਂ ਦੀ ਮਿਆਦ ਖ਼ਤਮ ਹੋ ਜਾਂਦੀ ਹੈ, ਇਹ ਮੁਕੱਦਮੇ ਖ਼ਤਮ ਹੀ ਨਹੀਂ ਹੰਦੇ।

ਸਥਾਨਕ ਸਵੈ-ਸ਼ਾਸ਼ਨ ਵਿਵਸਥਾ ਭਾਰਤੀ ਪ੍ਰਸ਼ਾਸ਼ਨ ਦਾ ਅਨਿਖੜਵਾਂ ਅਤੇ ਮੌਲਿਕ ਅੰਗ ਨਹੀਂ ਬਨਣ ਦਿੱਤੀ ਜਾ ਰਹੀ, ਇਸਦੀਆਂ ਲਗਾਮਾਂ ਕੇਂਦਰੀ ਅਤੇ ਸੂਬਾ ਸਰਕਾਰਾਂ ਦੇ ਹੱਥ 'ਚ ਹਨ। ਜਿਵੇਂ ਕੇਂਦਰੀ ਹਾਕਮ ਸੂਬਾ ਸਰਕਾਰਾਂ ਦੀ ਸੰਘੀ ਘੁੱਟਦੇ ਹਨ, ਸਿਆਸੀ ਵਿਰੋਧੀ ਸਰਕਾਰਾਂ ਦੇ ਅਧਿਕਾਰ ਹਥਿਆਉਂਦੇ ਹਨ, ਇਵੇਂ ਹੀ ਸੂਬਾ ਸਰਕਾਰਾਂ ਦਿਹਾਤੀ ਤੇ ਸ਼ਹਿਰੀ ਸਥਾਨਕ ਸਰਕਾਰਾਂ ਦੇ ਕੰਮਾਂ ਕਾਰਾਂ ਉਤੇ ਵਾਹ ਲਗਦਿਆਂ ਆਪ ਹੀ ਕਾਬਜ ਰਹਿੰਦੀਆਂ ਹਨ। ਇਹੋ ਅਸਲ 'ਚ ਚਿੰਤਾ ਦਾ ਵਿਸ਼ਾ ਹੈ।

ਲੋੜ ਤਾਂ ਇਸ ਗੱਲ ਦੀ ਹੈ ਕਿ ਸਥਾਨਕ ਸਰਕਾਰਾਂ ਨੂੰ ਆਪਣੇ ਖੇਤਰ ਦੀਆਂ ਲੋੜਾਂ ਅਤੇ ਵਾਤਾਵਰਨ ਦੇ ਅਨੁਕੂਲ ਕਾਰਜ ਕਰਨ ਦੀ ਆਜ਼ਾਦੀ ਹੋਵੇ। ਉਹ ਸਮਾਜਿਕ ਕਲਿਆਣ ਸੇਵਾਵਾਂ ਪ੍ਰਾਸ਼ਕੀ ਲਚਕੀਲੇਪਨ ਨਾਲ ਮੌਜੂਦਾ ਭਿੰਨਤਾਵਾਂ ਨੂੰ ਧਿਆਨ 'ਚ ਰੱਖਕੇ ਚਲਾਉਣ । ਇਸ ਨਾਲ ਹੀ ਦੇਸ਼ ਦਾ ਬਹੁ ਪੱਖੀ ਵਿਕਾਸ ਹੋਏਗਾ ਅਤੇ ਦੇਸ਼ ਕਲਿਆਣਕਾਰੀ ਰਾਜ ਦੀ ਸਥਾਪਨਾ ਵੱਲ ਯੋਜਨਾਬੱਧ ਢੰਗ ਨਾਲ ਅੱਗੇ ਵੱਧ ਸਕੇਗਾ।

# ਪੰਜਾਬੀ ਵਾਤਾਵਰਨ ਬਾਰੇ ਅਵੇਸਲੇ ਕਿਉਂ?



ਉਜਾਗਰ ਸਿੰਘ
91-94178 13072

ਪੰਜਾਬੀ ਵਾਤਾਵਰਨ ਬਾਰੇ ਅਵੇਸਲੇ ਕਿਉਂ ਹਨ? ਜੇਕਰ ਹੁਣ ਤੱਕ ਦੇ ਭਾਰਤ ਦੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਪੰਜਾਬੀਆਂ ਨੇ ਹਮੇਸ਼ਾ ਹਰ ਪੱਖ ਵਿੱਚ ਮੋਹਰੀ ਦੀ ਭੂਮਿਕਾ ਨਿਭਾਈ ਹੈ। ਦੇਸ਼ ਦੀ ਆਜ਼ਾਦੀ ਹੋਵੇ, ਆਜ਼ਾਦੀ ਤੋਂ ਬਾਅਦ ਦੇਸ਼ ਦੀ ਏਕਤਾ ਤੇ ਅਖੰਡਤਾ ਬਰਕਰਾਰ ਰੱਖਣੀ ਹੋਵੇ, ਦੇਸ਼ ਦੀ ਆਨਾਜ ਦੀ ਲੋੜ ਪੂਰੀ ਕਰਨੀ ਹੋਵੇ ਅਤੇ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕਰਨੀ ਹੋਵੇ ਆਪਣੀਆਂ ਜਾਨਾਂ ਵਾਰਨ ਲਈ ਤੱਤਪਰ ਰਹੇ ਹਨ, ਪ੍ਰੰਤੂ ਇਹ ਸਮਝ ਨਹੀਂ ਆਉਂਦੀ ਪੰਜਾਬੀ ਵਾਤਾਵਰਨ ਨੂੰ ਬਚਾਉਣ ਵਿੱਚ ਅਵੇਸਲੇ ਕਿਉਂ ਹਨ? ਵਾਤਾਵਰਨ ਦਾ ਮੁੱਦਾ ਅੱਜ ਕਲ੍ਹ ਬਹੁਤ ਮਹੱਤਵਪੂਰਨ ਬਣਿਆਂ ਹੋਇਆ ਹੈ। ਧਰਤੀ ਹੇਠਲਾ ਪਾਣੀ ਖ਼ਤਮ ਹੋਣ ਕਿਨਾਰੇ ਹੈ, ਤਪਸ ਵੱਧ ਰਹੀ ਹੈ, ਵਾਰਸ਼ਾਂ ਘਟ ਗਈਆਂ ਹਨ। ਪੜ੍ਹਾਈ ਕਰਕੇ ਲੋਕਾਂ ਵਿੱਚ ਜਾਗ੍ਰਤੀ ਬਥੇਰੀ ਆ ਚੁੱਕੀ ਹੈ। ਇਸ ਕਰਕੇ ਲੋਕਾਂ ਨੂੰ ਮਹਿਸੂਸ ਹੋ ਰਿਹਾ ਹੈ, ਜ਼ਿੰਦਗੀ ਨੂੰ ਬਚਾਉਣ ਲਈ ਵਾਤਾਵਰਨ ਸਾਫ਼ ਸੁਥਰਾ ਹੋਣਾ ਚਾਹੀਦਾ ਹੈ ਪ੍ਰੰਤੂ ਫਿਰ ਵੀ ਲੋਕ ਵਾਤਾਵਰਨ ਨੂੰ ਦੂਸ਼ਿਤ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਦੇ। ਅੱਧੀ ਸਦੀ ਪਹਿਲਾਂ ਜਦੋਂ ਭਾਰਤ ਦੇ ਲੋਕ ਬਹੁਤੇ ਪੜ੍ਹੇ ਲਿਖੇ ਅਤੇ ਜਾਗ੍ਰਤ ਵੀ ਨਹੀਂ ਸਨ ਪ੍ਰੰਤੂ ਉਦੋਂ ਲੋਕ ਕੁਦਰਤ ਦੇ ਵਸੀਲਿਆਂ ਅਤੇ ਕੁਦਰਤ ਦੀਆਂ ਰਹਿਮਤਾਂ ਦੀ ਸਾਂਭ ਸੰਭਾਲ ਵਿੱਚ ਦਿਲਚਸਪੀ ਲੈਂਦੇ ਸਨ। ਉਨ੍ਹਾਂ ਦਾ ਆਨੰਦ ਵੀ ਮਾਣਦੇ ਸਨ। ਦੁੱਖ ਅਤੇ ਸੰਤਾਪ ਦੀ ਗੱਲ ਹੈ ਕਿ ਪੜ੍ਹਿਆ ਲਿਖਿਆ ਸਮਾਜ ਵੀ ਕੁਦਰਤ ਦੇ ਵਸੀਲਿਆਂ ਨੂੰ ਨੁਕਸਾਨ ਪਹੁੰਚਾਉਣ ਲੱਗਿਆਂ ਭੋਰਾ ਵੀ ਸੋਚਦਾ ਨਹੀਂ। ਉਹੀ ਦਰੱਖਤ, ਪਾਣੀ ਅਤੇ ਹਵਾ, ਜਿਹੜੇ ਇਨਸਾਨੀਅਤ ਦੀ ਲਾਈਫ਼ ਲਾਈਨ ਹਨ, ਉਨ੍ਹਾਂ ਦੀ ਬੇਕਿਰਕੀ ਨਾਲ ਦੁਰਵਰਤੋਂ ਕਰ ਰਹੇ ਹਨ। ਹੋਰ ਨਵੇਂ ਰੁੱਖ ਲਗਾ ਨਹੀਂ ਰਹੇ, ਸਗੋਂ ਦਰੱਖਤਾਂ ਨੂੰ ਵੱਢ ਕੇ ਆਧੁਨਿਕ ਢੰਗ ਦਾ ਫਰਨੀਚਰ ਤਿਆਰ ਕਰਕੇ ਸੁਖ ਮਾਨਣ ਦੀ ਗੱਲ ਕਰਦੇ ਹਨ, ਅਸਲ ਵਿੱਚ ਉਹ ਆਪਣਾ ਤੇ ਆਪਣੀਆਂ ਪੀੜ੍ਹੀਆਂ ਦਾ ਭਵਿਖ ਵੱਢ ਰਹੇ ਹਨ। ਸੰਸਾਰ ਵਿੱਚ ਗਲੋਬਲ ਵਾਰਮਿੰਗ ਨਾਲ ਮਨੁੱਖਤਾ ਤ੍ਰਾਹ-ਤ੍ਰਾਹ ਕਰ ਰਹੀ ਹੈ। ਆਧੁਨਿਕਤਾ ਨੇ ਮਾਨਵਤਾ ਨੂੰ ਬੇਸ਼ਕ ਸਹੂਲਤਾਂ ਦਿੱਤੀਆਂ ਹਨ ਪ੍ਰੰਤੂ ਨੁਕਸਾਨ ਵੀ ਬਹੁਤ ਕੀਤਾ ਹੈ। ਪੁਰਾਣੇ ਸਮੇਂ ਵਿੱਚ ਕਿਸਾਨ ਆਪਣੇ ਖ਼ੂਹਾਂ ਦੇ ਤੌੜਾਂ ਵਿੱਚ ਰੁੱਖ ਲਗਾਉਂਦੇ ਸਨ। ਖੇਤਾਂ ਦੇ ਆਲੇ ਦੁਆਲੇ ਘੱਟੋ ਘੱਟ ਖੇਤਾਂ ਦੇ ਕੋਨਿਆਂ 'ਤੇ ਨਿਸ਼ਾਨਦੇਹੀ ਲਈ ਦਰੱਖਤ ਲਗਾਉਂਦੇ ਸਨ। ਹੁਣ ਖ਼ੂਹ ਤੇ ਖ਼ੂਹਾਂ ਦੇ ਤੌੜ ਤਾਂ ਹੈ ਹੀ ਨਹੀਂ। ਪਾਣੀ ਵਾਲੀਆਂ ਮੋਟਰਾਂ/ਇੰਜਣਾਂ ਲਈ ਹੁਣ ਤਾਂ ਕੋਠੇ ਵੀ ਨਹੀਂ ਬਣਾਉਂਦੇ, ਦਰੱਖਤ ਤਾਂ ਕੀ ਲਗਾਉਣੇ ਹਨ। ਇਸ ਤੋਂ ਇਲਾਵਾ ਸਾਂਝੀਆਂ ਥਾਵਾਂ 'ਤੇ ਰੁੱਖ ਲਗਾ ਕੇ ਉਥੇ ਮਹਿਫ਼ਲਾਂ ਲੱਗਦੀਆਂ ਸਨ। ਗਰਮੀ ਦੇ ਮੌਸਮ ਵਿੱਚ ਰੁੱਖਾਂ ਦੀ ਸੰਘਣੀ ਛਾਂ ਦਾ ਆਨੰਦ ਮਾਣਦੇ ਸਨ। ਪਿੰਡਾਂ ਵਿੱਚ ਮੁਟਿਆਰਾਂ ਤੀਆਂ ਦੇ ਦਿਨਾ ਵਿੱਚ ਪੀਂਘਾਂ ਪਾਉਂਦੀਆਂ ਸਨ। ਹੁਣ ਸਾਰਾ ਕੁਝ ਬਨਾਉਣੀ ਬਣ ਗਿਆ ਹੈ। ਪੀਂਘਾਂ ਪਾਉਣ ਲਈ ਦਰੱਖਤ ਹੀ ਨਹੀਂ ਹਨ। ਮੇਰੇ ਪਿੰਡ ਕੱਦੋਂ ਦੇ ਲੋਕ ਰੁੱਖਾਂ ਦੀ ਅਹਿਮੀਅਤ ਸਮਝਣ ਵਾਲੇ ਹਨ ਪ੍ਰੰਤੂ ਪਾਣੀ ਬਚਾਉਣ ਲਈ ਸੁਚੇਤ ਨਹੀਂ ਹਨ। ਰੇਤਲੇ ਟਿਬਿਆਂ ਨੂੰ ਪੱਧਰੇ ਕਰਕੇ ਜੀਰੀ ਲਾ ਦਿੱਤੀ ਹੈ।

ਅੱਜ ਤੋਂ 64-65 ਸਾਲ ਪਹਿਲਾਂ 1960 ਦੀ ਗੱਲ ਹੈ, ਜਦੋਂ ਮੈਂ ਅਜੇ ਪੰਜਵੀਂ-ਛੇਵੀਂ ਕਲਾਸ ਵਿੱਚ ਪੜ੍ਹਦਾ ਸੀ। ਮੈਨੂੰ ਅਜੇ ਕੁਦਰਤੀ ਵਸੀਲਿਆਂ, ਕੁਦਰਤੀ ਨਿਹਮਤਾਂ, ਦੁਨੀਆਂਦਾਰੀ ਅਤੇ ਵਾਤਵਰਨ ਬਾਰੇ ਜਾਣਕਾਰੀ ਨਹੀਂ ਸੀ, ਜਿਵੇਂ ਆਮ ਤੌਰ 'ਤੇ ਬੱਚਿਆਂ ਨੂੰ ਖੇਡਣ ਮੱਲ੍ਹਣ ਦਾ ਸ਼ੌਕ ਹੁੰਦਾ ਹੈ। ਅਸੀਂ ਚਾਰ ਭਰਾ ਸੀ ਤੇ ਮੈਂ ਸਭ ਤੋਂ ਛੋਟਾ ਹੋਣ ਕਰਕੇ ਪਰਿਵਾਰ ਦਾ ਲਾਡਲਾ ਸੀ। ਮੈਂ ਬੱਚਿਆਂ ਨਾਲ ਖੇਡਦਾ ਰਹਿੰਦਾ ਸੀ। ਮੇਰਾ ਵੱਡਾ ਭਰਾ ਮਰਹੂਮ ਸ੍ਰ।ਧਰਮ ਸਿੰਘ ਪਟਿਆਲਾ ਵਿਖੇ



ਆਬਕਾਰੀ ਤੇ ਕਰ ਵਿਭਾਗ ਵਿੱਚ ਨੌਕਰੀ ਕਰਨ ਲਈ ਆ ਗਿਆ ਸੀ। ਉਨ੍ਹਾਂ ਤੋਂ ਛੋਟੇ ਭਰਾ ਮਰਹੂਮ ਸ੍ਰ. ਚਰਨ ਸਿੰਘ ਅਤੇ ਮਰਹੂਮ ਦਰਸ਼ਨ ਸਿੰਘ ਮੇਰੇ ਪਿਤਾ ਜੀ ਨਾਲ ਖੇਤੀਬਾੜੀ ਦਾ ਕੰਮ ਕਰਦੇ ਸਨ। ਮੇਰੇ ਦੋਵੇਂ ਭਰਾ ਚਰਨ ਸਿੰਘ ਅਤੇ ਦਰਸ਼ਨ ਸਿੰਘ ਬਹੁਤੇ ਪੜ੍ਹੇ ਲਿਖੇ ਤਾਂ ਨਹੀਂ ਸਨ ਪ੍ਰੰਤੂ ਉਦਮੀ ਅਤੇ ਸਮਝਦਾਰ ਬਹੁਤ ਸੀ। ਵਾਤਾਵਰਨ ਪ੍ਰੇਮੀ ਸੀ। ਸਾਡੇ ਪਿੰਡ ਲਗਪਗ 20 ਏਕੜ ਥਾਂ ਵਿੱਚ ਸੰਘਣੇ ਰੁੱਖਾਂ ਵਾਲੀ ਇੱਕ ਝਿੜੀ ਹੈ, ਉਥੇ ਹੀ ਸ਼ਮਸ਼ਾਨ ਘਾਟ ਹੈ। ਮੇਰੇ ਭਰਾ ਬਰਸਾਤਾਂ ਵਿੱਚ ਮੈਨੂੰ ਖੇਡਣ ਤੋਂ ਹਟਾ ਕੇ ਪਿੰਡ ਦੀ ਸ਼ਮਸ਼ਾਨ ਘਾਟ ਵਾਲੀ ਝਿੜੀ ਵਿੱਚ ਆਪਣੇ ਨਾਲ ਲੈ ਜਾਂਦੇ ਸੀ। ਮੈਨੂੰ ਸ਼ਮਸ਼ਾਨ ਘਾਟ ਤੋਂ ਡਰ ਵੀ ਲਗਦਾ ਸੀ ਪ੍ਰੰਤੂ ਉਹ ਮੈਨੂੰ ਆਪਣੇ ਨਾਲ ਜ਼ਰੂਰ ਲੈ ਕੇ ਜਾਂਦੇ ਸਨ। ਮੈਨੂੰ ਯਾਦ ਹੈ, ਉਨ੍ਹਾਂ ਕੋਲ ਕਹੀਆਂ ਹੁੰਦੀਆਂ ਸਨ ਤੇ ਮੈਨੂੰ ਇੱਕ ਝੋਲਾ ਪਕੜਾ ਦਿੰਦੇ ਸੀ। ਝੋਲੇ ਵਿੱਚ ਕਿਕਰਾਂ ਦੇ ਬੀਜ ਹੁੰਦੇ ਸਨ। ਉਹ ਟੋਆ ਪੁਟਦੇ ਹੁੰਦੇ ਤੇ ਮੈਨੂੰ ਉਸ ਵਿੱਚ ਬੀਜ ਸੁੱਟਣ ਲਈ ਕਹਿੰਦੇ ਸੀ। ਬਰਸਾਤਾਂ ਦੇ ਦਿਨ ਉਹ ਅਕਸਰ ਇੰਜ ਕਰਦੇ ਰਹਿੰਦੇ ਸੀ। ਕਈ ਵਾਰੀ ਜਦੋਂ ਵਿਹਲ ਨਾ ਹੁੰਦੀ ਤਾਂ ਉਹ ਕਿਕਰਾਂ ਦੇ ਬੀਜਾਂ ਦਾ ਛੱਟਾ ਹੀ ਦੇ ਦਿੰਦੇ ਸੀ। ਏਸੇ ਤਰ੍ਹਾਂ ਪਿੰਡ ਦੇ ਕੁਝ ਹੋਰ ਲੋਕ ਵੀ ਝਿੜੀ ਵਿੱਚ ਰੁੱਖ ਲਗਾਉਂਦੇ ਸਨ। ਮੈਨੂੰ ਸਮਝ ਨਹੀਂ ਸੀ ਆਉਂਦੀ, ਉਹ ਇੰਜ ਕਿਉਂ ਕਰਦਾ ਹੈ। ਸ਼ਮਸ਼ਾਨ ਘਾਟ ਦੀ ਝਿੜੀ ਬਹੁਤ ਸੰਘਣੀ ਸੀ। ਉਸ ਝਿੜੀ ਵਿੱਚ ਜਿਤਨੇ ਰੁੱਖ ਸਨ, ਉਨ੍ਹਾਂ ਨੂੰ ਕੋਈ ਵੱਢ ਨਹੀਂ ਸਕਦਾ ਸੀ। ਝਿੜੀ ਵਿੱਚ ਬਾਬਾ ਸਿੱਧ ਅਤੇ ਸਤੀ ਮਾਤਾ ਦੀਆਂ ਸਮਾਧਾਂ ਹਨ। ਲੋਕਾਂ ਨੂੰ ਕਿਹਾ ਜਾਂਦਾ ਸੀ ਕਿ ਜਿਹੜਾ ਲੱਕੜ ਕੱਟੇਗਾ ਉਸ ਨੂੰ ਸਰਾਪ ਲੱਗੇਗਾ। ਰੁੱਖਾਂ ਨੂੰ ਕੱਟਣ ਤੋਂ ਰੋਕਣ ਲਈ ਸਿਆਣਿਆਂ ਨੇ ਸਰਾਪ ਦਾ ਡਰਾਬਾ ਦਿੱਤਾ ਹੋਇਆ ਸੀ। ਸਿਰਫ ਮੁਰਦਿਆਂ ਦੇ ਸਸਕਾਰ ਲਈ ਲੱਕੜ ਕੱਟ ਸਕਦੇ ਸਨ। ਇਹ ਪਰੰਪਰਾ ਅੱਜ ਤੱਕ ਵੀ ਲਾਗੂ ਹੈ ਪ੍ਰੰਤੂ ਬ੍ਰਾਹਮਣ ਪਰਿਵਾਰ ਲੱਕੜ ਕੱਟ ਸਕਦੇ ਸਨ। ਵੈਸੇ ਲੱਕੜ ਵੱਢੀ ਨਹੀਂ ਜਾਂਦੀ ਸੀ ਪ੍ਰੰਤੂ ਜਿਹੜੇ ਰੁੱਖ ਬਿਰਧ ਹੋ ਕੇ ਸੁੱਕ ਜਾਂਦੇ ਸਨ, ਉਨ੍ਹਾਂ ਦੀ ਲੱਕੜ ਨਾਲ ਮੁਰਦਿਆਂ ਦੇ ਸਸਕਾਰ ਕੀਤੇ ਜਾਂਦੇ ਸਨ। ਅੱਜ ਕਲ੍ਹ ਵੀ ਇਹ ਪਰੰਪਰਾ ਚਾਲੂ ਹੈ ਪ੍ਰੰਤੂ ਬਹੁਤੇ ਲੋਕ ਮੁਰਦਿਆਂ ਦੇ ਸਸਕਾਰ ਲਈ ਝਿੜੀ ਵਿੱਚੋਂ ਲੱਕੜ ਨਹੀਂ ਵਰਤਦੇ ਸਗੋਂ ਬਾਜ਼ਾਰੋਂ ਮੁੱਲ ਲਿਆਉਂਦੇ ਹਨ। ਝਿੜੀ ਦੇ ਵਿਚਕਾਰ ਦੋ ਟੋਭੇ ਸਨ, ਇੱਕ ਟੋਭਾ ਵੱਡਾ ਸੀ, ਉਨ੍ਹਾਂ ਟੋਭਿਆਂ ਵਿੱਚੋਂ ਪਾਣੀ ਲੈ ਕੇ ਝਿੜੀ ਵਿੱਚ ਲਗਾਏ ਜਾਣ ਵਾਲੇ ਰੁੱਖਾਂ ਨੂੰ ਪਾਣੀ ਦਿੱਤਾ ਜਾਂਦਾ ਸੀ। ਇਹ ਟੋਭੇ ਹੁਣ ਸੁੱਕ ਚੁੱਕੇ ਹਨ ਪ੍ਰੰਤੂ ਪਿੰਡ ਦੇ ਲੋਕ ਹੁਣ ਵੀ ਝਿੜੀ ਵਿੱਚ ਦਰੱਖਤ ਲਗਾਉਂਦੇ ਰਹਿੰਦੇ ਹਨ। ਝਿੜੀ ਵਿੱਚ ਅਨੇਕਾਂ ਕਿਸਮਾ ਦੇ ਦਰੱਖਤ ਸਨ। ਪਿਪਲ, ਬਰੋਟਾ, ਬੇਰੀ, ਕਿਕਰ, ਪਲਾਹ, ਟਾਹਲੀ, ਤੂਤ ਅਤੇ ਕੇਸੂ ਦੇ ਰੁੱਖ ਹਨ। ਕੇਸੂ ਦੇ ਰੁੱਖਾਂ ਨੂੰ ਪੱਤੇ ਨਹੀਂ ਲੱਗਦੇ ਸਗੋਂ ਫੁੱਲ ਹੀ ਲੱਗਦੇ ਹਨ, ਜਿਹੜੇ ਸੁਹਾਵਣਾ ਵਾਤਵਰਨ ਬਣਾਉਂਦੇ ਹਨ। ਜਦੋਂ ਮੈਂ ਆਪਣੇ 'ਪਿੰਡ ਕੱਦੋਂ ਦੇ ਵਿਰਾਸਤੀ ਰੰਗ' ਪੁਸਤਕ ਲਿਖ ਰਿਹਾ ਸੀ ਤਾਂ ਪਿੰਡ ਦੇ ਬਜ਼ੁਰਗਾਂ ਨਾਲ ਗੱਲ ਬਾਤ ਕਰਨ ਦਾ ਮੌਕਾ ਮਿਲਿਆ। ਮੈਨੂੰ ਦੱਸਿਆ ਗਿਆ ਕਿ ਪਿੰਡ ਦੇ ਦਰਜੀ ਨਾਥ ਸਿੰਘ ਭੱਲਾ ਵਾਤਾਵਰਨ ਪ੍ਰੇਮੀ ਸਨ। ਉਹ ਦੋਰਾਹੇ ਕਪੜੇ ਸਿਉਣ ਦਾ ਕੰਮ ਕਰਦੇ ਸਨ ਪ੍ਰੰਤੂ ਪਿੰਡ ਵਿੱਚ ਖਾਲੀ ਥਾਵਾਂ 'ਤੇ ਦਰੱਖਤ ਲਗਾਉਂਦੇ ਰਹਿੰਦੇ ਸਨ। ਹਰ ਰੋਜ਼ ਸਵੇਰੇ ਜਦੋਂ ਦੋਰਾਹੇ ਨੂੰ ਆਪਣੀ ਕਪੜੇ ਸਿਉਣ ਵਾਲੀ ਮਸ਼ੀਨ ਸਿਰ 'ਤੇ ਰੱਖਕੇ ਲੈ ਕੇ ਜਾਂਦੇ ਤਾਂ ਰਸਤੇ ਵਿੱਚਲੇ ਰੁੱਖਾਂ ਨੂੰ ਪਾਣੀ ਦਿੰਦੇ ਜਾਂਦੇ ਸਨ। ਦੋਰਾਹੇ ਦੇ ਰਾਹ ਵਿੱਚ ਜਿੰਨੇ ਦਰੱਖਤ ਉਨ੍ਹਾਂ ਨੇ ਲਗਾਏ ਸਾਰਿਆਂ ਦੀ ਵੇਖ ਭਾਲ ਵੀ ਖੁਦ ਕਰਦੇ ਸਨ। ਇਸ ਤਰ੍ਹਾਂ ਪਿੰਡ ਦੇ ਫ਼ੈਜ ਮੁਹੰਮਦ ਵੀ ਰੁੱਖਾਂ ਖਾਸ ਤੌਰ 'ਤੇ ਪਿਪਲ ਅਤੇ ਬਰੋਟਿਆਂ ਦੇ ਦਰਖਤ ਲਗਾਉਂਦੇ ਅਤੇ ਉਨ੍ਹਾਂ ਪਾਣੀ ਪਾ ਕੇ ਪਾਲਦੇ ਸਨ। ਆਧੁਨਿਕ ਸਮੇਂ ਦੇ ਪੜ੍ਹੇ ਲਿਖੇ ਤੇ ਜਾਗ੍ਰਤ ਲੋਕਾਂ ਨੂੰ ਆਪਣੇ ਪਿੰਡ ਦੇ ਬਜ਼ੁਰਗਾਂ ਦੀ ਵਿਰਾਸਤ ਤੋਂ ਕੁਝ ਤਾਂ ਸਿੱਖਣਾ ਬਣਦਾ ਹੈ। ਜੇਕਰ ਏਸੇ ਤਰ੍ਹਾਂ ਰੁੱਖਾਂ ਦੀ ਕਟਾਈ ਹੁੰਦੀ ਰਹੀ ਤਾਂ ਅਸੀਂ ਆਪਣਾ ਭਵਿਖ ਆਪ ਖ਼ਰਾਬ ਕਰ ਲਵਾਂਗੇ। ਸਾਡੇ ਪਿੰਡ ਦੀਆਂ ਸਵੈਇੱਛਤ ਸੰਸਥਾਵਾਂ 'ਕੱਦੋਂ ਨਿਸ਼ਕਾਮ ਸੇਵਾ ਸਸਾਇਟੀ' ਨੇ ਰੁੱਖ ਲਗਾਉਣ ਤੋਂ ਇਲਾਵਾ ਸਾਰੇ ਪਿੰਡ ਦੀਆਂ ਗਲੀਆਂ ਵਿੱਚ ਸਜਾਵਟੀ ਬੂਟੇ ਲਗਾਏ ਹੋਏ ਹਨ ਤਾਂ ਜੋ ਵਾਤਵਰਨ ਸਾਫ਼ ਸੁਥਰਾ ਰਹੇ ਅਤੇ ਸਾਡੀ ਲਾਈਫ਼ ਲਾਈਨ ਬਰਕਰਾਰ ਰਹੇ। ਸੌਣ ਦੇ ਮਹੀਨੇ ਜੰਗਲਾਤ ਵਿਭਾਗ ਦਰਖਤ ਲਗਾਉਣ ਦੀ ਮੁਹਿੰਮ ਤਾਂ ਚਲਾਉਂਦਾ ਹੈ ਪ੍ਰੰਤੂ ਦਰੱਖਤਾਂ ਦੀ ਵੇਖ ਭਾਲ ਨਹੀਂ ਕੀਤੀ ਜਾਂਦੀ। ਸਵੈਇੱਛਤ ਸੰਸਥਾਵਾਂ ਅਖ਼ਬਾਰਾਂ ਵਿੱਚ ਖ਼ਬਰਾਂ ਲਗਵਾਉਣ ਲਈ ਰੁੱਖ ਤਾਂ ਲਗਾਉਂਦੀਆਂ ਹਨ ਪ੍ਰੰਤੂ ਮੁੜਕੇ ਉਨ੍ਹਾਂ ਦੀ ਵੇਖ ਭਾਲ ਨਹੀਂ ਕਰਦੇ।

ਜੀਰੀ ਲਗਾਕੇ ਧਰਤੀ ਹੇਠਲਾ ਪਾਣੀ ਵੀ ਬੇਕਿਰਕੀ ਨਾਲ ਕੱਢਕੇ ਪੰਜਾਬੀ ਆਪਣਾ ਅਤੇ ਆਪਣੀ ਨਵੀਂ ਪੀੜ੍ਹੀ ਦਾ ਭਵਿਖ ਦਾਅ 'ਤੇ ਲਗਾ ਰਹੇ ਹਨ। ਪੰਜਾਬੀਆਂ ਨੂੰ ਜੀਰੀ ਲਗਾਉਣ ਵਿੱਚ ਪਹਿਲ ਕਰਕੇ ਬਦਲਵੀਂਆਂ ਫ਼ਸਲਾਂ ਬੀਜਣੀਆਂ ਚਾਹੀਦੀਆਂ ਹਨ। ਉਹ ਜਿਵੇਂ ਹਰ ਖੇਤਰ ਵਿੱਚ ਮੋਹਰੀ ਹਨ, ਉਨ੍ਹਾਂ ਨੂੰ ਵਾਤਾਵਰਨ ਬਚਾਉਣ ਲਈ ਵੀ ਮੋਹਰੀ ਬਣਨਾ ਚਾਹੀਦਾ ਹੈ। ਕਰਮਜੀਤ ਸਿੰਘ 'ਜੀਤ ਕੱਦੋਂਵਾਲਾ' ਗੀਤਕਾਰ ਨੇ ਪ੍ਰਵਾਸੀਆਂ ਨੂੰ ਸੁਝਾਅ ਦਿੱਤਾਹੈ ਕਿ ਉਹ ਆਪਣੀਆਂ ਜ਼ਮੀਨਾ ਠੇਕੇ 'ਤੇ ਸਿਰਫ ਉਨ੍ਹਾਂ ਨੂੰ ਹੀ ਦੇਣ ਜਿਹੜੇ ਜੀਰੀ ਨਾ ਬੀਜਣ। ਇੰਜ ਕਰਨ ਨਾਲ ਧਰਤੀ ਹੇਠਲੇ ਪਾਣੀ ਦੀ ਬਚਤ ਹੋਵੇਗੀ। ਪਰਵਾਸੀਆਂ ਪੰਜਾਬ ਲਈ ਇਹ ਵੱਡਾ ਯੋਗਦਾਨ ਸਾਬਤ ਹੋ ਸਕਦਾ ਹੈ। ਪੰਜਾਬੀਓ ਵਾਤਾਵਰਨ ਲਈ ਸੁਚੇਤ ਹੋ ਜਾਵੋ ਤਾਂ ਜੋ ਭਵਿਖ ਬਚਾਇਆ ਜਾ ਸਕੇ।

# ਸਖੀ ਵਨ ਸਟਾਪ ਸੈਂਟਰ ਰਾਹੀਂ ਜ਼ਿਲਾ ਸੰਗਰੂਰ ਵਿੱਚ ਹੁਣ ਤੱਕ 800 ਤੋਂ ਵੀ ਵੱਧ ਲੋੜਵੰਦ ਔਰਤਾਂ ਨੇ ਲਾਭ ਉਠਾਇਆ

**ਸੰਗਰੂਰ, (ਦਲਜੀਤ ਕੌਰ)** ਇਸਤਰੀਆਂ ਦੀ ਸੁਰੱਖਿਆ ਅਤੇ ਉਹਨਾਂ ਦੇ ਅਧਿਕਾਰਾਂ ਤੋਂ ਜਾਣੂ ਕਰਵਾਉਣ ਸਬੰਧੀ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਦੀ ਨਿਗਰਾਨੀ ਵਿੱਚ ਮਿਸ਼ਨ ਸੰਕਲਪ ਅਧੀਨ ਲੋਕਾਂ ਨੂੰ ਸਖੀ-ਵਨ ਸਟਾਪ ਸੈਂਟਰ ਅਤੇ ਜ਼ਿਲ੍ਹਾ ਹੱਬ (ਡੀ ਐਚ ਈ ਡਬਲਿਊ) ਰਾਹੀ ਔਰਤਾਂ ਦੇ ਵੱਖ-ਵੱਖ ਅਧਿਕਾਰਾਂ ਤੇ ਸਕੀਮਾਂ ਬਾਰੇ ਜਾਣੂ ਕਰਵਾਇਆ ਜਾ ਰਿਹਾ ਹੈ।

ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰੋਗਰਾਮ ਅਫਸਰ ਪ੍ਰਦੀਪ ਸਿੰਘ ਗਿੱਲ ਨੇ ਦੱਸਿਆ ਕਿ ਔਰਤਾਂ ਨੂੰ ਬੇਟੀ ਬਚਾਓ ਬੇਟੀ ਪੜਾਓ, ਸਖੀ-ਵਨ ਸਟਾਪ ਸੈਂਟਰ, ਪ੍ਰਧਾਨ ਮੰਤਰੀ ਮਾਤਰੂ ਵੰਦਨਾ ਯੋਜਨਾ, ਮੁਫ਼ਤ ਕਾਨੂੰਨੀ ਸਹਾਇਤਾ, ਮਹਿਲਾ ਹੈਲਪਲਾਈਨ ਨੰਬਰ 181 ਆਦਿ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਜਿਲ੍ਹਾ ਸੰਗਰੂਰ ਵਿੱਚ ਚੱਲ



ਰਹੇ ਸਖੀ ਵਨ ਸਟਾਪ ਸੈਂਟਰ, ਮਹਿਲਾ ਹੈਲਪਲਾਈਨ ਨੰਬਰ ਰਾਹੀਂ ਪੀੜਿਤ ਲੋਕਾਂ ਨੂੰ ਕਾਫੀ ਮਦਦ ਮਿਲ ਰਹੀ ਹੈ ਜਿਸ ਵਿੱਚ ਘਰੇਲੂ ਹਿੰਸਾ, ਤੇਜ਼ਾਬੀ ਹਮਲਾ, ਛੇੜਛਾੜ ਦੇ ਅਪਰਾਧ, ਸਾਈਬਰ ਕ੍ਰਾਈਮ ਜਾਂ ਕਿਸੇ ਵੀ ਤਰ੍ਹਾਂ ਦੇ ਹੋ ਰਹੇ ਅੱਤਿਆਚਾਰ ਸਬੰਧੀ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ ਜਿਸ ਦੇ ਤਹਿਤ ਮਨੋਵਿਗਿਆਨਿਕ ਕੌਂਸਲਿੰਗ, ਪੁਲਿਸ ਸਹਾਇਤਾ, ਮੁਫਤ ਕਾਨੂੰਨੀ ਸਹਾਇਤਾ, ਮੈਡੀਕਲ ਸਹਾਇਤਾ ਅਤੇ ਲੋੜਵੰਦਾਂ ਨੂੰ ਅਸਥਾਈ ਰਿਹਾਇਸ਼ ਪ੍ਰਦਾਨ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸਖੀ-ਵਨ ਸਟਾਪ ਸੈਂਟਰ ਸੰਗਰੂਰ ਹੁਣ ਤੱਕ 800 ਦੇ ਕਰੀਬ ਹਿੰਸਾ ਨਾਲ ਪੀੜਤ ਔਰਤਾਂ ਨੂੰ ਵੱਖ ਵੱਖ ਸਹਾਇਤਾ ਪ੍ਰਦਾਨ ਕਰ ਚੁੱਕਾ ਹੈ ਅਤੇ ਅਜਿਹੀਆਂ ਸਹੂਲਤਾਂ ਮਿਸ਼ਨ ਸੰਕਲਪ ਅਧੀਨ ਇਹ 100 ਦਿਨਾਂ ਦੀ ਜਾਗਰੂਕਤਾ ਗਤੀਵਿਧੀਆਂ ਦੇਸ਼ ਭਰ ਵਿੱਚ ਜਾਰੀ ਹਨ । ਉਨ੍ਹਾਂ ਦੱਸਿਆ ਕਿ ਲੋਕਾਂ ਨੂੰ ਔਰਤਾਂ ਦੇ ਪੱਖ ਵਿੱਚ ਆਏ ਨਵੇਂ ਕਾਨੂੰਨਾਂ ਬਾਰੇ ਜਾਣੂ ਕਰਵਾਉਣ ਦੇ ਨਾਲ-ਨਾਲ ਵਿਭਾਗ ਦੀਆਂ ਸਕੀਮਾਂ ਦੇ ਪਰਚੇ ਦਿੱਤੇ ਜਾ ਰਹੇ ਹਨ ਤਾਂ ਕਿ ਲੋੜਵੰਦ ਔਰਤਾਂ ਲਾਭ ਉਠਾ ਸਕਣ।

# ਲਾਸਾਨੀ ਸ਼ਹੀਦ ਭਾਈ ਮਨੀ ਸਿੰਘ ਜੀ

(ਸਫਾ 21 ਦੀ ਬਾਕੀ)

ਗਿਆਰਵਾਂ ਗੁਰੂ ਮੰਨਦਾ ਸੀ ਤੇ ਉਸ ਸਮੇਂ ਇਸ ਧੜੇ ਦਾ ਨੇਤਾ ਮਹੰਤ ਅਮਰ ਸਿੰਘ ਖੇਮਕਰਨੀਆਂ ਸੀ।ਭਾਈ ਮਨੀ ਸਿੰਘ ਨੇ ਦੋਹਾਂ ਧੜਿਆਂ ਵਿੱਚ ਏਕਤਾ ਕਰਵਾ ਦਿੱਤੀ। ਸੰਮਤ 1790 ਬਿ. (1733 ਈ.) ਦੀ ਦੀਵਾਲੀ ਦਾ ਪੁਰਬ ਨੇੜੇ ਆ ਚੁੱਕਾ ਸੀ। ਉਸ ਨੂੰ ਮਨਾਉਣ ਲਈ ਲਾਹੌਰ ਦੇ ਨਾਮੀ ਸਿੰਘਾਂ ਸੂਬਦਾਰ (ਜ਼ਕਰੀਆ ਖਾਨ) ਨਾਲ ਗੱਲ ਤੋਰੀ।ਉਸ ਨੇ ਮੇਲੇ ਦੀ ਇਜਾਜ਼ਤ ਦੇਣ ਬਦਲੇ ਜਜ਼ੀਆ (ਕਰ) ਮੰਗਿਆ। ਭਾਈ ਸਾਹਿਬ ਜਜ਼ੀਏ ਦੀ ਰਕਮ ਮੇਲੇ ਉਪਰੰਤ ਦੇਣੀ ਪੱਕੀ ਕਰਕੇ ਵਾਪਸ ਅੰਮ੍ਰਿਤਸਰ ਪਰਤੇ। ਚਿੱਠੀਆਂ ਰਾਹੀਂ ਸਾਰੇ ਸਿੱਖਾਂ ਨੂੰ ਸ਼ਾਮਲ ਹੋਣ ਲਈ ਸਦਾ ਪੱਤਰ ਭੇਜੇ ਗਏ। ਇਧਰ ਮੀਣਿਆਂ ਨੇ ਸਿੱਖਾਂ ਨੂੰ ਪੂਰੀ ਤਰ੍ਹਾਂ ਖਤਮ ਕਰਨ ਦੀਆਂ ਗੋਂਦਾਂ ਗੁੰਦੀਆਂ ਅਤੇ ਸੂਬੇ ਨੂੰ ਉਕਸਾਇਆ।

ਲਾਹੌਰ ਨਿਵਾਸੀ ਸਿੰਘਾਂ ਨੂੰ ਸਾਰੀ ਸਾਜ਼ਿਸ਼ ਦਾ ਪਤਾ ਲੱਗਣ 'ਤੇ ਉਨ੍ਹਾਂ ਨੇ ਭਾਈ ਮਨੀ ਸਿੰਘ ਨੂੰ ਤੁਰੰਤ ਸੂਚਿਤ ਕੀਤਾ। ਆਪ ਨੇ ਤੁਰੰਤ ਚਿੱਠੀਆਂ ਲਿਖਕੇ ਸਿੰਘਾਂ ਨੂੰ ਅੰਮ੍ਰਿਤਸਰ ਆਉਣ ਤੋਂ ਵਰਜ ਦਿੱਤਾ। ਫਲਸਰੂਪ, ਦਰਬਾਰ ਸਾਹਿਬ ਵਿੱਚ ਚੜ੍ਹਤ ਬਹੁਤ ਘਟ ਚੜ੍ਹੀ, ਜਿਸ ਕਰਕੇ ਕਰ ਦੀ ਰਕਮ ਅਦਾ ਨਾ ਕੀਤੀ ਜਾ ਸਕੀ। ਸੂਬੇ ਨੂੰ ਕਰ ਨਾ ਮਿਲਣ ਕਾਰਨ ਉਸ ਨੇ ਭਾਈ ਮਨੀ ਸਿੰਘ ਦੀ ਜਵਾਬ-ਤਲਬੀ ਕੀਤੀ। ਭਾਈ ਮਨੀ ਸਿੰਘ ਨੇ ਸਥਿਤੀ ਸਪੱਸ਼ਟ ਕਰਨ ਲਈ ਭਾਈ ਭੂਪਤਿ ਸਿੰਘ ਅਤੇ ਭਾਈ ਗੁਲਜ਼ਾਰਾ ਸਿੰਘ ਨੂੰ ਲਾਹੌਰ ਭੇਜਿਆ। ਇਨ੍ਹਾਂ ਨੇ ਸਾਰਾ ਕੁਝ ਦਸਿਆ ਤੇ ਇਹ ਰਕਮ ਵਿਸਾਖੀ ਪੁਰਬ 'ਤੇ ਦੇਣ ਦਾ ਵਾਅਦਾ ਕੀਤਾ।ਸੂਬੇ ਨੇ ਕੁਰਾਨ ਦੀ ਕਸਮ ਚੁੱਕ ਕੇ ਪਰਸਪਰ ਮੇਲ ਅਤੇ ਸ਼ਾਂਤੀ ਦਾ ਵਿਸ਼ਵਾਸ ਦਿਵਾਇਆ। ਸਿੰਘਾਂ ਨੇ ਦਸ ਦਿਨਾਂ ਲਈ ਵਿਸਾਖੀ ਦਾ ਪੁਰਬ ਮਨਾਉਣ ਲਈ ਦਸ ਹਜ਼ਾਰ ਰੁਪਏ ਦੇਣੇ ਕਰਕੇ ਪ੍ਰਵਾਨਗੀ ਲਿਖਤੀ ਰੂਪ ਵਿੱਚ ਪ੍ਰਾਪਤ ਕਰ ਲਈ। ਦੋਹਾਂ ਸਿੰਘਾਂ ਨੇ ਪਰਤ ਕੇ ਸਾਰੀ ਗੱਲ ਭਾਈ ਮਨੀ ਸਿੰਘ ਨੂੰ ਦੱਸੀ।

ਵਿਸਾਖੀ ਦਾ ਪੁਰਬ ਆ ਗਿਆ। ਜੁਝਾਰੂ ਖਾਲਸਾ ਦੂਰ ਰਿਹਾ ਕਿਉਂਕਿ ਭਾਈ ਮਨੀ ਸਿੰਘ ਨੂੰ ਪਹਿਲਾਂ ਹੀ ਖਬਰ ਮਿਲ ਚੁੱਕੀ ਸੀ ਕਿ ਲਖੂ (ਲਖਪਤ ਰਾਇ) ਨਾਂ ਦੇ ਵਜ਼ੀਰ ਨੂੰ ਲਾਹੌਰ ਦੇ ਸੂਬੇ ਨੇ ਸਿੱਖਾਂ ਨੂੰ ਕੁਚਲਣ ਲਈ ਫੌਜ ਸਹਿਤ ਰਾਮ ਤੀਰਥ ਠਹਿਰਾ ਰਖਿਆ ਸੀ। ਪਰ ਸਿੰਘਾਂ ਦੇ ਨਾ ਆਉਣ ਕਰਕੇ ਹਾਕਮਾਂ ਦੀ ਸਾਰੀ ਸਾਜ਼ਿਸ਼ ਵਿਅਰਥ ਸਿੱਧ ਹੋਈ। ਇਸ 'ਤੇ ਸਭ ਵੈਰੀਆਂ ਨੇ ਰਲ ਕੇ ਸੂਬੇ ਦੇ ਕੰਨ ਭਰੇ ਕਿ ਬੁਕਲ ਦੇ ਸੱਪ ਵਰਗੇ ਸਿੱਖਾਂ ਦੇ ਮੁਖੀਏ ਭਾਈ ਮਨੀ ਸਿੰਘ ਨੂੰ ਜਲਦੀ ਖਤਮ ਕਰਨਾ ਚਾਹੀਦਾ ਹੈ। ਫਲਸਰੂਪ ਲਾਹੌਰ ਦੀ ਫੌਜ ਨੇ ਅੰਮ੍ਰਿਤਸਰ ਨੂੰ ਘੇਰ ਲਿਆ ਅਤੇ ਭਾਈ ਮਨੀ ਸਿੰਘ ਆਦਿ ਨਾਮੀ ਸਿੱਖਾਂ ਨੂੰ ਫੜ ਕੇ ਲਾਹੌਰ ਲੈ ਗਏ। ਇਸ ਤੋਂ ਇਲਾਵਾ ਹੋਰ ਨੇੜੇ ਤੇੜੇ ਦੇ ਸਿੱਖ ਵੀ ਫੜ ਲਏ ਗਏ ਅਤੇ ਸਭ ਸਿੱਖਾਂ ਦੇ ਘਰ ਬਾਰ ਲੁਟ ਲਏ ਗਏ।ਸਭ ਪਾਸੇ ਹਾਹਾਕਾਰ ਮਚ ਗਿਆ। ਸਥਿਤੀ ਅਨੁਕੂਲ ਨਾ ਵੇਖ ਕੇ ਸੁਖਾ ਸਿੰਘ ਵਰਗੇ ਜੁਝਾਰੂ ਸਿੰਘ ਜੈਪੁਰ ਵੱਲ ਚਲ ਗਏ। ਲਾਹੌਰ ਦੇ ਸੂਬੇ ਨੇ ਅੰਮ੍ਰਿਤ ਸਰੋਵਰ ਮਿੱਟੀ, ਹੱਡ, ਚੰਮ ਆਦਿ ਨਾਲ ਪੂਰ ਦਿੱਤਾ। ਲਾਹੌਰ ਦੇ ਜ਼ੇਲਖਾਨੇ ਵਿੱਚ ਭਾਈ ਮਨੀ ਸਿੰਘ ਸਿੰਘਾਂ ਨੂੰ ਨਿੱਤਪ੍ਰਿਤ ਕਥਾ ਸੁਣਾਂਦੇ ਰਹੇ। ਸੂਬੇ ਨੇ ਭਾਈ ਮਨੀ ਸਿੰਘ ਨੂੰ ਬੁਲਾ ਕੇ ਕਿਹਾ ਕਿ ਉਸ ਪਾਸ ਨਿੱਤ ਸਿੱਖ ਆਂਉਂਦੇ ਜਾਂਦੇ ਰਹਿੰਦੇ ਹਨ, ਉਹ ਉਨ੍ਹਾਂ ਸਾਰਿਆਂ ਨੂੰ ਪਕੜਾ ਦੇਵੇ ਨਹੀਂ ਤਾਂ ਉਸ ਦੀ ਆਪਣੀ ਸ਼ਾਮਤ ਆਵੇਗੀ। ਪਰ ਭਾਈ ਮਨੀ ਸਿੰਘ ਨੇ ਰੋਹ ਵਿੱਚ ਆ ਕੇ ਕਿਹਾ :-

ਮਨੀ ਸਿੰਘ ਤਬ ਇਮ ਕਹਿਯੋ : 'ਸੁਣੇ ਬਹਾਦਰ ਖਾਨ।ਨਿਸ ਦਿਨ ਬੋਲੋਂ ਝੂਠ ਤਉਂ, ਖਾ ਕੇ ਕਸਮ ਕੁਰਾਨ। 198।

ਝੂਠ ਬੋਲਣਾ ਖਾਨ ਜੀ।ਨਹਿ ਸਿੰਘਨ ਕਾ ਕਾਮ। ਕੱਟ ਜਾਏ ਅੰਗ ਅੰਗ ਭੀ, ਦੇਣਾ ਦਗਾ ਹਰਾਮ। 199।


ਹੋਰਨਾਂ ਮੁੱਖੀ ਸਿੰਘਾਂ ਨੇ ਵੀ ਡੱਟ ਕੇ ਭਾਈ ਮਨੀ ਸਿੰਘ ਦਾ ਸਾਥ ਦਿੱਤਾ। ਸੂਬੇ ਨੇ ਭਾਈ ਗੁਲਜ਼ਾਰ ਸਿੰਘ, ਭਾਈ ਭੂਪਤਿ ਸਿੰਘ, ਭਾਈ ਮੁਹਕਮ ਸਿੰਘ, ਭਾਈ ਚੈਨ ਸਿੰਘ, ਭਾਈ ਕੀਰਤ ਸਿੰਘ, ਭਾਈ ਆਲਮ ਸਿੰਘ, ਭਾਈ ਅਉਲੀਆ ਸਿੰਘ, ਭਾਈ ਸੰਗਤ ਸਿੰਘ, ਭਾਈ ਕਾਨ੍ਹ ਸਿੰਘ ਆਦਿਕ ਮੁੱਖੀ ਸਿੰਘਾਂ ਨੂੰ ਭਾਈ ਮਨੀ ਸਿੰਘ ਸਹਿਤ ਬਹੁਤ ਕਸ਼ਟ ਅਤੇ ਦੁੱਖ ਦਿੱਤੇ ਅਤੇ ਅੰਤ ਸੰਮਤ 1791 (1734 ਈ.) ਹਾੜ ਸੁਦੀ ਪੰਚਮੀ ਨੂੰ ਭਾਈ ਮਨੀ ਸਿੰਘ ਨੂੰ ਹੋਰ ਸਿੰਘਾਂ ਸਹਿਤ ਨਿਖਾਸ ਚੌਂਕ (ਜਿਥੇ ਹੁਣ ਗੁਰਦੁਆਰਾ ਸ਼ਹੀਦ ਗੰਜ ਹੈ), ਵਿੱਚ ਬੰਦ ਬੰਦ ਕੱਟ ਕੇ ਸ਼ਹੀਦ ਕੀਤਾ ਗਿਆ। ਇਸ ਤਰ੍ਹਾਂ ਭਾਈ ਮਨੀ ਸਿੰਘ ਨੇ 90 ਵਰ੍ਹਿਆਂ ਦੀ ਉਮਰ ਵਿੱਚ ਬੰਦ ਬੰਦ ਕਟਵਾਕੇ ਆਪਣੀ ਸ਼ਹਾਦਤ ਦਿੱਤੀ। ਭਾਈ ਮਨੀ ਸਿੰਘ ਦੇ ਸੰਮਤ 1791 (1734) ਈ. ਵਿੱਚ ਬੰਦ ਬੰਦ ਕੱਟੇ ਜਾਣ ਦੀ ਘਟਨਾ ਨਾਲ ਲਗਭਗ ਸਾਰੇ ਇਤਿਹਾਸਕਾਰ ਅਤੇ ਭੱਟ-ਵਹੀਆਂ ਸਹਿਮਤ ਹਨ।

ਵਧੇਰੇ ਜਾਣਕਾਰੀ ਪ੍ਰਾਪਤ ਕਰਨ ਲਈ ਪੜ੍ਹੋ ਪੁਸਤਕ, ਭਾਈ ਮਨੀ ਸਿੰਘ , ਜੀਵਨ ਤੇ ਰਚਨਾ,ਲੇਖਕ ਡਾ.ਰਤਨ ਸਿੰਘ ਜੱਗੀ, ਪ੍ਰਕਾਸ਼ਕ ਪੰਜਾਬੀ ਯੂਨੀਵਰਸਿਟੀਪਟਿਆਲਾ,199333333

# ਪੁਸਤਕ ਸਮੀਖਿਆ

**ਕਾਵਿ ਸੰਗ੍ਰਹਿ: ਕੋਮਲ ਪੱਤੀਆਂ ਦਾ ਉਲਾਂਭਾ**
**ਸ਼ਾਇਰ: ਦਵਿੰਦਰ ਪਟਿਆਲਵੀ -6283976369**
**ਪੰਨੇ: 98 ,ਕੀਮਤ :195/- ਰੁਪਏ**
**ਛਾਪਕ: ਕੇਅ ਪਬਲੀਕੇਸ਼ਨਜ਼, ਬਰੇਟਾ**

ਪੰਜਾਬੀ ਮਿੰਨੀ ਕਹਾਣੀ ਅਤੇ ਕਾਵਿਧਾਰਾ ਦਾ ਖੂਬਸੂਰਤ ਹਸਤਾਖਰ ਹੈ ਦਵਿੰਦਰ ਪਟਿਆਲਵੀ। ਉਹ ਸਾਹਿਤਕ ਸਭਾਵਾਂ ਚੋਂ ਉਪਜਿਆ ਖੁਬਸੂਰਤ ਸਾਹਿਤਕ ਸਿਰਜਕ ਸਾਹਿਤਕਾਰ ਹੈ। ਉਹ ਜਿੰਨਾਂ ਵਧੀਆ ਲੇਖਕ ਹੈ, ਉਸ ਤੋਂ ਕਿਤੇ ਜ਼ਿਆਦਾ ਸਮਾਜਿਕ ,ਸੱਭਿਆਚਾਰਕ ਅਤੇ ਪਰਿਵਾਰਕ ਕਦਰਾਂ ਕੀਮਤਾਂ ਦੇ ਗੁਣਾਂ ਨਾਲ ਭਰਪੂਰ ਇਨਸਾਨੀ ਪੁਤਲਾ ਹੈ। ਉਹ ਆਪਣੇ ਸਾਹਿਤ ਪ੍ਰੇਮੀ ਪਿਤਾ ਨੂੰ ਆਪਣਾ ਆਦਰਸ਼ ਮੰਨਦਾ ਹੈ ਅਤੇ ਉੱਘੇ ਸਾਹਿਤਕਾਰ ਜਗਦੀਸ਼ ਅਰਮਾਨੀ ਜੀ ਦਾ ਉਸਦੀਆਂ




ਸਾਹਿਤਕ ਲਿਖਤਾਂ ਉੱਪਰ ਡੂੰਘਾ ਅਸਰ ਹੈ। ਉਹ ਪੰਜਾਬੀ ਤ੍ਰੈਮਾਸਿਕ ਮਿੰਨੀ ਕਹਾਣੀ ਰਸਾਲਾ "ਛਿਣ" ਦਾ ਸੰਪਾਦਕ, ਪੰਜਾਬੀ ਸਾਹਿਤ ਸਭਾ ਪਟਿਆਲਾ ਦੇ ਜਨਰਲ ਸਕੱਤਰ ਅਤੇ ਐਕਸਾਈਜ਼ ਅਤੇ ਟੈਕਸੇਸ਼ਨ ਵਿਭਾਗ ਚ ਅਧਿਕਾਰੀ ਹੈ। ਪੰਜਾਬੀ ਮਿੰਨੀ ਕਹਾਣੀ ਸੰਗ੍ਰਹਿ 'ਛੋਟੇ ਲੋਕ' ਨਾਲ ਇਸ ਤੋਂ ਪਹਿਲਾਂ ਵੀ ਉਹ ਸਾਹਿਤਕ ਅੰਬਰਾਂ ਚ ਉਡਾਰੀ ਭਰ ਚੁੱਕਿਆ ਹੈ ਅਤੇ ਹਿੰਦੀ ਲਘੂ ਕਥਾਵਾਂ ਨੂੰ 'ਉਡਾਣ' ਚ ਅਨੁਵਾਦ ਕਰਕੇ ਸਾਹਿਤ ਦੇ ਵਿਹੜੇ ਦੀ ਸਰਦਲ ਤੇ ਦਸਤਕ ਦੇ ਚੁੱਕਾ ਹੈ। ਉਸ ਵਾਰਤਕ ਤਜਰਬੇ ਤੋਂ ਬਾਅਦ ਉਹ ਆਪਣੇ ਹੱਥਲੇ ਕਾਵਿ ਸੰਗ੍ਰਹਿ "ਕੋਮਲ ਪੱਤੀਆਂ ਦਾ ਉਲਾਂਭਾ" ਨਾਲ ਸਾਹਿਤਕ ਪਿੜ ਚ ਪੱਕੇ ਪੈਰੀਂ ਖਲੋਣ ਚ ਕਾਮਯਾਬ ਹੋ ਗਿਆ ਹੈ। ਲੰਮੇ ਸਮੇਂ ਦੇ ਮਿਲਵਰਤਣ 'ਚ ਉਸ ਨਾਲ ਵਿਚਰਦਿਆਂ ਕਦੇ ਵੀ ਕਵਿਤਾਵਾਂ ਲਿਖਣ ਅਤੇ ਉਸਦੇ ਅੰਦਰ ਛੁਪੇ ਕਵੀ ਦਾ ਕਦੇ ਅਹਿਸਾਸ ਨਹੀਂ ਹੋਇਆ,ਪਰ ਇਸ ਕਾਵਿ ਸੰਗ੍ਰਹਿ ਨਾਲ ਉਸਦੇ ਅੰਦਰਲੇ ਕਾਵਿਕ ਰੂਪ ਨੂੰ ਖੁੱਲ ਕੇ ਬਾਹਰ ਆਉਣ ਦਾ ਮੌਕਾ ਮਿਲਿਆ ਹੈ।

ਉਹ ਕੋਮਲ ਭਾਵੀ ਸ਼ਾਇਰ ਹੈ ਅਤੇ ਆਪਣੇ ਕੋਮਲ ਭਾਵਾਂ ਨੂੰ ਹੀ ਆਪਣੀ ਸਿਰਜਣਾ ਦਾ ਆਧਾਰ ਬਣਾਕੇ ਪੇਸ਼ ਕਰਦਾ ਹੈ। ਉਹਨੇ ਆਪਣੇ ਅਹਿਸਾਸਾਂ ਨੂੰ ਕਵਿਤਾਵਾਂ ਦੇ ਰੂਪ ਚ ਵਿਅਕਤ ਕਰਨ ਚ ਸ਼ਲਾਘਾਯੋਗ ਕਾਮਯਾਬੀ ਹਾਸਲ ਕੀਤੀ ਹੈ। ਉਹਨੇ ਆਪਣੀਆਂ ਬੇਟੀਆਂ ਅਤੇ ਜ਼ਿਆਦਾਤਰ ਬੱਚਿਆਂ ਦੇ ਅਹਿਸਾਸਾਂ ਅਤੇ ਉਹਨਾਂ ਦੇ ਜੀਵਨ ਦੀ ਦੁਸ਼ਵਾਰੀਆਂ ਨੂੰ ਪੇਸ਼ ਕੀਤਾ ਹੈ। ਬੱਚਿਆਂ ਦਾ ਮਾਪਿਆਂ ਪ੍ਰਤੀ ਫ਼ਿਕਰਮੰਦੀ ਪ੍ਰਗਟਾਉਂਣ ਨੂੰ ਉਸਨੇ ਆਪਣੀ ਕਵਿਤਾ 'ਬੇਟੀਆਂ ਦਾ ਫ਼ਿਕਰ' ਸਿਰਲੇਖ ਅਧੀਨ ਬਹੁਤ ਹੀ ਖ਼ੂਬਸੂਰਤੀ ਨਾਲ ਬਿਆਨਿਆ ਹੈ

ਲੌਕਡਾਊਨ ਦਰਮਿਆਨ ਘਰ ਤੋਂ ਬਾਹਰ ਜਾਂਦੇ ਨੂੰ ਦੇਖ ਕੇ
ਬੇਟੀ ਆਉਂਦੀ ਹੈ ਕੋਲ ਫ਼ਿਕਰ ਜਿਹੇ ਨਾਲ ਪੁੱਛਦੀ ਹੈ
ਪਾਪਾ ਕਿੱਥੇ ਚੱਲੇ ਹੋ?
ਅਸੀਂ ਬਣਾ ਲਵਾਂਗੇ ਸਭ ਕੁਝ ਘਰ ਹੀ ਪੁੱਛ ਕੇ ਮਾਂ ਤੋਂ
ਤੇ ਦੇਖ ਕੇ ਨੈਟ ਤੋਂ
ਪਾਪਾ ਕਿਰਪਾ ਕਰਕੇ ਤੁਸੀਂ ਨਾ ਜਾਓ...

ਇਸੇ ਤਰ੍ਹਾਂ 'ਪਾਪਾ ਦੇ ਨਾਂ' ਕਵਿਤਾ ਚ ਉਸਨੇ ਬੱਚੇ ਦੇ ਆਪਣੇ ਪੈਰਾਂ ਸਿਰ ਆਪਣੇ ਬਲਬੂਤੇ ਖਲੋਣ ਲਾਇਕ ਬਣਨ ਲਈ ਪਿਤਾ ਦੀ ਭੂਮਿਕਾ ਦਾ ਜ਼ਿਕਰ ਕੀਤਾ ਹੈ। ਇਸੇ ਤਰ੍ਹਾਂ ਹੋਰ ਵੀ ਕਾਫੀ ਕਵਿਤਾਵਾਂ ਦੀ ਸਿਰਜਣਾ ਉਸਨੇ ਆਪਣੀਆਂ ਬੇਟੀਆਂ ਦੀਆਂ ਨਿੱਕੀਆਂ ਨਿੱਕੀਆਂ ਘਰ ਅੰਦਰ ਅਤੇ ਬਾਹਰ ਦੀਆਂ ਹਰਕਤਾਂ ਨੂੰ ਕਲਮਬੱਧ ਕਰਕੇ ਆਪਣੇ ਕਾਵਿ ਅਨੁਭਵ ਬਿਆਨਿਆ ਹੈ।



ਇੰਜੀ ਸਤਨਾਮ ਸਿੰਘ ਮੱਟੂ
9779708257

ਉਸਨੇ ਜ਼ਿਆਦਾਤਰ ਰੋਜ਼ਮਰਾ ਘਰੇਲੂ ਵਰਤਾਰਿਆਂ ਅਤੇ ਕਰਮ ਕਾਰਜਾਂ ਦੇ ਯਥਾਰਥ ਨੂੰ ਆਪਣੀਆਂ ਕਵਿਤਾਵਾਂ ਦੇ ਵਿਸ਼ੇ ਵਜੋਂ ਚੁਣਿਆ ਹੈ।

ਪਿੰਗਲਵਾੜਾ ਆਸ਼ਰਮ, ਕੱਪੜੇ ਸਿਉਣ ਵਾਲੀ, ਰੋਟੀ ਰਿਕਸ਼ਾ ਤੇ ਡਿਗਰੀਆਂ ਆਦਿ ਕਵਿਤਾਵਾਂ ਉਸਨੇ ਨਾਲ ਸਮਾਜਿਕ, ਆਰਥਿਕ, ਪਰਿਵਾਰਕ ਰਿਸ਼ਤਿਆਂ ਅਤੇ ਸੱਭਿਆਚਾਰਕ ਕਦਰਾਂ ਕੀਮਤਾਂ ਦੀਆਂ ਪ੍ਰਸਥਿਤੀਆਂ ਹੰਢਾਉਣ ਨੂੰ ਚਿਤਰਨ ਕੀਤਾ ਹੈ।

ਮੇਰੇ ਕੋਲ ਕੁਝ ਵੀ ਨਹੀਂ' ਕਵਿਤਾ ਚ ਬੇਵੱਸ ਲੋਕਾਂ ਤਰਾਸਦੀ ਪ੍ਰਤੀ ਫ਼ਿਕਰਮੰਦੀ ਜ਼ਾਹਰ ਕਰਦਿਆਂ ਉਸਨੇ ਲਿਖਿਆ ਹੈ:

ਜਿੱਥੇ ਕਿਤੇ ਵੀ ਦੇਖਿਆ
ਗਰੀਬਾਂ, ਦੁਖੀ ਬੇਸਹਾਰੇ
ਲੋਕਾਂ ਨੂੰ ਭੁੱਖ ਨਾਲ ਮਰਦੇ
ਰਿਸ਼ਤਿਆਂ ਦਾ ਦਰਦ ਹੰਢਾਉਂਦੇ ਜ਼ੁਲਮ ਸਹਿੰਦੇ ਲੋਕਾਂ ਨੂੰ

ਇਸ ਤੋਂ ਇਲਾਵਾ ਕੰਟੀਨ ਵਾਲਾ ਟਿੰਕਾ, ਟਿਫਿਨ, ਰਸੋਈ, ਸੈਰ ਕਰਦੇ

ਕਾਲਜ ਪੜਨ ਵਾਲੇ ਬੱਚੇ, ਵਿਆਹ ਦੀ ਵਰ੍ਹੇਗੰਢ ਮਨਾਉਣ ਵਾਲੇ ਜੋੜਿਆਂ ਦੇ ਨਾਂ, ਬੱਚਿਆਂ ਦੀ ਚੀਜੀ, ਛੁੱਟੀ ਵਾਲਾ ਦਿਨ, ਪ੍ਰੀਤੀ ਦੇ ਨਾਂ, ਮੇਰੀਆਂ ਕਿਤਾਬਾਂ, ਪਤਨੀ ਦਾ ਜਨਮ ਦਿਨ, ਮੁਸ਼ਕਾਨ ਦੇ ਨਾਂ, ਸਕੂਲ ਜਾਣ ਸਮੇਂ ਮੁਸਕਾਨ ਦੀ ਐਕਟਿੰਗ ਆਦਿ ਯਥਾਰਥ ਅਧਾਰਿਤ ਪੜਨਯੋਗ ਕਵਿਤਾਵਾਂ ਹਨ। ਇਸ ਪੁਸਤਕ ਨਾਲ ਸਾਹਿਤਕ ਖੇਤਰ ਚ ਦਵਿੰਦਰ ਪਟਿਆਲਵੀ ਦੇ ਚਾਹੁਣ ਵਾਲਿਆਂ ਦਾ ਘੇਰਾ ਹੋਰ ਵੀ ਮੋਕਲਾ ਹੋਵੇਗਾ।

**ਪੁਸਤਕ: ਨਵੀਆਂ ਕਲਮਾਂ ਨਵੀਂ ਉਡਾਣ**
**ਲੇਖਕ: ਸਰਕਾਰੀ ਸਕੂਲ ਦੇ ਬੱਚੇ**
**ਸੰਪਾਦਕ : ਉਂਕਾਰ ਸਿੰਘ ਤੇਜੇ-9592979592**
**ਪੰਨੇ :103 , ਕੀਮਤ :150/-**
**ਛਾਪਕ: ਜੇ ਪੀ ਪਬਲੀਕੇਸ਼ਨ ਪਟਿਆਲਾ**

'ਨਵੀਆਂ ਕਲਮਾਂ ਨਵੀਂ ਉਡਾਣ' ਆਲੋਵਾਲ ਸਕੂਲ 'ਚ ਉੱਗੇ ਸਾਹਿਤਕ ਬੂਟੇ ਦੀਆਂ ਵਿਦੇਸ਼ਾਂ ਤੱਕ ਫੈਲੀਆਂ ਟਾਹਣੀਆਂ। ਬੱਚਿਆਂ ਅੰਦਰ ਬਹੁਪੱਖੀ ਪ੍ਰਤਿਭਾਵਾਂ ਅੰਗੜਾਈਆਂ ਲੈ ਰਹੀਆਂ ਹੁੰਦੀਆਂ ਹਨ, ਲੋੜ ਬੱਸ ਉਹਨਾਂ ਨੂੰ ਉਤਸ਼ਾਹ ਦੇਣ ਲਈ ਤੀਲੀ ਲਾਉਣ ਦੀ ਹੁੰਦੀ ਹੈ। ਜਦੋਂ ਬੱਚਿਆਂ ਨੂੰ ਸਹਿਯੋਗੀ ਵਜੋਂ ਅਧਿਆਪਕ ਉਤਸ਼ਾਹਿਤ ਕਰਨ ਲੱਗ ਜਾਵੇ ਤਾਂ ਬੱਚਿਆਂ ਦੇ ਬਹੁ ਪੱਖੀ ਵਿਕਾਸ 'ਚੋਂ ਸਿਰਜਣਾਤਮਕ ਰੁਚੀਆਂ ਦੇ ਵਿਕਸਤ ਹੋਣ ਦੀ ਸੰਭਾਵਨਾ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਬੱਚੇ ਕੋਮਲ ਭਾਵੀ ਮਨ ਦੇ ਸੱਚੇ ਅਤੇ ਸਾਫ਼ ਹੁੰਦੇ ਹਨ। ਬੱਸ ਉਹਨਾਂ ਦੀ ਭਾਵਨਾਵਾਂ ਨੂੰ ਜਗਾਉਣ ਅਤੇ ਤਰਾਸ਼ਣ ਦੀ ਜ਼ਰੂਰਤ ਹੁੰਦੀ ਹੈ।

ਇਸੇ ਤਰ੍ਹਾਂ ਪਟਿਆਲਾ ਜ਼ਿਲ੍ਹੇ ਦੇ ਸਰਕਾਰੀ ਸਕੂਲ ਚ ਪੜਾਉਂਦੇ ਸਾਹਿਤਕਾਰ ਅਧਿਆਪਕ ਉਂਕਾਰ ਸਿੰਘ ਤੇਜੇ ਨੇ ਬੱਚਿਆਂ ਅੰਦਰ ਛੁਪੀਆਂ ਸਾਹਿਤਕ ਕਲਾਵਾਂ ਨੂੰ ਮਹਿਸੂਸ ਕੀਤਾ ਅਤੇ ਇਸਨੂੰ ਉਭਾਰਨ ਲਈ ਨਿਵੇਕਲਾ ਕਾਰਜ ਕੀਤਾ ਹੈ।

ਹੱਥਲੀ ਪੁਸਤਕ 'ਨਵੀਆਂ ਕਲਮਾਂ ਨਵੀਂ ਉਡਾਣ' ਨੰਨੇ ਮੁੰਨੇ 6ਵੀਂ ਕਲਾਸ ਤੋਂ 12ਵੀਂ ਕਲਾਸ ਤੱਕ ਬੱਚਿਆਂ ਦੀਆਂ ਖ਼ੂਬਸੂਰਤ ਰਚਨਾਵਾਂ ਦਾ ਗੁਲਦਸਤਾ ਹੀ ਨਹੀਂ, ਆਲੋਵਾਲ ਸਕੂਲ ਲੱਗਿਆ ਸਾਹਿਤਕ ਬੂਟਾ ਹੈ। ਹੁਣ ਇਸਦੇ ਬੀਜ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਚ ਨਹੀਂ, ਭਾਰਤ ਦੇ ਹੋਰ ਸੂਬਿਆਂ ਤੋਂ ਇਲਾਵਾ ਪਾਕਿਸਤਾਨ, ਕੇਨੈਡਾ, ਅਮਰੀਕਾ, ਬਰਤਾਨੀਆ ਆਦਿ ਮੁਲਕਾਂ ਚ ਖਿੱਲਰ ਗਏ ਹਨ ਅਤੇ ਉੱਥੇ ਵੀ ਬਾਲ ਸਿਰਜਣਾਤਮਕ ਕਾਰਜ ਲਈ ਬੱਚਿਆਂ ਚ ਪੂਰਾ ਉਤਸ਼ਾਹ ਹੈ। ਇਹ ਹੱਥਲਾ "ਨਵੀਆਂ ਕਲਮਾਂ ਨਵੀਂ ਉਡਾਣ" ਪਲੇਠਾ ਕਾਵਿ ਅਤੇ ਵਾਰਤਕ ਸੰਗ੍ਰਹਿ ਹੈ। ਇਸ ਵਿਚ 6ਵੀਂ ਕਲਾਸ ਤੋਂ ਲੈਕੇ 12ਵੀਂ ਕਲਾਸ ਤੱਕ ਦੇ ਸਾਰੇ ਪੰਜਾਬ ਦੇ ਸਕੂਲਾਂ ਦੇ ਬੱਚਿਆਂ ਦੀਆਂ ਰਚਨਾਵਾਂ ਨੂੰ ਸ਼ਾਮਿਲ ਕੀਤਾ ਗਿਆ ਹੈ।

ਇਸ ਪੁਸਤਕ ਨਾਲ ਪੰਜਾਬ ਭਵਨ, ਸਰੀ (ਕਨੇਡਾ) ਦੀ ਪੰਜਾਬੀ ਮਾਂ ਬੋਲੀ ਲਈ ਕਾਰਜਸ਼ੀਲ ਸੰਸਥਾ ਦੇ ਸੰਸਥਾਪਕ ਅਤੇ ਕੇਨੈਡਾ ਦੀ ਉਦਯੋਗਪਤੀ ਸਖ਼ਸ਼ੀਅਤ ਸੁੱਖੀ ਬਾਠ ਨੂੰ ਜਲੰਧਰ ਵਿਖੇ ਮਿਲਾਇਆ ਗਿਆ। ਉਹਨਾਂ ਨੇ ਇਸ ਪੁਸਤਕ ਚ ਸ਼ਾਮਿਲ ਸਾਰੇ ਲੇਖਕ ਬੱਚਿਆਂ ਨੂੰ ਸਨਮਾਨਿਤ ਕੀਤਾ ਅਤੇ ਇਸ ਕਾਰਜ ਲਈ ਸਾਰੀ ਵਿੱਤੀ ਸਹਾਇਤਾ ਦੀ ਜ਼ੁੰਮੇਵਾਰੀ ਚੁੱਕ ਲਈ।

ਇਸ ਪੁਸਤਕ ਮੌਜੂਦਾ ਰੂਪ ਚ ਲਿਆਉਂਣ ਲਈ ਉਂਕਾਰ ਸਿੰਘ ਤੇਜੇ ਦੀ ਮਿਹਨਤ ਦੀ ਦਾਦ ਦੇਣੀ ਬਣਦੀ ਹੈ ਅਤੇ ਇਹ 104 ਪੰਨਿਆਂ ਦੀ ਪੁਸਤਕ ਬਾਲ ਸਾਹਿਤ ਖੇਤਰ ਚ ਇੱਕ ਮੀਲ ਪੱਥਰ ਬਣ ਗਈ ਹੈ। ਇਸ ਪੁਸਤਕ 'ਚ ਪੰਨਾ ਨੰਬਰ 11 ਤੋਂ ਪੰਨਾ ਨੰਬਰ 88 ਤੱਕ ਬੱਚਿਆਂ ਦੀਆਂ ਕਾਵਿ ਰਚਨਾਵਾਂ ਨੂੰ ਸ਼ਾਮਿਲ ਕੀਤਾ ਗਿਆ ਹੈ ਅਤੇ ਪੰਨਾ 89 ਤੋਂ 104 ਤੱਕ ਕਹਾਣੀ ਸ਼ਾਮਿਲ ਹਨ। ਇਸ ਪਹਿਲੇ ਆਡੀਸਨ ਚ ਪਟਿਆਲਾ, ਅੰਮ੍ਰਿਤਸਰ, ਸ੍ਰੀ ਮੁਕਤਸਰ ਸਾਹਿਬ, ਚੰਡੀਗੜ੍ਹ, ਮਲੇਰਕੋਟਲਾ, ਮੋਹਾਲੀ, ਜਲੰਧਰ, ਸੰਗਰੂਰ, ਬਰਨਾਲਾ, ਲੁਧਿਆਣਾ , ਮੋਗਾ ਜ਼ਿਲ੍ਹਿਆਂ ਤੋਂ ਇਲਾਵਾ ਕੇਨੈਡਾ ਦੇ ਬੱਚਿਆਂ ਦੀਆਂ ਰਚਨਾਵਾਂ ਸ਼ਾਮਿਲ ਹਨ।

ਕਵਿਤਾਵਾਂ ਇਹ ਧਰਤੀ ਹੈ, ਧੀਆਂ, ਨਸ਼ਾ, ਪਹਿਚਾਣ, ਸਾਡੇ ਅਧਿਆਪਕ, ਜੰਮੀ ਧੀ, ਛੋਟੇ ਸਾਹਿਬਜ਼ਾਦੇ ਮੇਰੀ ਪਿਆਰੀ ਦਾਦੀ, ਬਾਪੂ ਫੁੱਲਾਂ ਵਰਗੇ, ਪੰਜਾਬੀ,ਚਿੱਟਾ ਪੰਜਾਬ ਸਮੇਤ ਕਵਿਤਾਵਾਂ 'ਚ ਬੱਚਿਆਂ ਦੇ ਕੋਮਲ ਅਹਿਸਾਸਾਂ




ਨੂੰ ਪੜਨ ਅਤੇ ਜਾਨਣ ਦਾ ਮੌਕਾ ਮਿਲਦਾ ਹੈ। ਬੱਚਿਆਂ ਦੇ ਮਨਾਂ ਚ ਕਿਤੇ ਨਾ ਕਿਤੇ ਮੌਜੂਦਾ ਹਾਲਾਤਾਂ ਪ੍ਰਤੀ ਚਿੰਤਾ ਜੋ ਉਹਨਾਂ ਕਵਿਤਾਵਾਂ ਚ ਬਿਆਨ ਕੀਤੀ ਹੈ। ਰਿਸ਼ਤਿਆਂ ਦੀ ਪਹਿਚਾਣ ਅਤੇ ਪਾਕੀਜ਼ਗੀ, ਛੋਟੇ ਸਾਹਿਬਜ਼ਾਦਿਆਂ ਦੇ ਇਤਿਹਾਸ ਪ੍ਰਤੀ ਜਾਨਣ ਦੀ ਕੋਸ਼ਿਸ਼, ਸਮਾਜਿਕ ਚਿੰਤਾਵਾਂ ਬੱਚਿਆਂ ਦੀਆਂ ਰਚਨਾਵਾਂ 'ਚੋਂ ਸਾਫ ਝਲਕਦੀ ਹੈ। ਨਸ਼ਾ ਮੁਕਤ ਪੰਜਾਬ,ਜੀਵਨ ਦੀ ਖੁਸ਼ਹਾਲੀ -ਰੁੱਖ ਮਾਇਆ ਵਾਦੀ ਸੋਚ ਅਤੇ ਖੁਦਗਰਜ਼ੀ ਚੋਂ ਬਾਹਰ ਨਿਕਲਣ ਲਈ ਪ੍ਰੇਰਿਤ ਕਰਦੀਆਂ ਸੁਨੇਹਾ ਦਿੰਦੀਆਂ ਹਨ।

ਕਹਾਣੀਆਂ ਚ ਬੁਰੀ ਸੰਗਤ, ਕੁੜੀਆਂ ਕਮਜ਼ੋਰ ਨਹੀਂ, ਸੋਨੂੰ ਦੀ ਇਮਾਨਦਾਰੀ, ਅਣਚਾਹਿਆ ਅੰਤ ਨਸ਼ਾ, ਮੂਰਖ ਬਣਿਆ ਹੁਸ਼ਿਆਰ,ਚਲਾਕ ਖ਼ਰਗੋਸ਼ ਆਦਿ ਰਚਨਾਵਾਂ ਕਿਸੇ ਗਹਿਰੀ ਸੋਚ ਦਾ ਪ੍ਰਗਟਾਵਾ ਕਰਦੀਆਂ ਇੱਕ ਵਧੀਆ ਸੁਨੇਹਾ ਦਿੰਦੀਆਂ ਹਨ। ਇਸ ਪੁਸਤਕ ਨਾਲ ਬੱਚਿਆਂ ਦੇ ਮਨੋਬਲ ਨੂੰ ਉਤਸ਼ਾਹ ਮਿਲਿਆ ਹੈ। ਟੀਮ ਇਸ ਬਹੁਮੁੱਲੇ ਕਾਰਜ ਲਈ ਵਧਾਈ ਦੀ ਪਾਤਰ ਹੈ।

## ਤਮਾਸ਼ਾ ਜਲੰਧਰ ਦਾ

ਰੁੜ੍ਹਦੇ ਥਾਲ਼ੀ ਦੇ ਬੈਂਗਣਾ ਵਾਂਗ ਫਿਰਦੇ
ਮਾਲਕ ਸ਼ਾਮ ਨੂੰ ਸੁਬ੍ਹਾ ਕੋਈ ਹੋਰ ਹੁੰਦਾ।

ਗਲ਼ ਪੁਆਉਂਦੇ ਨੇ ਪਟਕਾ ਉਸ ਪਾਰਟੀ ਦਾ
ਜਿਹੜੇ ਦਲ ਦਾ ਸਮਝਦੇ 'ਜੋਰ' ਹੁੰਦਾ।

ਵੋਟਾਂ ਮੰਗਣ 'ਸਰਕਾਰ' ਹੈ ਤੁਰੀ ਰਹਿੰਦੀ
ਖਿਝਿਆ ਪਿਆ ਪੰਜਾਬ ਹੁਣ 'ਬੋਰ' ਹੁੰਦਾ।

ਜਿੱਤਣ ਵਾਲ਼ੇ ਦਾ ਰਿਹਾ ਯਕੀਨ ਕੋਈ ਨਾ
ਪੈ ਹੀ ਜਾਂਦਾ ਜਿਉਂ ਚੋਰਾਂ 'ਤੇ ਮੋਰ ਹੁੰਦਾ।

ਉਮੀਦਵਾਰ ਨੂੰ 'ਚੋਣ-ਨਿਸ਼ਾਨ' ਦੇ ਕੇ
ਵਾਪਸ ਲੈਣ ਦਾ ਕਰਿਆ ਐਲਾਨ ਯਾਰੋ।

ਸਿਆਸਤਦਾਨਾਂ ਤਮਾਸ਼ਾ ਬਣਾਇ ਦਿੱਤਾ
ਦੇਖੋ ਜਲੰਧਰ ਦਾ ਚੋਣ-ਮੈਦਾਨ ਯਾਰੋ !

**-ਤਰਲੋਚਨ ਸਿੰਘ ਦੁਪਾਲ ਪੁਰ**
**78146-92724**



# ਇੱਕ ਪੱਤਰਕਾਰ ਕਿਵੇਂ ਬਣਨਾ ਹੈ

**ਵਿਜੈ ਗਰਗ**

ਇੱਕ ਪੱਤਰਕਾਰ ਇੱਕ ਅਜਿਹਾ ਪੇਸ਼ੇਵਰ ਹੁੰਦਾ ਹੈ ਜਿਸਦੀ ਮੰਗ ਦਾ ਗ੍ਰਾਫ ਪਿਛਲੇ ਸਮੇਂ ਵਿੱਚ ਉਸੇ ਰਫ਼ਤਾਰ ਨਾਲ ਵਧਿਆ ਹੈ ਜਿਸ ਰਫ਼ਤਾਰ ਨਾਲ ਵਿਸ਼ਵ ਸਟਾਕ ਬਾਜ਼ਾਰਾਂ ਦਾ ਗ੍ਰਾਫ ਡਿੱਗਿਆ ਹੈ। ਜੇਕਰ ਕੋਈ ਇੱਕ ਪੇਸ਼ੇ ਵਿੱਚ ਉਤਸ਼ਾਹ, ਪ੍ਰਤਿਸ਼ਠਾ, ਗਲੈਮਰ ਅਤੇ ਪੈਸਾ ਅਤੇ ਹੋਰ ਬਹੁਤ ਕੁਝ ਲੱਭ ਰਿਹਾ ਹੈ ਤਾਂ ਪੱਤਰਕਾਰੀ ਇੱਕ ਅਜਿਹਾ ਪੇਸ਼ਾ ਹੈ। ਆਪਣੇ ਸੁਹਿਰਦ ਯਤਨਾਂ ਨਾਲ, ਇੱਕ ਪੱਤਰਕਾਰ ਸਮਾਜ ਵਿੱਚ ਗੁਣਾਤਮਕ ਤਬਦੀਲੀ ਲਿਆ ਸਕਦਾ ਹੈ, ਜਿਸ ਨਾਲ ਸਮਾਜ ਦੇ ਉਨ੍ਹਾਂ ਛਾਂਵੇਂ ਪੱਖਾਂ ਨੂੰ ਪ੍ਰਕਾਸ਼ਤ ਕੀਤਾ ਜਾ ਸਕਦਾ ਹੈ ਜਿਸ ਬਾਰੇ ਆਮ ਲੋਕਾਂ ਨੂੰ ਬਹੁਤਾ ਪਤਾ ਨਹੀਂ ਹੈ। ਉਸ ਕੋਲ ਸਿਆਸਤਦਾਨਾਂ, ਨੌਕਰਸ਼ਾਹਾਂ ਅਤੇ ਅਪਰਾਧੀਆਂ ਨਾਲ ਮਿਲ ਕੇ ਉਨ੍ਹਾਂ ਦੇ ਨਜ਼ਰੀਏ ਨੂੰ ਲੋਕਾਂ ਦੇ ਸਾਹਮਣੇ ਲਿਆਉਣ ਦਾ ਧੀਰਜ ਹੈ। ਜੇਕਰ ਕਿਸੇ ਵਿਅਕਤੀ ਵਿੱਚ ਉਹ ਸਾਰੇ ਗੁਣ ਹਨ ਜੋ ਉਸਨੂੰ ਇਹ ਸਾਰੇ ਕੰਮ ਅਜੀਬ ਘੰਟਿਆਂ ਵਿੱਚ ਕਰਨ ਦੇ ਯੋਗ ਬਣਾਉਂਦੇ ਹਨ ਤਾਂ ਪੱਤਰਕਾਰੀ ਦਾ ਪਿੱਛਾ ਕਰਨ ਲਈ ਇੱਕ ਵਧੀਆ ਕਰੀਅਰ ਹੈ। ਪੂਰੀ ਦੁਨੀਆ ਵਿੱਚ ਮੀਡੀਆ ਨੂੰ ਬਹੁਤ ਸਾਰੀ ਆਜ਼ਾਦੀ ਦਿੱਤੀ ਗਈ ਹੈ, ਸਿਰਫ ਉਹ ਪੇਸ਼ੇਵਰ ਹਨ ਜੋ ਪੂਰੇ ਅਧਿਕਾਰ ਨਾਲ ਕੰਮ ਕਰ ਸਕਦੇ ਹਨ ਅਤੇ ਦੁਨੀਆ ਵਿੱਚ ਕਿਤੇ ਵੀ ਹੋਣ ਵਾਲੇ ਕਿਸੇ ਵੀ ਤਰ੍ਹਾਂ ਦੇ ਮਾੜੇ ਕੰਮਾਂ ਨੂੰ ਸਾਹਮਣੇ ਲਿਆ ਸਕਦੇ ਹਨ। ਇਸ ਦੌਰਾਨ, ਇਹ ਉਹ ਮਾਧਿਅਮ ਹੈ ਜੋ ਸਮਾਜ ਦੀ ਅਸਲ ਸਮੱਸਿਆ ਨੂੰ ਸਰਕਾਰੀ ਏਜੰਸੀਆਂ ਦੇ ਸਾਹਮਣੇ ਲਿਆ ਕੇ ਪ੍ਰਸ਼ਾਸਨ ਦੀ ਕਾਫੀ ਮਦਦ ਕਰ ਸਕਦਾ ਹੈ ਅਤੇ ਦੂਜੇ ਪਾਸੇ ਇਸ ਨੂੰ ਲੋਕਾਂ ਦੇ ਧਿਆਨ ਵਿੱਚ ਲਿਆ ਕੇ ਸਰਕਾਰੀ ਅਧਿਕਾਰੀਆਂ ਦੁਆਰਾ ਸੱਤਾ ਦੀ ਦੁਰਵਰਤੋਂ ਨੂੰ ਰੋਕ ਸਕਦਾ ਹੈ। ਗਿਆਨ। ਪੱਤਰਕਾਰ ਯੋਗਤਾ ਭਾਵੇਂ ਪੱਤਰਕਾਰੀ ਦੀ ਪ੍ਰਵਿਰਤੀ ਵਾਲਾ ਕੋਈ ਵੀ ਵਿਅਕਤੀ ਪੱਤਰਕਾਰ ਬਣ ਸਕਦਾ ਹੈ। ਪਰ ਕੰਮ ਦੇ ਖੇਤਰ 'ਤੇ ਪੂਰੀ ਪਕੜ ਰੱਖਣ ਅਤੇ ਆਪਣੇ ਕੰਮ ਦੀ ਕਿਸੇ ਕਿਸਮ ਦੀ ਮਾਨਤਾ ਪ੍ਰਾਪਤ ਕਰਨ ਲਈ ਵਿਅਕਤੀ ਨੂੰ ਜਿਸ ਖੇਤਰ ਵਿਚ ਉਹ ਕੰਮ ਕਰ ਰਿਹਾ ਹੈ, ਉਸ ਦੀ ਘੱਟੋ-ਘੱਟ ਰਸਮੀ ਸਿੱਖਿਆ ਹੋਣੀ ਚਾਹੀਦੀ ਹੈ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਇਕ ਸਫਲ ਪੱਤਰਕਾਰ ਬਣਨ ਲਈ ਲੋੜੀਂਦੀ ਯੋਗਤਾ। ਹੇਠ ਲਿਖੇ ਅਨੁਸਾਰ ਹੈ ਵਿੱਦਿਅਕ ਯੋਗਤਾ ਚਾਹਵਾਨ ਉਮੀਦਵਾਰ ਨੂੰ ਕਿਸੇ ਵੀ ਸਟਰੀਮ ਵਿੱਚ ਸੀਨੀਅਰ ਸੈਕੰਡਰੀ ਪ੍ਰੀਖਿਆ (10+2) ਜਾਂ ਬਰਾਬਰ ਦੀ ਮਾਨਤਾ ਪ੍ਰਾਪਤ ਪ੍ਰੀਖਿਆ ਪਾਸ ਕਰਨੀ ਚਾਹੀਦੀ ਹੈ। ਪੱਤਰਕਾਰ ਬਣਨ ਲਈ ਕੋਰਸਾਂ ਵਿੱਚ ਸ਼ਾਮਲ ਹੋਣ ਲਈ ਕਿਸੇ ਵੀ ਸਟ੍ਰੀਮ ਵਿੱਚ ਗ੍ਰੈਜੂਏਸ਼ਨ ਸਭ ਤੋਂ ਤਰਜੀਹੀ ਯੋਗਤਾ ਹੈ ਪੱਤਰਕਾਰ ਲਈ ਲੋੜੀਂਦੇ ਹੁਨਰ ਪੱਤਰਕਾਰਾਂ ਕੋਲ ਪੁੱਛਗਿੱਛ ਕਰਨ ਵਾਲਾ ਮਨ ਹੋਣਾ ਚਾਹੀਦਾ ਹੈ; ਸ਼ਾਨਦਾਰ ਲਿਖਤੀ ਅੰਗਰੇਜ਼ੀ ਅਤੇ ਇੱਕ ਸੰਖੇਪ ਲਿਖਣ ਸ਼ੈਲੀ; ਹਰ ਕਿਸਮ ਦੇ ਲੋਕਾਂ ਦਾ ਵਿਸ਼ਵਾਸ ਜਿੱਤਣ ਦੀ ਯੋਗਤਾ। ਉਹਨਾਂ ਕੋਲ ਸ਼ੁੱਧਤਾ ਦੇ ਉੱਚ ਮਾਪਦੰਡ ਵੀ ਹਨ; ਦਬਾਅ ਹੇਠ ਚੰਗਾ ਕੰਮ ਕਰਨ ਦੀ ਯੋਗਤਾ; ਇੱਕ ਮੋਟੀ ਚਮੜੀ, ਅਸਵੀਕਾਰ ਨੂੰ ਸੰਭਾਲਣ ਲਈ। ਉਹਨਾਂ ਵਿੱਚ ਲਗਨ ਅਤੇ ਸਹਿਣਸ਼ੀਲਤਾ ਹੋਣੀ ਚਾਹੀਦੀ ਹੈ; ਤੁਰੰਤ ਸਮਝ - ਪੱਤਰਕਾਰਾਂ ਨੂੰ ਅਕਸਰ ਅਣਜਾਣ ਵਿਸ਼ਿਆਂ 'ਤੇ ਅਧਿਕਾਰ ਨਾਲ ਲਿਖਣਾ ਪੈਂਦਾ ਹੈ; ਕਾਨੂੰਨ ਦਾ ਗਿਆਨ ਕਿਉਂਕਿ ਇਹ ਪੱਤਰਕਾਰੀ ਨੂੰ ਪ੍ਰਭਾਵਿਤ ਕਰਦਾ ਹੈ। ਉਹ ਮੌਜੂਦਾ ਮਾਮਲਿਆਂ ਲਈ ਵੀ ਇੱਕ ਜਨੂੰਨ ਹੈ; ਵੱਖ-ਵੱਖ ਆਉਟਲੈਟਾਂ ਦੁਆਰਾ ਖਬਰਾਂ ਨੂੰ ਪੇਸ਼ ਕਰਨ ਦੇ ਤਰੀਕੇ ਦੀ ਸ਼ਲਾਘਾ; ਵਿਆਪਕ ਰੁਚੀਆਂ ਜੋ ਕਿਸੇ ਮਾਹਰ ਖੇਤਰ ਵਿੱਚ ਕੰਮ ਕਰਨ ਦੀ ਅਗਵਾਈ ਕਰ ਸਕਦੀਆਂ ਹਨ। ਇੱਕ ਪੱਤਰਕਾਰ ਕਿਵੇਂ ਬਣਨਾ ਹੈ? ਪੱਤਰਕਾਰ ਬਣਨ ਲਈ ਹੇਠਾਂ ਦਿੱਤੇ ਕਦਮਾਂ ਦੀ ਪਾਲਣਾ ਕਰਨੀ ਪੈਂਦੀ ਹੈ:- ਕਦਮ 1 10+2 ਕਲਾਸ ਕਰਨ ਤੋਂ ਬਾਅਦ ਕਈ ਯੂਨੀਵਰਸਿਟੀਆਂ ਦੁਆਰਾ ਪੇਸ਼ ਕੀਤੇ ਜਾਂਦੇ ਡਿਪਲੋਮਾ ਕੋਰਸ ਵਿੱਚ ਸ਼ਾਮਲ ਹੋਣਾ ਪੈਂਦਾ ਹੈ। ਚਾਹਵਾਨ ਕੁਆਲੀਫਾਇੰਗ ਪ੍ਰੀਖਿਆਵਾਂ ਵਿੱਚ ਅੰਕਾਂ ਦੇ ਅਧਾਰ 'ਤੇ ਜਾਂ ਕੁਝ ਯੂਨੀਵਰਸਿਟੀਆਂ/ਸੰਸਥਾਵਾਂ ਦੁਆਰਾ ਲਏ ਗਏ ਦਾਖਲਾ ਟੈਸਟਾਂ ਨੂੰ ਪਾਸ ਕਰਕੇ ਦਾਖਲਾ ਲੈ ਸਕਦੇ ਹਨ। ਕਿਸੇ ਵੀ ਸਟ੍ਰੀਮ ਦੇ ਗ੍ਰੈਜੂਏਟ ਪੱਤਰਕਾਰੀ ਜਾਂ ਜਨ ਸੰਚਾਰ ਵਿੱਚ ਪੋਸਟ-ਗ੍ਰੈਜੂਏਟ ਡਿਗਰੀ ਜਾਂ ਡਿਪਲੋਮਾ ਦੀ ਚੋਣ ਕਰ ਸਕਦੇ ਹਨ। ਇਹਨਾਂ ਕੋਰਸਾਂ ਵਿੱਚ ਦਾਖਲਾ ਵੱਖ-ਵੱਖ ਯੂਨੀਵਰਸਿਟੀਆਂ ਅਤੇ ਸੁਤੰਤਰ ਸੰਸਥਾਵਾਂ ਦੁਆਰਾ ਲਏ ਗਏ ਸਾਂਝੇ ਦਾਖਲਾ ਟੈਸਟ ਦੁਆਰਾ ਦਿੱਤਾ ਜਾਂਦਾ ਹੈ।

ਕਦਮ 2 ਇਹਨਾਂ ਕੋਰਸਾਂ ਵਿੱਚ, ਉਮੀਦਵਾਰਾਂ ਨੂੰ ਰਿਪੋਰਟਿੰਗ ਵਿੱਚ ਵੱਖ-ਵੱਖ ਲਿਖਣ ਸ਼ੈਲੀਆਂ ਵਿੱਚ ਪੂਰੀ ਜਾਣਕਾਰੀ ਦਿੱਤੀ ਜਾਂਦੀ ਹੈ - ਖਬਰਾਂ, ਵਿਸ਼ੇਸ਼ਤਾਵਾਂ, ਸਮੀਖਿਆਵਾਂ ਆਦਿ। ਆਮ ਗਿਆਨ ਪੈਰਾਗ੍ਰਾਫਿੰਗ, ਲੀਡ ਸਟੋਰੀ ਜਾਂ ਐਂਕਰ ਲਈ ਇੱਕ ਜਾਣ-ਪਛਾਣ ਲਿਖਣ, ਰੇਡੀਓ ਜਾਂ ਟੈਲੀਵਿਜ਼ਨ ਲਈ ਸਕ੍ਰਿਪਟ ਲਿਖਣ ਬਾਰੇ ਵੀ ਦਿੱਤਾ ਜਾਂਦਾ ਹੈ। ਵਿਦਿਆਰਥੀਆਂ ਨੂੰ ਵੀ ਮੋਟਾਪੇ ਲਈ ਤਿਆਰ ਕੀਤਾ ਜਾਂਦਾ ਹੈਇਹਨਾਂ ਕੋਰਸਾਂ ਵਿੱਚ ਅਸਲ ਖਬਰਾਂ ਦੇ ਸ਼ਿਕਾਰ ਦੀ ਸੜਕ ਕੋਰਸ ਦੇ ਸਫਲਤਾਪੂਰਵਕ ਸੰਪੂਰਨ ਹੋਣ ਤੋਂ ਬਾਅਦ, ਵਿਦਿਆਰਥੀਆਂ ਨੂੰ ਅਸਲ ਰਿਪੋਰਟਿੰਗ ਦ੍ਰਿਸ਼ਾਂ ਦਾ ਪਹਿਲਾ ਗਿਆਨ ਪ੍ਰਾਪਤ ਕਰਨ ਲਈ ਇੱਕ ਅਖਬਾਰ ਜਾਂ ਟੈਲੀਵਿਜ਼ਨ ਹਾਊਸ ਨਾਲ ਇੰਟਰਨਸ਼ਿਪ ਕਰਨ ਦੀ ਲੋੜ ਹੁੰਦੀ ਹੈ। ਇਹ ਸਿਖਲਾਈ ਲਾਜ਼ਮੀ ਹੈ ਅਤੇ ਹੁਣ ਵਿਹਾਰਕ ਸਿਖਲਾਈ ਦਾ ਇੱਕ ਮਹੱਤਵਪੂਰਨ ਹਿੱਸਾ ਬਣਦੀ ਹੈ। ਇਹ ਤੁਹਾਨੂੰ ਅਸਲ ਰਿਪੋਰਟਿੰਗ ਦ੍ਰਿਸ਼ ਦਾ ਸਹੀ ਵਿਚਾਰ ਦਿੰਦਾ ਹੈ। ਕਦਮ 3 ਲੋੜੀਂਦਾ ਕੋਰਸ ਪੂਰਾ ਕਰਨ ਅਤੇ ਆਪਣੇ ਆਪ ਨੂੰ ਲੋੜੀਂਦੀ ਪ੍ਰੈਕਟੀਕਲ ਸਿਖਲਾਈ ਦੇਣ ਤੋਂ ਬਾਅਦ ਵਿਦਿਆਰਥੀ ਹੇਠਾਂ ਦਿੱਤੇ ਕਿਸੇ ਵੀ ਤਰੀਕੇ ਨਾਲ ਦਾਖਲ ਹੋ ਸਕਦੇ ਹਨ ਇੱਕ ਅਖਬਾਰ ਘਰ ਵਿੱਚ ਸ਼ਾਮਲ ਹੋਵੋ। ਇੱਕ ਨਿਊਜ਼ ਏਜੰਸੀ ਵਿੱਚ ਸ਼ਾਮਲ ਹੋ ਰਿਹਾ ਹੈ ਭਾਰਤੀ ਸੂਚਨਾ ਸੇਵਾ ਜਾਂ ਵੱਖ-ਵੱਖ ਰਾਜ ਸਰਕਾਰ ਦੀਆਂ ਸੂਚਨਾ ਸੇਵਾਵਾਂ ਵਿੱਚ ਸਰਕਾਰੀ ਖੇਤਰ ਵਿੱਚ ਸ਼ਾਮਲ ਹੋਣਾ, ਇੱਕ ਅਖਬਾਰ ਘਰ ਵਿੱਚ, ਨਵੇਂ ਪਾਸ-ਆਊਟ ਆਮ ਤੌਰ 'ਤੇ ਨਿਊਜ਼ ਡੈਸਕ ਜਾਂ ਐਡੀਟਿੰਗ ਡੈਸਕ 'ਤੇ ਸਿਖਿਆਰਥੀਆਂ ਵਜੋਂ ਸ਼ਾਮਲ ਹੁੰਦੇ ਹਨ। ਇੱਕ ਦੋ ਸਾਲਾਂ ਬਾਅਦ, ਉਹ ਰਿਪੋਰਟਿੰਗ ਵਿੱਚ ਤਬਦੀਲ ਹੋ ਜਾਂਦੇ ਹਨ। ਕੁਝ ਲੋਕ ਸਿੱਧੇ ਟਰੇਨੀ ਰਿਪੋਰਟਰ ਵਜੋਂ ਵੀ ਸ਼ਾਮਲ ਹੋ ਜਾਂਦੇ ਹਨ।

# ਕਲੀਨਿਕਲ ਅਭਿਆਸ ਤੋਂ ਪਰੇ ਕਰੀਅਰ ਮਾਰਗਾਂ ਦੀ ਪੜਚੋਲ ਕਰਨਾ



**ਵਿਜੈ ਗਰਗ (ਪੀ.ਈ.ਐਸ.)**
**ਸਾਬਕਾ ਪ੍ਰਿੰਸੀਪਲ**

ਮੈਡੀਕਲ ਗ੍ਰੈਜੂਏਟਾਂ ਲਈ, ਯਾਤਰਾ ਕਲੀਨਿਕਲ ਅਭਿਆਸ ਦੀ ਸਮਾਪਤੀ ਨਾਲ ਖਤਮ ਨਹੀਂ ਹੁੰਦੀ। ਜਦੋਂ ਕਿ ਕਲੀਨਿਕਲ ਅਭਿਆਸ ਇੱਕ ਪਰੰਪਰਾਗਤ ਅਤੇ ਉੱਚ ਸਨਮਾਨਯੋਗ ਕੈਰੀਅਰ ਮਾਰਗ ਬਣਿਆ ਹੋਇਆ ਹੈ, ਦਵਾਈ ਅਧਿਐਨ ਦਾ ਖੇਤਰ ਵਿਭਿੰਨ ਮੌਕਿਆਂ ਦਾ ਇੱਕ ਵਿਸ਼ਾਲ ਅਤੇ ਵਿਸਤ੍ਰਿਤ ਲੈਂਡਸਕੇਪ ਪੇਸ਼ ਕਰਦਾ ਹੈ ਜੋ ਸਿੱਧੇ ਮਰੀਜ਼ਾਂ ਦੀ ਦੇਖਭਾਲ ਦੇ ਖੇਤਰ ਤੋਂ ਬਹੁਤ ਪਰੇ ਹੈ। ਇਹ ਵਿਕਲਪਕ ਕੈਰੀਅਰ ਮਾਰਗ ਮੈਡੀਕਲ ਗ੍ਰੈਜੂਏਟਾਂ ਨੂੰ ਬ੍ਰਾਂਚ ਆਊਟ ਕਰਨ, ਨਵੇਂ ਦਿਸਹੱਦਿਆਂ ਦੀ ਖੋਜ ਕਰਨ ਅਤੇ ਸਿਹਤ ਸੰਭਾਲ 'ਤੇ ਡੂੰਘਾ ਪ੍ਰਭਾਵ ਪਾਉਂਦੇ ਹਨ ਜੋ ਰਵਾਇਤੀ ਕਲੀਨਿਕਲ ਅਭਿਆਸ ਦੀਆਂ ਸੀਮਾਵਾਂ ਨੂੰ ਪਾਰ ਕਰਦੇ ਹਨ। ਭਾਵੇਂ ਤੁਸੀਂ ਰਫ਼ਤਾਰ ਬਦਲਣ ਦੀ ਕੋਸ਼ਿਸ਼ ਕਰ ਰਹੇ ਹੋ, ਨਵੇਂ ਤਰੀਕਿਆਂ ਦੀ ਖੋਜ ਕਰ ਰਹੇ ਹੋ, ਜਾਂ ਵਿਆਪਕ ਪੱਧਰ 'ਤੇ ਸਿਹਤ ਸੰਭਾਲ ਵਿੱਚ ਯੋਗਦਾਨ ਪਾਉਣ ਲਈ ਉਤਸੁਕ ਹੋ, ਸੰਭਾਵਨਾਵਾਂ ਬੇਅੰਤ ਹਨ। ਵਿਕਲਪਕ ਕੈਰੀਅਰ ਮਾਰਗ ਜੋ ਮੈਡੀਕਲ ਗ੍ਰੈਜੂਏਟਾਂ ਦੀ ਉਡੀਕ ਕਰਦੇ ਹਨ, ਦਿਲਚਸਪ ਮੌਕਿਆਂ ਲਈ ਦਰਵਾਜ਼ੇ ਖੋਲ੍ਹਦੇ ਹਨ ਅਤੇ ਉਹਨਾਂ ਨੂੰ ਉਹਨਾਂ ਦੀ ਅੰਤਰਰਾਸ਼ਟਰੀ ਪੱਧਰ 'ਤੇ ਮਾਨਤਾ ਪ੍ਰਾਪਤ ਮੈਡੀਕਲ ਡਿਗਰੀ ਅਤੇ ਮਲੇਸ਼ੀਆ ਵਿੱਚ ਦਵਾਈ ਦੇ ਉਹਨਾਂ ਦੇ ਅਧਿਐਨ ਦਾ ਲਾਭ ਲੈਣ ਦੀ ਇਜਾਜ਼ਤ ਦਿੰਦੇ ਹਨ। ਇਸ ਲਈ, ਆਓ ਕਰੀਅਰ ਦੇ ਮਾਰਗਾਂ ਦੀ ਇਸ ਖੋਜ ਦੀ ਸ਼ੁਰੂਆਤ ਕਰੀਏ ਜੋ ਕਲੀਨਿਕਲ ਅਭਿਆਸ ਦੀਆਂ ਰਵਾਇਤੀ ਸੀਮਾਵਾਂ ਤੋਂ ਪਰੇ ਜਾਂਦੇ ਹਨ ਅਤੇ ਮੈਡੀਕਲ ਗ੍ਰੈਜੂਏਟਾਂ ਲਈ ਅੱਗੇ ਆਉਣ ਵਾਲੀਆਂ ਸੰਭਾਵਨਾਵਾਂ ਦੀ ਭੀੜ ਦਾ ਪਰਦਾਫਾਸ਼ ਕਰਦੇ ਹਨ।

1. ਮੈਡੀਕਲ ਖੋਜ ਅਤੇ ਅਕਾਦਮੀਆ ਪੁੱਛਗਿੱਛ ਲਈ ਜਨੂੰਨ ਅਤੇ ਗਿਆਨ ਦੀ ਪਿਆਸ ਵਾਲੇ ਲੋਕਾਂ ਲਈ, ਡਾਕਟਰੀ ਖੋਜ ਅਤੇ ਅਕਾਦਮਿਕ ਖੇਤਰ ਵਿੱਚ ਕਰੀਅਰ ਇੱਕ ਸੰਪੂਰਨ ਫਿਟ ਹੋ ਸਕਦਾ ਹੈ। ਮੈਡੀਕਲ ਗ੍ਰੈਜੂਏਟ ਮਹੱਤਵਪੂਰਨ ਖੋਜਾਂ, ਮੈਡੀਕਲ ਵਿਗਿਆਨ ਵਿੱਚ ਤਰੱਕੀ, ਅਤੇ ਨਵੀਨਤਾਕਾਰੀ ਇਲਾਜਾਂ ਦੇ ਵਿਕਾਸ ਵਿੱਚ ਯੋਗਦਾਨ ਪਾ ਸਕਦੇ ਹਨ। ਖੋਜ ਗ੍ਰਾਂਟਾਂ ਦਾ ਪਿੱਛਾ ਕਰਨਾ, ਖੋਜ ਪੱਤਰ ਪ੍ਰਕਾਸ਼ਤ ਕਰਨਾ, ਅਤੇ ਖੇਤਰ ਦੇ ਮਾਹਰਾਂ ਨਾਲ ਸਹਿਯੋਗ ਕਰਨਾ ਮੈਡੀਕਲ ਖੋਜ ਦੇ ਖੇਤਰ ਵਿੱਚ ਮੈਡੀਕਲ ਗ੍ਰੈਜੂਏਟਾਂ ਲਈ ਉਪਲਬਧ ਕੁਝ ਮੌਕਿਆਂ ਹਨ। ਇਸ ਤੋਂ ਇਲਾਵਾ, ਅਕਾਦਮੀਆ ਸਿੱਖਿਆ ਅਤੇ ਪਾਠਕ੍ਰਮ ਵਿਕਾਸ ਦੁਆਰਾ ਸਿਹਤ ਸੰਭਾਲ ਪੇਸ਼ੇਵਰਾਂ ਨੂੰ ਸਿਖਾਉਣ, ਸਲਾਹ ਦੇਣ, ਅਤੇ ਦਵਾਈ ਦੇ ਭਵਿੱਖ ਨੂੰ ਆਕਾਰ ਦੇਣ ਦੇ ਮੌਕੇ ਪ੍ਰਦਾਨ ਕਰਦਾ ਹੈ।

2. ਪਬਲਿਕ ਹੈਲਥ ਅਤੇ ਗਲੋਬਲ ਹੈਲਥ ਜੇ ਤੁਹਾਡੀਆਂ ਦਿਲਚਸਪੀਆਂ ਆਬਾਦੀ ਦੀ ਸਿਹਤ, ਬਿਮਾਰੀ ਦੀ ਰੋਕਥਾਮ, ਅਤੇ ਸਿਹਤ ਸੰਭਾਲ ਨੀਤੀ ਵਿੱਚ ਹਨ, ਤਾਂ ਜਨਤਕ ਸਿਹਤ ਵਿੱਚ ਕਰੀਅਰ ਇੱਕ ਲਾਭਦਾਇਕ ਵਿਕਲਪ ਹੋ ਸਕਦਾ ਹੈ। ਜਨਤਕ ਸਿਹਤ ਪੇਸ਼ੇਵਰ ਭਾਈਚਾਰਿਆਂ ਦੀ ਸਮੁੱਚੀ ਸਿਹਤ ਨੂੰ ਬਿਹਤਰ ਬਣਾਉਣ, ਸਿਹਤ ਪ੍ਰੋਗਰਾਮਾਂ ਨੂੰ ਵਿਕਸਤ ਕਰਨ ਅਤੇ ਲਾਗੂ ਕਰਨ, ਅਤੇ ਵੱਡੇ ਪੱਧਰ 'ਤੇ ਸਿਹਤ ਅਸਮਾਨਤਾਵਾਂ ਨੂੰ ਹੱਲ ਕਰਨ ਲਈ ਕੰਮ ਕਰਦੇ ਹਨ। ਮੈਡੀਕਲ ਗ੍ਰੈਜੂਏਟ ਜਨਤਕ ਸਿਹਤ ਸੰਸਥਾਵਾਂ, ਸਰਕਾਰੀ ਏਜੰਸੀਆਂ, ਗੈਰ-ਲਾਭਕਾਰੀ ਸੰਸਥਾਵਾਂ, ਅਤੇ ਅੰਤਰਰਾਸ਼ਟਰੀ ਸਿਹਤ ਪਹਿਲਕਦਮੀਆਂ ਵਿੱਚ ਆਪਣੀ ਕਲੀਨਿਕਲ ਮੁਹਾਰਤ ਦਾ ਯੋਗਦਾਨ ਪਾ ਸਕਦੇ ਹਨ। ਜਨਤਕ ਸਿਹਤ ਦੇ ਦਖਲਅੰਦਾਜ਼ੀ ਨੂੰ ਡਿਜ਼ਾਈਨ ਕਰਨ ਤੋਂ ਲੈ ਕੇ ਮਹਾਂਮਾਰੀ ਵਿਗਿਆਨਿਕ ਡੇਟਾ ਦਾ ਵਿਸ਼ਲੇਸ਼ਣ ਕਰਨ ਅਤੇ ਸਬੂਤ-ਆਧਾਰਿਤ ਨੀਤੀਆਂ ਦੀ ਵਕਾਲਤ ਕਰਨ ਤੱਕ, ਜਨਤਕ ਸਿਹਤ ਵਿੱਚ ਇੱਕ ਕੈਰੀਅਰ ਮੈਡੀਕਲ ਗ੍ਰੈਜੂਏਟਾਂ ਨੂੰ ਭਾਈਚਾਰਿਆਂ ਦੀ ਸਿਹਤ ਅਤੇ ਤੰਦਰੁਸਤੀ 'ਤੇ ਮਹੱਤਵਪੂਰਨ ਪ੍ਰਭਾਵ ਪਾਉਣ ਦੀ ਆਗਿਆ ਦਿੰਦਾ ਹੈ।

3. ਸਿਹਤ ਪ੍ਰਸ਼ਾਸਨ ਅਤੇ ਸਿਹਤ ਸੰਭਾਲ ਪ੍ਰਬੰਧਨ ਸਿਹਤ ਸੰਭਾਲ ਦੇ ਵਪਾਰਕ ਪੱਖ ਵਿੱਚ ਡੂੰਘੀ ਦਿਲਚਸਪੀ ਰੱਖਣ ਵਾਲੇ ਵਿਅਕਤੀਆਂ ਲਈ, ਸਿਹਤ ਪ੍ਰਸ਼ਾਸਨ ਅਤੇ ਸਿਹਤ ਸੰਭਾਲ ਪ੍ਰਬੰਧਨ ਵਿੱਚ ਇੱਕ ਕਰੀਅਰ ਇੱਕ ਗਤੀਸ਼ੀਲ ਅਤੇ ਪ੍ਰਭਾਵਸ਼ਾਲੀ ਭੂਮਿਕਾ ਪ੍ਰਦਾਨ ਕਰ ਸਕਦਾ ਹੈ। ਮੈਡੀਕਲ ਗ੍ਰੈਜੂਏਟ ਹਸਪਤਾਲ ਪ੍ਰਸ਼ਾਸਨ, ਹੈਲਥਕੇਅਰ ਸਲਾਹਕਾਰ ਫਰਮਾਂ, ਸਿਹਤ ਬੀਮਾ ਕੰਪਨੀਆਂ, ਜਾਂ ਸਿਹਤ ਸੰਭਾਲ ਸੰਸਥਾਵਾਂ ਵਿੱਚ ਅਹੁਦਿਆਂ ਦਾ ਪਿੱਛਾ ਕਰ ਸਕਦੇ ਹਨ। ਆਪਣੇ ਕਲੀਨਿਕਲ ਪਿਛੋਕੜ ਅਤੇ ਸਿਹਤ ਸੰਭਾਲ ਪ੍ਰਣਾਲੀਆਂ ਦੀ ਸਮਝ ਦੇ ਨਾਲ, ਉਹ ਰਣਨੀਤਕ ਯੋਜਨਾਬੰਦੀ, ਨੀਤੀ ਵਿਕਾਸ, ਗੁਣਵੱਤਾ ਵਿੱਚ ਸੁਧਾਰ, ਅਤੇ ਸਿਹਤ ਸੰਭਾਲ ਸੇਵਾਵਾਂ ਦੀ ਕੁਸ਼ਲ ਡਿਲੀਵਰੀ ਵਿੱਚ ਯੋਗਦਾਨ ਪਾ ਸਕਦੇ ਹਨ। ਸਿਹਤ ਪ੍ਰਸ਼ਾਸਨ ਅਤੇ ਸਿਹਤ ਸੰਭਾਲ ਪ੍ਰਬੰਧਨ ਵਿੱਚ ਇੱਕ ਕੈਰੀਅਰ ਮਲੇਸ਼ੀਆ ਵਿੱਚ ਮੈਡੀਕਲ ਯੂਨੀਵਰਸਿਟੀਆਂ ਦੇ ਮੈਡੀਕਲ ਗ੍ਰੈਜੂਏਟਾਂ ਨੂੰ ਸਿਹਤ ਸੰਭਾਲ ਦੇ ਸੰਗਠਨਾਤਮਕ ਅਤੇ ਕਾਰਜਸ਼ੀਲ ਪਹਿਲੂਆਂ ਨੂੰ ਪ੍ਰਭਾਵਿਤ ਕਰਨ ਦੀ ਇਜਾਜ਼ਤ ਦਿੰਦਾ ਹੈ, ਇੱਕ ਵਿਆਪਕ ਪੱਧਰ 'ਤੇ ਸਕਾਰਾਤਮਕ ਤਬਦੀਲੀ ਨੂੰ ਉਤਸ਼ਾਹਿਤ ਕਰਦਾ ਹੈ।

4. ਮੈਡੀਕਲ ਲਿਖਤ ਅਤੇ ਸੰਚਾਰ ਜੇ ਤੁਹਾਨੂੰ ਮਜ਼ਬੂਤ ਸੰਚਾਰ ਹੁਨਰ ਅਤੇ ਗੁੰਝਲਦਾਰ ਡਾਕਟਰੀ ਜਾਣਕਾਰੀ ਨੂੰ ਪਹੁੰਚਯੋਗ ਸਮੱਗਰੀ ਵਿੱਚ ਅਨੁਵਾਦ ਕਰਨ ਲਈ ਇੱਕ ਹੁਨਰ ਹੈ, ਡਾਕਟਰੀ ਲਿਖਤ ਅਤੇ ਸੰਚਾਰ ਵਿੱਚ ਇੱਕ ਕੈਰੀਅਰ ਇੱਕ ਸੰਪੂਰਨ ਵਿਕਲਪ ਹੋ ਸਕਦਾ ਹੈ। ਮੈਡੀਕਲ ਗ੍ਰੈਜੂਏਟ ਮੈਡੀਕਲ ਪੱਤਰਕਾਰੀ, ਵਿਗਿਆਨਕ ਲਿਖਤ, ਮੈਡੀਕਲ ਸਿੱਖਿਆ, ਸਿਹਤ ਸੰਭਾਲ ਮਾਰਕੀਟਿੰਗ, ਅਤੇ ਫਾਰਮਾਸਿਊਟੀਕਲ ਸੰਚਾਰ ਵਿੱਚ ਮੌਕਿਆਂ ਦੀ ਪੜਚੋਲ ਕਰ ਸਕਦੇ ਹਨ। ਲੇਖਾਂ, ਰਿਪੋਰਟਾਂ, ਵਿਦਿਅਕ ਸਮੱਗਰੀਆਂ, ਜਾਂ ਮਲਟੀਮੀਡੀਆ ਪੇਸ਼ਕਾਰੀਆਂ ਵਰਗੇ ਵੱਖ-ਵੱਖ ਮਾਧਿਅਮਾਂ ਰਾਹੀਂ ਡਾਕਟਰੀ ਗਿਆਨ ਪਹੁੰਚਾ ਕੇ, ਡਾਕਟਰੀ ਲੇਖਕ ਅਤੇ ਸੰਚਾਰਕ ਸਿਹਤ ਸੰਭਾਲ ਪੇਸ਼ੇਵਰਾਂ, ਮਰੀਜ਼ਾਂ ਅਤੇ ਆਮ ਲੋਕਾਂ ਨੂੰ ਸਹੀ ਡਾਕਟਰੀ ਜਾਣਕਾਰੀ ਦਾ ਪ੍ਰਸਾਰ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਇਹ ਕੈਰੀਅਰ ਮਾਰਗ ਮੈਡੀਕਲ ਗ੍ਰੈਜੂਏਟਾਂ ਨੂੰ ਦਵਾਈ ਦੇ ਖੇਤਰ ਵਿੱਚ ਆਪਣੀ ਮੁਹਾਰਤ ਦਾ ਪ੍ਰਦਰਸ਼ਨ ਕਰਨ ਦੇ ਮੌਕੇ ਪ੍ਰਦਾਨ ਕਰਦਾ ਹੈ।

5. ਮੈਡੀਕਲ ਤਕਨਾਲੋਜੀ ਅਤੇ ਨਵੀਨਤਾ ਹੈਲਥਕੇਅਰ ਤਕਨਾਲੋਜੀ ਵਿੱਚ ਤੇਜ਼ੀ ਨਾਲ ਤਰੱਕੀ ਦੇ ਨਾਲ, ਮੈਡੀਕਲ ਗ੍ਰੈਜੂਏਟ ਨਵੀਨਤਾਕਾਰੀ ਹੱਲਾਂ ਦੇ ਵਿਕਾਸ ਅਤੇ ਲਾਗੂ ਕਰਨ ਵਿੱਚ ਯੋਗਦਾਨ ਪਾ ਸਕਦੇ ਹਨ। ਡਿਜੀਟਲ ਹੈਲਥ ਸਟਾਰਟਅੱਪ ਤੋਂ ਲੈ ਕੇ ਮੈਡੀਕਲ ਡਿਵਾਈਸ ਕੰਪਨੀਆਂ ਤੱਕ, ਮਰੀਜ਼ਾਂ ਦੀ ਬਿਹਤਰ ਦੇਖਭਾਲ, ਡਾਇਗਨੌਸਟਿਕਸ, ਟੈਲੀਮੇਡੀਸਨ, ਅਤੇ ਡਾਟਾ ਵਿਸ਼ਲੇਸ਼ਣ ਲਈ ਤਕਨਾਲੋਜੀ ਦਾ ਲਾਭ ਉਠਾਉਣ ਦੇ ਵਿਭਿੰਨ ਮੌਕੇ ਹਨ। ਉੱਦਮੀ ਭਾਵਨਾ ਅਤੇ ਨਵੀਨਤਾ ਲਈ ਜਨੂੰਨ ਵਾਲੇ ਮੈਡੀਕਲ ਗ੍ਰੈਜੂਏਟ ਸਿਹਤ ਸੰਭਾਲ ਤਕਨਾਲੋਜੀ ਸਟਾਰਟਅੱਪ, ਖੋਜ ਅਤੇ ਵਿਕਾਸ, ਉਤਪਾਦ ਪ੍ਰਬੰਧਨ, ਜਾਂ ਉੱਭਰ ਰਹੀਆਂ ਤਕਨਾਲੋਜੀਆਂ 'ਤੇ ਕੇਂਦ੍ਰਿਤ ਹੈਲਥਕੇਅਰ ਸਲਾਹ ਵਿੱਚ ਭੂਮਿਕਾਵਾਂ ਦੀ ਪੜਚੋਲ ਕਰ ਸਕਦੇ ਹਨ।

ਮਲੇਸ਼ੀਆ, ਇਸਦੇ ਜੀਵੰਤ ਮੈਡੀਕਲ ਖੇਤਰ ਦੇ ਅਧਿਐਨ ਦੇ ਨਾਲ, ਮੈਡੀਕਲ ਗ੍ਰੈਜੂਏਟਾਂ ਲਈ ਮੈਡੀਕਲ ਤਕਨਾਲੋਜੀ ਦੀ ਤਰੱਕੀ ਵਿੱਚ ਯੋਗਦਾਨ ਪਾਉਣ ਲਈ ਇੱਕ ਅਨੁਕੂਲ ਮਾਹੌਲ ਪ੍ਰਦਾਨ ਕਰਦਾ ਹੈ।

6. ਮੈਡੀਕਲ ਸਲਾਹਕਾਰ ਅਤੇ ਉਦਯੋਗ ਮੈਡੀਕਲ ਗ੍ਰੈਜੂਏਟ ਡਾਕਟਰੀ ਵਿਗਿਆਨ, ਮਰੀਜ਼ਾਂ ਦੀ ਦੇਖਭਾਲ, ਅਤੇ ਸਿਹਤ ਸੰਭਾਲ ਪ੍ਰਣਾਲੀਆਂ ਦੀ ਡੂੰਘੀ ਸਮਝ ਰੱਖਦੇ ਹਨ, ਉਹਨਾਂ ਨੂੰ ਸਿਹਤ ਸੰਭਾਲ ਸਲਾਹ ਅਤੇ ਉਦਯੋਗ ਖੇਤਰਾਂ ਵਿੱਚ ਕੀਮਤੀ ਸੰਪੱਤੀ ਬਣਾਉਂਦੇ ਹਨ। ਸਲਾਹਕਾਰ ਫਰਮਾਂ, ਫਾਰਮਾਸਿਊਟੀਕਲ ਕੰਪਨੀਆਂ, ਬਾਇਓਟੈਕਨਾਲੌਜੀ ਫਰਮਾਂ, ਅਤੇ ਮੈਡੀਕਲ ਡਿਵਾਈਸ ਨਿਰਮਾਤਾ ਆਪਣੀਆਂ ਰਣਨੀਤੀਆਂ, ਰੈਗੂਲੇਟਰੀ ਪਾਲਣਾ, ਕਲੀਨਿਕਲ ਅਜ਼ਮਾਇਸ਼ਾਂ, ਮੈਡੀਕਲ ਮਾਮਲਿਆਂ ਅਤੇ ਉਤਪਾਦ ਵਿਕਾਸ ਦੀ ਅਗਵਾਈ ਕਰਨ ਲਈ ਡਾਕਟਰੀ ਮੁਹਾਰਤ ਦੀ ਭਾਲ ਕਰਦੇ ਹਨ। ਮੈਡੀਕਲ ਸਲਾਹ ਅਤੇ ਉਦਯੋਗ ਵਿੱਚ ਇੱਕ ਕਰੀਅਰ ਮੈਡੀਕਲ ਗ੍ਰੈਜੂਏਟਾਂ ਨੂੰ ਉਹਨਾਂ ਦੇ ਬੈਚਲਰ ਆਫ਼ ਮੈਡੀਸਨ ਤੋਂ ਪ੍ਰਾਪਤ ਕੀਤੇ ਗਿਆਨ ਦੀ ਵਰਤੋਂ ਕਰਨ ਦੀ ਇਜਾਜ਼ਤ ਦਿੰਦਾ ਹੈ। ਇਹ ਸਿਹਤ ਸੰਭਾਲ ਦੇ ਭਵਿੱਖ ਨੂੰ ਆਕਾਰ ਦੇਣ ਵਿੱਚ ਸਹਿਯੋਗ ਅਤੇ ਸ਼ਮੂਲੀਅਤ ਦੇ ਮੌਕੇ ਪ੍ਰਦਾਨ ਕਰਦਾ ਹੈ।

ਇੱਕ ਮੈਡੀਕਲ ਗ੍ਰੈਜੂਏਟ ਹੋਣ ਦੇ ਨਾਤੇ, ਤੁਹਾਡੇ ਵਿਕਲਪ ਸਿਰਫ਼ ਕਲੀਨਿਕਲ ਅਭਿਆਸ ਤੱਕ ਹੀ ਸੀਮਿਤ ਨਹੀਂ ਹਨ। ਇਹਨਾਂ ਵਿਕਲਪਕ ਕੈਰੀਅਰ ਮਾਰਗਾਂ ਦੀ ਪੜਚੋਲ ਕਰਨ ਨਾਲ ਸੰਪੂਰਨ ਅਤੇ ਪ੍ਰਭਾਵਸ਼ਾਲੀ ਕੈਰੀਅਰ ਹੋ ਸਕਦੇ ਹਨ ਜੋ ਤੁਹਾਡੇ ਦੂਰੀ ਦਾ ਵਿਸਤਾਰ ਕਰਦੇ ਹੋਏ ਤੁਹਾਡੀ ਡਾਕਟਰੀ ਮੁਹਾਰਤ ਦੀ ਵਰਤੋਂ ਕਰਦੇ ਹਨ।

ਆਪਣੇ ਜਨੂੰਨ, ਸ਼ਕਤੀਆਂ ਅਤੇ ਲੰਬੇ ਸਮੇਂ ਦੇ ਟੀਚਿਆਂ 'ਤੇ ਪ੍ਰਤੀਬਿੰਬਤ ਕਰਨ ਲਈ ਸਮਾਂ ਕੱਢੋ, ਅਤੇ ਵਿਚਾਰ ਕਰੋ ਕਿ ਇਹ ਵਿਕਲਪਕ ਮਾਰਗ ਤੁਹਾਡੀਆਂ ਇੱਛਾਵਾਂ ਨਾਲ ਕਿਵੇਂ ਮੇਲ ਖਾਂਦੇ ਹਨ। ਇਹਨਾਂ ਵਿਭਿੰਨ ਮੌਕਿਆਂ ਨੂੰ ਗਲੇ ਲਗਾ ਕੇ, ਤੁਸੀਂ ਇੱਕ ਵਿਲੱਖਣ ਅਤੇ ਫਲਦਾਇਕ ਕੈਰੀਅਰ ਦੀ ਯਾਤਰਾ ਨੂੰ ਚਾਰਟ ਕਰ ਸਕਦੇ ਹੋ ਜੋ ਰਵਾਇਤੀ ਕਲੀਨਿਕਲ ਅਭਿਆਸ ਦੀਆਂ ਸੀਮਾਵਾਂ ਤੋਂ ਪਰੇ ਹੈ।

# ਸੀਬੀਆਈ ਅਫਸਰ ਕਿਵੇਂ ਬਣਨਾ ਹੈ

**ਵਿਜੈ ਗਰਗ**

ਕੇਂਦਰੀ ਜਾਂਚ ਏਜੰਸੀ ਸੀ.ਬੀ.ਆਈ. ਭਾਰਤ ਦੀ ਮੁੱਖ ਜਾਂਚ ਏਜੰਸੀ ਹੈ। ਇਹ ਗੁੰਝਲਦਾਰ ਅਤੇ ਗੁੰਝਲਦਾਰ ਮਾਮਲਿਆਂ ਨੂੰ ਸੰਭਾਲਦਾ ਹੈ ਅਤੇ ਜਾਂਚ ਕਰਦਾ ਹੈ ਜੋ ਰਾਜ ਜਾਂਚ ਏਜੰਸੀਆਂ ਜਾਂ ਸਰਕਾਰਾਂ ਦੁਆਰਾ ਇਸ ਦਾ ਹਵਾਲਾ ਦਿੱਤਾ ਜਾਂਦਾ ਹੈ ਜਾਂ ਵੱਖ-ਵੱਖ ਅਦਾਲਤਾਂ ਦੁਆਰਾ ਰੈਫਰ ਕੀਤਾ ਜਾਂਦਾ ਹੈ ਜਿਨ੍ਹਾਂ ਦੀ ਹੋਰ ਏਜੰਸੀਆਂ ਦੁਆਰਾ ਸਹੀ ਢੰਗ ਨਾਲ ਜਾਂਚ ਨਹੀਂ ਕੀਤੀ ਜਾ ਰਹੀ ਹੈ। ਕਈ ਵਾਰ ਕੇਂਦਰ ਸਰਕਾਰ ਅਤੇ ਹੋਰ ਸੁਤੰਤਰ ਵਿਭਾਗ ਵੀ ਹਾਈ ਪ੍ਰੋਫਾਈਲ ਕਿਸਮ ਦੇ ਮਾਮਲਿਆਂ ਦੀ ਜਾਂਚ ਨੂੰ ਤਰਜੀਹ ਦਿੰਦੇ ਹਨ। ਇਹ ਉਹ ਏਜੰਸੀ ਹੈ ਜੋ ਸਿਆਸੀ ਆਕਾਵਾਂ ਦੇ ਦਬਾਅ ਤੋਂ ਬਿਨਾਂ ਸੁਤੰਤਰ ਤੌਰ 'ਤੇ ਕੰਮ ਕਰਦੀ ਹੈ। ਇਸ ਤਰ੍ਹਾਂ ਇਸ ਨੇ ਆਪਣੇ ਲਈ ਕਾਫ਼ੀ ਨਾਮਣਾ ਖੱਟਿਆ ਹੈ, ਬਦਲੇ ਵਿੱਚ, ਇਸਦੇ ਅਧਿਕਾਰੀ ਵੀ ਉੱਚੇ ਸਨਮਾਨ ਵਿੱਚ ਰੱਖੇ ਜਾਂਦੇ ਹਨ। ਅਜਿਹੀ ਏਜੰਸੀ ਵਿੱਚ ਏਐਸਆਈ ਬਣਨਾ ਆਪਣੇ ਆਪ ਵਿੱਚ ਇੱਕ ਪ੍ਰਾਪਤੀ ਹੈ। ਪਰ ਸੀਬੀਆਈ ਵਿੱਚ ਏਐਸਆਈ ਦਾ ਕੰਮ ਆਸਾਨ ਨਹੀਂ ਹੈ। ਜਿਵੇਂ ਕਿ ਕਦੇ-ਕਦੇ ਉਨ੍ਹਾਂ ਨੂੰ ਕੁਝ ਭ੍ਰਿਸ਼ਟ ਸਿਆਸਤਦਾਨਾਂ ਅਤੇ ਪ੍ਰਸ਼ਾਸਨ ਵਿੱਚ ਆਪਣੇ ਗੌਡਫਾਦਰ ਰੱਖਣ ਵਾਲੀਆਂ ਉੱਚ ਪ੍ਰੋਫਾਈਲ ਸ਼ਖਸੀਅਤਾਂ ਨਾਲ ਨਜਿੱਠਣਾ ਪੈਂਦਾ ਹੈ। ਇਸ ਲਈ ਇਸ ਨੌਕਰੀ ਨੂੰ ਇੱਕ ਔਖਾ ਕੰਮ ਮੰਨਿਆ ਜਾਂਦਾ ਹੈ ਅਤੇ ਇਹ ਸਮਰਪਿਤ ਨੌਜਵਾਨਾਂ ਲਈ ਇਹ ਇੱਕ ਸਨਮਾਨਯੋਗ ਕਰੀਅਰ ਬਣਾਉਂਦਾ ਹੈ। ਸੈਂਟਰਲ ਬਿਊਰੋ ਆਫ ਇਨਵੈਸਟੀਗੇਸ਼ਨ ਵਿੱਚ ਏਐਸਆਈ ਬਣਨ ਲਈ ਸਟਾਫ ਸਿਲੈਕਸ਼ਨ ਕਮਿਸ਼ਨ ਦੁਆਰਾ ਕਰਵਾਈਆਂ ਗਈਆਂ ਲਿਖਤੀ ਅਤੇ ਜ਼ੁਬਾਨੀ ਪ੍ਰੀਖਿਆਵਾਂ ਦੀ ਚੋਣ ਪ੍ਰਕਿਰਿਆ ਵਿੱਚੋਂ ਗੁਜ਼ਰਨਾ ਪੈਂਦਾ ਹੈ ਤਾਂ ਜੋ ਇੰਨੇ ਸਾਰੇ ਉਮੀਦਵਾਰਾਂ ਵਿੱਚੋਂ ਸਿਰਫ ਯੋਗ ਕੁਝ ਹੀ ਚੁਣੇ ਜਾ ਸਕਣ। ਛਬੀ ਵਿੱਚ ਏਐਸਆਈਹੋਣ ਦੀ ਯੋਗਤਾ 1। ਵਿਦਿਅਕ ਯੋਗਤਾ ਸੀਬੀਆਈ ਵਿੱਚ ਏਐਸਆਈ ਬਣਨ ਦੇ ਯੋਗ ਬਣਨ ਲਈ ਕਿਸੇ ਨੂੰ ਕਿਸੇ ਵੀ ਸਟਰੀਮ ਦੀ ਬੈਚਲਰ ਹੋਣੀ ਚਾਹੀਦੀ ਹੈ। 2। ਉਮਰ ਉਮੀਦਵਾਰ ਦੀ ਪ੍ਰੀਖਿਆ ਦੇ ਸਾਲ 1 ਜੁਲਾਈ ਨੂੰ 20 ਸਾਲ ਦੀ ਉਮਰ ਹੋਣੀ ਚਾਹੀਦੀ ਹੈ ਅਤੇ ਉਸ ਮਿਤੀ ਨੂੰ 27 ਸਾਲ ਦੀ ਉਮਰ ਨਹੀਂ ਹੋਣੀ ਚਾਹੀਦੀ। ਉਪਰਲੀ ਉਮਰ ਸੀਮਾ ਵਿੱਚ ਓਬੀਸੀ ਉਮੀਦਵਾਰਾਂ ਲਈ 3 ਸਾਲ ਅਤੇ ਐਸੀ/ਐਸਟੀ ਉਮੀਦਵਾਰਾਂ ਲਈ 5 ਸਾਲ ਦੀ ਛੋਟ ਦਿੱਤੀ ਜਾਵੇਗੀ। ਭਾਰਤ ਸਰਕਾਰ ਅਤੇ ਰੱਖਿਆ ਸੇਵਾਵਾਂ ਦੇ ਕਰਮਚਾਰੀਆਂ ਦੇ ਅਧੀਨ ਕੰਮ ਕਰਨ ਵਾਲੇ ਕਰਮਚਾਰੀਆਂ ਦੀਆਂ ਕੁਝ ਸ਼੍ਰੇਣੀਆਂ ਦੇ ਹੱਕ ਵਿੱਚ ਉਪਰਲੀ ਉਮਰ ਸੀਮਾ ਵਿੱਚ ਵੀ ਢਿੱਲ ਦਿੱਤੀ ਗਈ ਹੈ। 3। ਸਰੀਰਕ ਲੋੜਾਂ ਅ ਉਚਾਈ - ਪੁਰਸ਼ਾਂ ਲਈ - 165 ਸੈਂਟੀਮੀਟਰ। ਔਰਤਾਂ ਲਈ - 150 ਸੈਂਟੀਮੀਟਰ ਪਹਾੜੀਆਂ ਅਤੇ ਆਦਿਵਾਸੀਆਂ ਲਈ ਆਰਾਮਦਾਇਕ ਉਚਾਈ: 5 ਸੈਂਟੀਮੀਟਰ ਬੀ. ਛਾਤੀ: 76 ਸੈਂਟੀਮੀਟਰ ਵਿਸਤਾਰ ਦੇ ਨਾਲ (ਔਰਤ ਉਮੀਦਵਾਰਾਂ ਦੇ ਮਾਮਲੇ ਵਿੱਚ ਅਜਿਹੀ ਕੋਈ ਲੋੜ ਨਹੀਂ ਹੋਵੇਗੀ) ਚ. ਵਿਜ਼ਨ: ਅੱਖਾਂ ਦੀ ਨਜ਼ਰ (ਐਨਕਾਂ ਦੇ ਨਾਲ ਜਾਂ ਬਿਨਾਂ) ਦੂਰ ਦ੍ਰਿਸ਼ਟੀ: ਇੱਕ ਵਿੱਚ 6/6 ਅਤੇ ਦੂਜੀਆਂ ਅੱਖਾਂ ਵਿੱਚ 6/9। ਨਿਅਰਵਿਜ਼ਨ: ਇੱਕ ਅੱਖ ਵਿੱਚ 0.6 ਅਤੇ ਦੂਜੀ ਅੱਖ ਵਿੱਚ 0.8 ਸੀਬੀਆਈ ਵਿੱਚ ਏਐਸਆਈ ਕਿਵੇਂ ਬਣਨਾ ਹੈ? ਸੀਬੀਆਈ ਵਿੱਚ ਏਐਸਆਈ ਬਣਨ ਲਈ ਹੇਠਾਂ ਦਿੱਤੇ ਕਦਮਾਂ ਦੀ ਪਾਲਣਾ ਕਰਨੀ ਪੈਂਦੀ ਹੈ: ਕਦਮ 1 ਪਹਿਲੇ ਕਦਮ ਦੇ ਤੌਰ 'ਤੇ, ਚਾਹਵਾਨ ਨੂੰ ਆਮ ਤੌਰ 'ਤੇ ਅਪ੍ਰੈਲ ਦੇ ਮਹੀਨੇ ਵਿੱਚ ਪ੍ਰਕਾਸ਼ਤ ਰੋਜ਼ਗਾਰ ਅਖਬਾਰ ਤੋਂ ਲੋੜੀਂਦੀ ਜਾਣਕਾਰੀ ਦੇ ਨਾਲ "ਅਰਜ਼ੀ ਫਾਰਮ" ਪ੍ਰਾਪਤ ਕਰਨਾ ਹੁੰਦਾ ਹੈ। ਭਰਿਆ ਹੋਇਆ ਬਿਨੈ-ਪੱਤਰ ਫਾਰਮ ਖੇਤਰੀ ਕੇਂਦਰਾਂ ਨੂੰ ਭੇਜ ਦਿੱਤਾ ਗਿਆ ਹੈ ਜਿਵੇਂ ਕਿ ਦੱਸਿਆ ਗਿਆ ਹੈ। **ਨੋਟ:-** ਨਿਯਮਾਂ ਅਤੇ ਸਿਲੇਬਸ ਨਾਲ ਸਬੰਧਤ ਵੇਰਵਿਆਂ ਦੇ ਨਾਲ ਪ੍ਰੀਖਿਆ ਲਈ ਨੋਟੀਫਿਕੇਸ਼ਨ ਅਪ੍ਰੈਲ ਮਹੀਨੇ ਵਿੱਚ 'ਰੁਜ਼ਗਾਰ ਸਮਾਚਾਰ'/'ਰੋਜ਼ਗਾਰ ਸਮਾਚਾਰ', 'ਗਜ਼ਟ ਆਫ਼ ਇੰਡੀਆ' ਅਤੇ ਦੇਸ਼ ਦੇ ਕੁਝ ਪ੍ਰਮੁੱਖ ਅਖਬਾਰਾਂ ਵਿੱਚ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਕਦਮ 2 ਮੁੱਢਲੀ ਪ੍ਰੀਖਿਆ ਮਈ ਜਾਂ ਜੂਨ ਦੇ ਮਹੀਨੇ ਵਿੱਚ, ਚਾਹਵਾਨਾਂ ਨੂੰ ਦੋ ਪੇਪਰਾਂ ਵਾਲੀ "ਸ਼ੁਰੂਆਤੀ ਪ੍ਰੀਖਿਆਵਾਂ" ਦੇਣੀ ਪੈਂਦੀ ਹੈ। ਕਾਗਜ਼ ਇਸ 'ਤੇ ਹਨ: ਪ੍ਰਸ਼ਨ ਚਿੰਨ੍ਹ ਦੇ ਸਮੇਂ ਦਾ ਵਿਸ਼ਾ ਨੰਬਰ ਭਾਗ ਏ 1। ਜਨਰਲ ਇੰਟੈਲੀਜੈਂਸ ਅਤੇ ਆਮ ਜਾਗਰੂਕਤਾ 100 100 2 ਘੰਟੇ। ਭਾਗ ਬੀ 2। ਅੰਕਗਣਿਤ 100 100 2 ਘੰਟਾ। **ਨੋਟ:** ਇਹ ਇਮਤਿਹਾਨ ਅੰਤਿਮ ਪ੍ਰੀਖਿਆ ਲਈ ਸਿਰਫ਼ ਇੱਕ ਯੋਗਤਾ ਪ੍ਰੀਖਿਆ ਹੈ ਅਤੇ ਇਸ ਪ੍ਰੀਖਿਆ ਵਿੱਚ ਪ੍ਰਾਪਤ ਅੰਕਾਂ ਨੂੰ ਅੰਤਿਮ ਨਤੀਜਾ ਬਣਾਉਣ ਲਈ ਸ਼ਾਮਲ ਨਹੀਂ ਕੀਤਾ ਗਿਆ ਹੈ। ਕਦਮ 3 ਮੁੱਖ ਪ੍ਰੀਖਿਆ ਜਿਹੜੇ ਉਮੀਦਵਾਰ "ਪ੍ਰੀਲੀਮੀਨਰੀ ਪ੍ਰੀਖਿਆ" ਵਿੱਚ ਯੋਗਤਾ ਪ੍ਰਾਪਤ ਘੋਸ਼ਿਤ ਕੀਤੇ ਗਏ ਹਨ, ਉਨ੍ਹਾਂ ਨੂੰ ਅੰਤਿਮ ਪ੍ਰੀਖਿਆ ਦੇਣੀ ਚਾਹੀਦੀ ਹੈ। ਅੰਤਿਮ ਪ੍ਰੀਖਿਆ ਦੋ ਭਾਗਾਂ ਦੀ ਹੋਵੇਗੀ। ਭਾਗ ਏ ਲਿਖਤੀ ਦਾ ਹੋਵੇਗਾਪ੍ਰੀਖਿਆ ਅਤੇ ਦੂਜਾ ਭਾਗ ਬੀ ਪਰਸਨੈਲਿਟੀ ਟੈਸਟ ਦਾ ਹੋਵੇਗਾ ਵਿਸ਼ਾ ਅਧਿਕਤਮ ਚਿੰਨ੍ਹ ਮਿਆਦ ਜਨਰਲ ਸਟੱਡੀਜ਼ 100 ਅੰਕ 3 ਘੰਟੇ। ਅੰਗਰੇਜ਼ੀ 100 ਅੰਕ 2 ਘੰਟੇ 20 ਮਿੰਟ ਅੰਕਗਣਿਤ 200 ਅੰਕ 4 ਘੰਟੇ ਭਾਸ਼ਾ 100 ਅੰਕ 2 ਘੰਟੇ 20 ਮਿੰਟ ਸੰਚਾਰ ਹੁਨਰ ਅਤੇ ਲਿਖਣਾ 200 ਅੰਕ 2 ਘੰਟੇ। 20 ਮਿੰਟ ਕਦਮ 4 ਸ਼ਖਸੀਅਤ ਟੈਸਟ ਇੱਕ ਵਾਰ ਜਦੋਂ ਤੁਸੀਂ ਅੰਤਮ ਪੜਾਅ ਵਿੱਚੋਂ ਲੰਘਦੇ ਹੋ ਤਾਂ ਇੰਟਰਵਿਊ ਹੁੰਦੀ ਹੈ। ਉਮੀਦਵਾਰਾਂ ਨੂੰ ਇੰਟਰਵਿਊ ਵਿੱਚ ਉਨ੍ਹਾਂ ਦੀ ਸ਼ਖਸੀਅਤ ਅਤੇ ਮਾਨਸਿਕ ਯੋਗਤਾ ਨੂੰ ਪਰਖਣ ਲਈ ਗ੍ਰਿਲ ਕੀਤਾ ਜਾਂਦਾ ਹੈ। ਫਿਰ ਸਫਲ ਉਮੀਦਵਾਰਾਂ ਦੀ ਅੰਤਿਮ ਸੂਚੀ ਤਿਆਰ ਕੀਤੀ ਜਾਂਦੀ ਹੈ ਏਐਸਆਈ ਨੌਕਰੀ ਦਾ ਵੇਰਵਾ ਆਪਣੇ ਫਰਜ਼ਾਂ ਨੂੰ ਨਿਭਾਉਣ ਲਈ ਇੱਕ ਵਿਅਕਤੀ ਨੂੰ ਬਹੁਤ ਬਹਾਦਰ, ਮਿਹਨਤੀ, ਇਮਾਨਦਾਰ ਅਤੇ ਸਮਝਦਾਰੀ ਨਾਲ ਪੇਸ਼ ਆਉਣਾ ਪੈਂਦਾ ਹੈ ਕਿਉਂਕਿ ਉਸਨੂੰ ਬਹੁਤ ਸਾਰੇ ਉੱਚ ਪ੍ਰੋਫਾਈਲ ਲੋਕਾਂ ਨਾਲ ਨਜਿੱਠਣਾ ਪੈਂਦਾ ਹੈ, ਕਈ ਵਾਰ ਉਹਨਾਂ ਦੇ ਆਪਣੇ ਮਾਲਕ ਵੀ ਜੋ ਆਪਣੇ ਆਪ ਨੂੰ ਬਚਾਉਣ ਲਈ ਉੱਚ ਪੱਧਰਾਂ ਵਿੱਚ ਆਪਣੇ ਪ੍ਰਭਾਵ ਦੀ ਵਰਤੋਂ ਕਰ ਸਕਦੇ ਹਨ ਅਤੇ ਬਦਲੇ ਵਿੱਚ ਸਾਬਤ ਕਰਦੇ ਹਨ। ਅਧਿਕਾਰੀ ਗਲਤ ਜਾਂ ਨਿਰਪੱਖ। ਇਹ ਉਸ ਵਿਅਕਤੀ ਦਾ ਕੰਮ ਹੈ ਜਿਸ ਵਿੱਚ ਅੱਗ ਲੱਗੀ ਹੋਈ ਹੈ ਪਰ ਇਹ ਉਸ ਦੁਆਰਾ ਨਿਯੰਤਰਿਤ ਕੀਤਾ ਜਾਣਾ ਚਾਹੀਦਾ ਹੈ ਅਤੇ ਉਹਨਾਂ ਦੇ ਛਾਪਿਆਂ ਅਤੇ ਜਾਂਚ ਦੌਰਾਨ ਨਿਆਂਇਕ ਤੌਰ 'ਤੇ ਲੋੜ ਪੈਣ 'ਤੇ ਵਰਤਿਆ ਜਾਣਾ ਚਾਹੀਦਾ ਹੈ। ਏਐਸਆਈ ਕੈਰੀਅਰ ਦੀਆਂ ਸੰਭਾਵਨਾਵਾਂ ਸੀਬੀਆਈ ਏਐਸਆਈ ਸਮੇਂ ਦੇ ਨਾਲ ਡੀਐਸਪੀ ਅਤੇ ਇਸ ਤੋਂ ਉੱਪਰ ਦੇ ਰੈਂਕ ਤੱਕ ਜਾ ਸਕਦਾ ਹੈ। ਸੀਬੀਆਈ ਵਿੱਚ ਏਐਸਆਈ ਦੀ ਤਨਖਾਹ ਸੀਬੀਆਈ ਵਿੱਚ ਇੱਕ ਏਐਸਆਈ ਨੂੰ 5500-9000 ਰੁਪਏ ਦਾ ਤਨਖਾਹ ਸਕੇਲ ਮਿਲਦਾ ਹੈ। ਭਾਰਤ ਸਰਕਾਰ ਨੇ ਵੱਖ-ਵੱਖ ਅਸਾਮੀਆਂ 'ਤੇ ਆਪਣੇ ਕਰਮਚਾਰੀਆਂ ਲਈ ਤਨਖਾਹ ਦੇ ਗ੍ਰੇਡ ਨਿਰਧਾਰਤ ਕੀਤੇ ਹਨ। ਹਾਲਾਂਕਿ ਉਹ ਨਵੇਂ ਤਨਖਾਹ ਕਮਿਸ਼ਨ ਨਾਲ ਬਦਲਦੇ ਰਹਿੰਦੇ ਹਨ। **ਨੋਟ:** ਉਪਰੋਕਤ ਸਕੇਲ ਸਿਰਫ ਤਨਖਾਹ ਸਕੇਲਾਂ ਦਾ ਇੱਕ ਵਿਚਾਰ ਪ੍ਰਦਾਨ ਕਰਦੇ ਹਨ। ਸੇਵਾ ਦੀਆਂ ਵੱਖ-ਵੱਖ ਸ਼ਾਖਾਵਾਂ ਵਿੱਚ ਤਨਖਾਹ ਦੇ ਵੱਖ-ਵੱਖ ਸਕੇਲ ਹੁੰਦੇ ਹਨ। ਇੱਥੋਂ ਤੱਕ ਕਿ ਇੱਕੋ ਬ੍ਰਾਂਚਾਂ ਦੇ ਕਰਮਚਾਰੀਆਂ ਦੀ ਉਹਨਾਂ ਦੇ ਪੋਸਟਿੰਗ ਦੇ ਖੇਤਰ ਅਤੇ ਉਹਨਾਂ ਦੀ ਕਿਸੇ ਖਾਸ ਸਮੇਂ 'ਤੇ ਜ਼ਿੰਮੇਵਾਰੀ ਸੰਭਾਲਣ ਦੇ ਅਨੁਸਾਰ ਵੱਖਰੀ ਤਨਖਾਹ ਹੋ ਸਕਦੀ ਹੈ। ਤਨਖਾਹ ਤੋਂ ਇਲਾਵਾ, ਏਐਸਆਈਨੂੰ ਕਈ ਤਰ੍ਹਾਂ ਦੇ ਭੱਤੇ ਪ੍ਰਾਪਤ ਹੁੰਦੇ ਹਨ ਜਿਵੇਂ ਕਿ ਮਹਿੰਗਾਈ ਭੱਤਾ, ਸਿਟੀ ਮੁਆਵਜ਼ਾ ਭੱਤਾ, ਛੁੱਟੀ ਯਾਤਰਾ ਭੱਤਾ, ਮੈਡੀਕਲ ਅਤੇ ਸਬਸਿਡੀ ਵਾਲੀ ਰਿਹਾਇਸ਼।

# ਆਬਕਾਰੀ ਇੰਸਪੈਕਟਰ ਕਿਵੇਂ ਬਣਨਾ ਹੈ


**ਵਿਜੈ ਗਰਗ**

ਆਬਕਾਰੀ ਇੰਸਪੈਕਟਰ, ਜਿਵੇਂ ਕਿ ਨਾਮ ਹੀ ਦਰਸਾਉਂਦਾ ਹੈ, ਇੱਕ ਅਧਿਕਾਰੀ ਹੈ ਜੋ ਕੇਂਦਰੀ ਆਬਕਾਰੀ ਅਤੇ ਕਸਟਮ ਟੈਕਸ ਬੋਰਡ ਦੇ ਆਬਕਾਰੀ ਡਿਊਟੀ ਨਾਲ ਸਬੰਧਤ ਮਾਮਲਿਆਂ ਨਾਲ ਨਜਿੱਠਦਾ ਹੈ, ਸੀਬੀਈਸੀ, ਭਾਰਤ ਵਿੱਚ ਕੇਂਦਰ ਸਰਕਾਰ ਦੇ ਇੱਕ ਵਿਭਾਗ। ਆਬਕਾਰੀ ਇੰਸਪੈਕਟਰ ਜਿਵੇਂ ਕਿ ਆਬਕਾਰੀ ਡਿਫਾਲਟਰਾਂ ਅਤੇ ਸਮੱਗਲਰਾਂ ਵਿੱਚ ਇੱਕ ਡਰੇ ਹੋਏ ਨਾਵਾਂ ਵਿੱਚੋਂ ਇੱਕ ਹੈ। ਇਹ ਆਬਕਾਰੀ ਇੰਸਪੈਕਟਰਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਉਨ੍ਹਾਂ ਡਿਫਾਲਟਰਾਂ ਦੀ ਭਾਲ ਕਰਕੇ ਉਨ੍ਹਾਂ ਨੂੰ ਵਿਭਾਗ ਦੇ ਧਿਆਨ ਵਿੱਚ ਲਿਆਉਣ ਤਾਂ ਜੋ ਉਨ੍ਹਾਂ ਨੂੰ ਵਿਭਾਗ ਵੱਲੋਂ ਬਣਾਏ ਨਿਯਮਾਂ ਅਨੁਸਾਰ ਟੈਕਸ ਅਦਾ ਕਰਨ ਲਈ ਮਜਬੂਰ ਕੀਤਾ ਜਾ ਸਕੇ। ਕਿਉਂਕਿ ਆਬਕਾਰੀ ਅਤੇ ਕਸਟਮ ਡਿਊਟੀ ਆਮਦਨ ਦਾ ਇੱਕ ਮਹੱਤਵਪੂਰਨ ਸਰੋਤ ਹੈ ਜੋ ਸਰਕਾਰ ਨੂੰ ਵਿਕਾਸ ਕਾਰਜਾਂ 'ਤੇ ਖਰਚ ਕਰਨਾ ਪੈਂਦਾ ਹੈ, ਇਸ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਟੈਕਸ ਸਹੀ ਢੰਗ ਨਾਲ ਲਗਾਇਆ ਜਾ ਸਕੇ ਅਤੇ ਇਕੱਠਾ ਕੀਤਾ ਜਾ ਸਕੇ ਤਾਂ ਜੋ ਸਰਕਾਰ ਦੇ ਵਿਕਾਸ ਕਾਰਜਾਂ ਨੂੰ ਜਾਰੀ ਰੱਖਿਆ ਜਾ ਸਕੇ। ਨਿਰਵਿਘਨ ਆਬਕਾਰੀ ਅਧਿਕਾਰੀ ਬਣਨ ਲਈ ਸਟਾਫ਼ ਸਿਲੈਕਸ਼ਨ ਕਮਿਸ਼ਨ ਦੁਆਰਾ ਕਰਵਾਈਆਂ ਗਈਆਂ ਲਿਖਤੀ ਅਤੇ ਜ਼ੁਬਾਨੀ ਪ੍ਰੀਖਿਆਵਾਂ ਦੀ ਚੋਣ ਪ੍ਰਕਿਰਿਆ ਵਿੱਚੋਂ ਗੁਜ਼ਰਨਾ ਪੈਂਦਾ ਹੈ ਤਾਂ ਜੋ ਇੰਨੇ ਸਾਰੇ ਉਮੀਦਵਾਰਾਂ ਵਿੱਚੋਂ ਸਿਰਫ਼ ਕਾਬਲ ਕੁਝ ਹੀ ਚੁਣੇ ਜਾ ਸਕਣ। ਆਬਕਾਰੀ ਇੰਸਪੈਕਟਰ ਯੋਗਤਾ ਆਬਕਾਰੀ ਇੰਸਪੈਕਟਰ ਬਣਨ ਲਈ ਲੋੜੀਂਦੀ ਯੋਗਤਾ ਵਿੱਦਿਅਕ ਯੋਗਤਾ ਆਬਕਾਰੀ ਇੰਸਪੈਕਟਰ ਬਣਨ ਦੇ ਯੋਗ ਹੋਣ ਲਈ ਕਿਸੇ ਨੂੰ ਕਿਸੇ ਵੀ ਸਟ੍ਰੀਮ ਦੀ ਬੈਚਲਰ ਹੋਣੀ ਚਾਹੀਦੀ ਹੈ। ਉਮਰ ਸੀਮਾਵਾਂ ਉਮੀਦਵਾਰ ਦੀ ਪ੍ਰੀਖਿਆ ਦੇ ਸਾਲ 1 ਜੁਲਾਈ ਨੂੰ 18 ਸਾਲ ਦੀ ਉਮਰ ਹੋਣੀ ਚਾਹੀਦੀ ਹੈ ਅਤੇ ਉਸ ਮਿਤੀ ਨੂੰ 27 ਸਾਲ ਦੀ ਉਮਰ ਨਹੀਂ ਹੋਣੀ ਚਾਹੀਦੀ। ਉਪਰਲੀ ਉਮਰ ਸੀਮਾ ਵਿੱਚ OBC ਉਮੀਦਵਾਰਾਂ ਲਈ 3 ਸਾਲ ਅਤੇ SC/ST ਉਮੀਦਵਾਰਾਂ ਲਈ 5 ਸਾਲ ਦੀ ਛੋਟ ਦਿੱਤੀ ਜਾਵੇਗੀ। ਭਾਰਤ ਸਰਕਾਰ ਅਤੇ ਰੱਖਿਆ ਸੇਵਾਵਾਂ ਦੇ ਕਰਮਚਾਰੀਆਂ ਦੇ ਅਧੀਨ ਕੰਮ ਕਰਨ ਵਾਲੇ ਕਰਮਚਾਰੀਆਂ ਦੀਆਂ ਕੁਝ ਸ਼੍ਰੇਣੀਆਂ ਦੇ ਹੱਕ ਵਿੱਚ ਉਪਰਲੀ ਉਮਰ ਸੀਮਾ ਵਿੱਚ ਵੀ ਢਿੱਲ ਦਿੱਤੀ ਗਈ ਹੈ। ਆਬਕਾਰੀ ਇੰਸਪੈਕਟਰ ਕਿਵੇਂ ਬਣਨਾ ਹੈ? ਆਬਕਾਰੀ ਇੰ-ਸਪੈਕਟਰ ਬਣਨ ਲਈ ਦਿੱਤੇ ਗਏ ਕਦਮਾਂ ਦੀ ਪਾਲਣਾ ਕਰਨੀ ਪਵੇਗੀ: ਕਦਮ 1 ਪਹਿਲੇ ਕਦਮ ਦੇ ਤੌਰ 'ਤੇ, ਚਾਹਵਾਨ ਨੂੰ ਆਮ ਤੌਰ 'ਤੇ ਅਪ੍ਰੈਲ ਦੇ ਮਹੀਨੇ ਵਿੱਚ ਪ੍ਰਕਾਸ਼ਤ ਰੋਜ਼ਗਾਰ ਅਖਬਾਰ ਤੋਂ ਲੋੜੀਂਦੀ ਜਾਣਕਾਰੀ ਦੇ ਨਾਲ "ਅਰਜ਼ੀ ਫਾਰਮ" ਪ੍ਰਾਪਤ ਕਰਨਾ ਹੁੰਦਾ ਹੈ। ਭਰਿਆ ਹੋਇਆ ਬਿਨੈ-ਪੱਤਰ ਫਾਰਮ ਖੇਤਰੀ ਕੇਂਦਰਾਂ ਨੂੰ ਭੇਜ ਦਿੱਤਾ ਗਿਆ ਹੈ ਜਿਵੇਂ ਕਿ ਦੱਸਿਆ ਗਿਆ ਹੈ। ਨੋਟ: ਨਿਯਮਾਂ ਅਤੇ ਸਿਲੇਬਸ ਨਾਲ ਸਬੰਧਤ ਵੇਰਵਿਆਂ ਨਾਲ ਪ੍ਰੀਖਿਆ ਲਈ ਨੋਟੀਫਿਕੇਸ਼ਨ ਅਪ੍ਰੈਲ ਮਹੀਨੇ ਵਿੱਚ 'ਰੁਜ਼ਗਾਰ ਸਮਾਚਾਰ'/'ਰੋਜ਼ਗਾਰ ਸਮਾਚਾਰ', 'ਗਜ਼ਟ ਆਫ਼ ਇੰਡੀਆ' ਅਤੇ ਦੇਸ਼ ਦੇ ਕੁਝ ਪ੍ਰਮੁੱਖ ਅਖਬਾਰਾਂ ਵਿੱਚ ਪ੍ਰਕਾਸ਼ਿਤ ਕੀਤਾ ਜਾਂਦਾ ਹੈ। ਕਦਮ 2 ਮੁੱਢਲੀ ਪ੍ਰੀਖਿਆ ਮਈ ਜਾਂ ਜੂਨ ਦੇ ਮਹੀਨੇ ਵਿੱਚ, ਚਾਹਵਾਨਾਂ ਨੂੰ ਦੋ ਪੇਪਰਾਂ ਵਾਲੀ "ਸ਼ੁਰੂਆਤੀ ਪ੍ਰੀਖਿਆਵਾਂ" ਦੇਣੀ ਪੈਂਦੀ ਹੈ। ਕਾਗਜ਼ ਇਸ 'ਤੇ ਹਨ: ਵਿਸ਼ੇ ਦੇ ਸਮੇਂ ਦਾ ਵਿਸ਼ਾ ਨੰਬਰ ਜਨਰਲ ਇੰਟੈਲੀਜੈਂਸ ਅਤੇ ਜਨਰਲ ਅਵੇਅਰਨੈਸ (ਭਾਗ ੳ) 100 100 2 ਘੰਟੇ। ਅੰਕਗਣਿਤ 100 100 2 ਘੰਟੇ ਨੋਟ: ਇਹ ਇਮਤਿਹਾਨ ਅੰਤਿਮ ਪ੍ਰੀਖਿਆ ਲਈ ਸਿਰਫ਼ ਇੱਕ ਯੋਗਤਾ ਪ੍ਰੀਖਿਆ ਹੈ ਅਤੇ ਇਸ ਪ੍ਰੀਖਿਆ ਵਿੱਚ ਪ੍ਰਾਪਤ ਅੰਕਾਂ ਨੂੰ ਅੰਤਿਮ ਨਤੀਜਾ ਬਣਾਉਣ ਲਈ ਸ਼ਾਮਲ ਨਹੀਂ ਕੀਤਾ ਗਿਆ ਹੈ। ਕਦਮ 3 ਮੁੱਖ ਪ੍ਰੀਖਿਆ ਜਿਹੜੇ ਉਮੀਦਵਾਰ "ਪ੍ਰੀਲੀਮੀਨਰੀ ਪ੍ਰੀਖਿਆ" ਵਿੱਚ ਯੋਗਤਾ ਪ੍ਰਾਪਤ ਘੋਸ਼ਿਤ ਕੀਤੇ ਗਏ ਹਨ, ਉਨ੍ਹਾਂ ਨੂੰ ਅੰਤਿਮ ਪ੍ਰੀਖਿਆ ਦੇਣੀ ਚਾਹੀਦੀ ਹੈ। ਅੰਤਿਮ ਪ੍ਰੀਖਿਆ ਦੋ ਭਾਗਾਂ ਦੀ ਹੋਵੇਗੀ। ਭਾਗ ਏ ਲਿਖਤੀ ਪ੍ਰੀਖਿਆ ਦਾ ਹੋਵੇਗਾ ਅਤੇ ਦੂਜਾ ਭਾਗ ਬੀ ਪਰਸਨੈਲਿਟੀ ਟੈਸਟ ਦਾ ਹੋਵੇਗਾ। ਵਿਸ਼ਾ ਅਧਿਕਤਮ ਮਾਰਕ ਦੀ ਮਿਆਦ ਜਨਰਲ ਸਟੱਡੀਜ਼ 200 ਅੰਕ 3 ਘੰਟੇ। ਅੰਗਰੇਜ਼ੀ 100 ਅੰਕ 2 ਘੰਟੇ 20 ਮਿੰਟ ਗਣਿਤ 200 ਅੰਕ 4 ਘੰਟੇ ਭਾਸ਼ਾ 100 ਅੰਕ

(ਬਾਕੀ ਅਗਲੇ ਸਫੇ 'ਤੇ)

ਸ਼ਹੀਦੀ ਦਿਨ 'ਤੇ ਵਿਸ਼ੇਸ਼

# ਸ਼ਹੀਦ ਭਾਈ ਤਾਰੂ ਸਿੰਘ ਜੀ



ਬੰਦਾ ਸਿੰਘ ਬਹਾਦਰ ਨੂੰ 9 ਜੂਨ 1716 ਈ. ਸੈਂਕੜੇ ਸਾਥੀਆਂ ਸਮੇਤ ਕਤਲ ਕਰਕੇ ਦਿੱਲੀ ਦੇ ਤਖ਼ਤ'ਤੇ ਉਸ ਸਮੇਂ ਦੇ ਬਾਦਸ਼ਾਹ ਫ਼ਰਖ਼ਸੀਅਰ ਨੇ ਸਮਝ ਲਿਆ ਕਿ ਉਸ ਨੇ ਸਿੱਖਾਂ ਦਾ ਨਾਮੋ ਨਿਸ਼ਾਨ ਮਿਟਾ ਦਿੱਤਾ ਹੈ। ਦਲੇਰਿ-ਜੰਗ ਨੇ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਪਿੱਛੋਂ ਪੰਜ ਛੇ ਸਾਲ ਬੜੀ ਸਖ਼ਤੀ ਕੀਤੀ ਪਰ ਪਿੱਛੋਂ ਜਾ ਕੇ ਆਯਾਸ਼ੀ ਵਿੱਚ ਪੈ ਗਿਆ। ਇਸ ਨਾਲ ਸਖ਼ਤੀ ਦੇ ਦੌਰ ਵਿੱਚ ਢਿਲ ਆ ਗਈ। ਇਸ ਨਾਲ ਸਿੰਘ ਜੰਗਲਾਂ ਨੂੰ ਛੱਡ ਕੇ ਆਪਣੇ ਪਿੰਡਾਂ ਵਿੱਚ ਆ ਗਏ ਤੇ ਵਾਹੀ ਵਗੈਰਾ ਕੰਮ ਵਿੱਚ ਲੱਗ ਗਏ। ਇਸ ਢਿੱਲ ਕਾਰਨ ਲੁੱਟਾਂ-ਖੋਹਾਂ, ਡਾਕੇ, ਚੋਰੀਆਂ ਵਿੱਚ ਤੇਜ਼ੀ ਆ ਗਈ। ਜਦ ਇਸ ਦੀ ਖ਼ਬਰ ਦਿੱਲੀ ਪਹੁੰਚੀ ਤਾਂ ਉਸ ਨੂੰ ਲਾਹੌਰ ਤੋਂ ਮੁਲਤਾਨ ਬਦਲ ਦਿੱਤਾ ਗਿਆ ਤੇ ਉਸ ਦੇ ਪੁਤਰ ਜ਼ਕਰੀਆ ਖ਼ਾਨ ਨੂੰ ਕਸ਼ਮੀਰੋਂ ਲਾਹੌਰ ਲਿਆਂਦਾ ਗਿਆ।



ਡਾ. ਚਰਨਜੀਤ ਗੁਮਟਾਲਾ
91-94175-33060

ਜ਼ਕਰੀਆ ਖਾਨ ਨੇ ਗੱਦੀ ਸੰਭਾਲਦਿਆਂ ਹੀ ਸਿੱਖਾਂ ਨੂੰ ਖ਼ਤਮ ਕਰਨ ਦਾ ਮਨ ਬਣਾਇਆ। ਪਰ ਇਸ ਸਖ਼ਤੀ ਦੇ ਬਾਵਜੂਦ ਕਈ ਸਿੰਘ ਪਿੰਡਾਂ ਵਿਚ ਰਹਿੰਦੇ ਸਨ, ਜੋ ਰਾਹਗੀਰਾਂ ਨੂੰ ਲੰਗਰ ਛਕਾਉਂਦੇ ਸਨ। ਅਜਿਹੀਆਂ ਸਖ਼ਸ਼ੀਅਤਾਂ ਵਿੱਚ ਪੂਹਲਾ ਪਿੰਡ ਜੋ ਕਿ ਪਹਿਲਾਂ ਲਾਹੌਰ ਜ਼ਿਲ੍ਹੇ ਦੀ ਤਹਿਸੀਲ ਕਸੂਰ ਵਿੱਚ ਹੁੰਦਾ ਸੀ ਤੇ ਹੁਣ ਇਹ ਪਿੰਡ ਤਹਿਸੀਲ ਪੱਟੀ ਜ਼ਿਲ੍ਹਾ ਤਰਨਤਾਰਨ ਵਿੱਚ ਹੈ ਦੇ ਭਾਈ ਤਾਰੂ ਸਿੰਘ ਰਹਿੰਦੇ ਸਨ, ਜੋ ਕਿ ਛੋਟੇ ਜ਼ਿਮੀਦਾਰ ਸਨ। ਉਹ ਬਚਪਨ ਵਿੱਚ ਅੰਮ੍ਰਿਤਪਾਨ ਕਰਕੇ ਸਿੰਘ ਸੱਜ ਗਏ। ਉਨ੍ਹਾਂ ਦੇ ਪਿਤਾ ਭਾਈ ਜੋਧ ਸਿੰਘ ਸੂਬਾ ਸਰਹੰਦ ਦੀ ਫੌਜ ਨਾਲ ਲੜਦੇ ਹੋਏ ਮੁਕਤਸਰ ਸਾਹਿਬ ਦੀ ਲੜਾਈ ਵਿੱਚ ਸ਼ਹੀਦ ਹੋਏ ਸਨ। ਭਾਈ ਤਾਰੂ ਸਿੰਘ ਨੇ ਭਾਈ ਮਨੀ ਸਿੰਘ ਜੀ ਦੀ ਜਥੇਦਾਰੀ ਵਿੱਚ ਅੰਮ੍ਰਿਤ ਛਕਿਆ ਸੀ। ਉਨ੍ਹਾਂ ਦੇ ਘਰ ਤਿੰਨ ਜੀਅ ਸਨ। ਭਾਈ ਜੀ, ਮਾਤਾ ਜੀ ਤੇ ਉਨ੍ਹਾਂ ਦੀ ਛੋਟੀ ਭੈਣ ਬੀਬੀ ਤਾਰੋ ਜਿਸ ਦਾ ਪਤੀ ਸਵਰਗਵਾਸ ਹੋ ਚੁੱਕਾ ਸੀ ਤੇ ਉਹ ਆਪਣੇ ਪੇਕੇ ਹੀ ਰਹਿੰਦੀ ਸੀ।

ਇਹ ਸਾਰਾ ਪਰਿਵਾਰ ਲੰਗਰ ਤਿਆਰ ਕਰਕੇ ਲੋੜਵੰਦਾਂ ਨੂੰ ਛਕਾਉਂਦਾ ਸੀ। ਕਈ ਰਾਹਗੀਰ ਉਨ੍ਹਾਂ ਘਰ ਰਾਤ ਠਹਿਰ ਵੀ ਜਾਂਦੇ ਸਨ। ਉਨ੍ਹਾਂ ਦੇ ਦਰਵਾਜ਼ੇ ਬਿਨਾਂ ਭਿੰਨ ਭਾਵ ਦੇ ਸਭ ਲਈ ਖੁੱਲ੍ਹੇ ਸਨ।ਪਿੰਡ ਤੋਂ ਇਲਾਵਾ ਆਸ ਪਾਸ ਦੇ ਪਿੰਡਾਂ ਵਾਲੇ ਇਸ ਗੁਰਸਿੱਖ ਪਰਿਵਾਰ ਨੂੰ ਪਿਆਰ ਕਰਦੇ ਸਨ। ਇਲਾਕੇ ਵਿੱਚ ਉਨ੍ਹਾਂ ਦਾ ਮਾਣ ਸਤਿਕਾਰ ਸੀ। ਇਹ ਪਿੰਡ ਲਾਹੌਰ ਤੋਂ ਕੋਈ 45 ਕਿਲੋਮੀਟਰ ਦੂਰ ਸੀ। ਲਾਹੌਰ ਵਿੱਚ ਜੋ ਕੁਝ ਵਾਪਰਦਾ ਸੀ ਇਸ ਦੀ ਖ਼ਬਰ ਇਸ ਪਿੰਡ ਵਿੱਚ ਵੀ ਪਹੁੰਚ ਜਾਂਦੀ ਸੀ। ਇੱਥੋਂ ਹੀ ਜੰਗਲਾਂ ਵਿੱਚ ਰਹਿੰਦੇ ਸਿੰਘਾਂ ਨੂੰ ਲਾਹੌਰ ਦੀਆਂ ਖ਼ਬਰਾਂ ਪੁੱਜ ਜਾਂਦੀਆਂ ਸਨ।

1740 ਈ. ਵਿੱਚ ਮੱਸੇ ਰੰਘੜ ਦਾ ਦਰਬਾਰ ਸਾਹਿਬ ਅੰਮ੍ਰਿਤਸਰ ਕਤਲ ਹੋਇਆ। ਇਸ ਸਮੇਂ ਮੁਖਬਰਾਂ ਨੇ ਸਿੱਖਾਂ ਨੂੰ ਫੜਾਉਣ ਵਿੱਚ ਕੋਈ ਕਸਰ ਨਾ ਛੱਡੀ। ਪਰ ਕਿਸੇ ਨੇ ਭਾਈ ਤਾਰੂ ਸਿੰਘ ਬਾਰੇ ਜਾਣਕਾਰੀ ਨਾ ਦਿੱਤੀ ਕਿਉ-ਂਕਿ ਮੁਸਲਮਾਨ ਵੀ ਉਸ ਨਾਲ ਪਿਆਰ ਕਰਦੇ ਸਨ।ਸਰਕਾਰ ਦੇ ਵਫ਼ਾਦਾਰਾਂ ਵਿੱਚ ਜੰਡਿਆਲਾ ਗੁਰੂ ਦਾ ਮੁਖਬਰ ਹਰ ਭਗਤ ਨਿਰੰਜਨੀਆ ਵੀ ਸੀ ਜੋ ਕਿ ਬਹੁਤ ਨਿਰਦਈ ਸੀ ਤੇ ਸਿੱਖਾਂ ਦਾ ਕੱਟੜ ਵੈਰੀ ਸੀ। ਇਸ ਨੇ ਜ਼ਕਰੀਆ ਖਾਨ ਨਾਲੋਂ ਵੀ ਅਤਿ ਚੁੱਕੀ ਹੋਈ ਸੀ।ਇਸ ਨੇ ਜ਼ਕਰੀਆ ਖ਼ਾਨ ਪਾਸ ਲਾਹੌਰ ਜਾ ਕੇ ਭਾਈ ਤਾਰੂ ਸਿੰਘ ਵਿਰੁੱਧ ਉਸ ਦੇ ਕੰਨ ਭਰੇ ਤੇ ਦੋਸ਼ ਲਾਇਆ ਕਿ ਇਸ ਪਾਸ ਸਰਕਾਰ ਦੇ ਵਿਦਰੋਹੀ ਸਿੰਘ ਰਾਤਾਂ ਕੱਟਦੇ ਹਨ। ਇਹ ਉਨ੍ਹਾਂ ਨੂੰ ਲੰਗਰ ਖੁਆਉਂਦਾ ਹੈ।

ਸਿੰਘ ਬਾਹਰ ਇਸ ਦੇ ਖੇਤਾਂ ਵਿੱਚ ਠਹਿਰਦੇ ਹਨ। ਇਹ ਦਿਨੇ ਹਲ ਚਲਾਉਂਦਾ ਹੈ ਤੇ ਰਾਤ ਨੂੰ ਸੰਨਾਂ ਲਾਉਂਦਾ ਹੈ। ਆਪ ਮਾੜਾ ਖਾਂਦਾ ਹੈ ਪਰ ਸਿੰਘਾਂ ਨੂੰ ਵਧੀਆ ਅੰਨ ਪਾਣੀ ਛਕਾਉਂਦਾ ਹੈ ਤੇ ਕੱਪੜਾ ਲੀੜਾ ਵੀ ਦੇਂਦਾ ਹੈ। ਚੌਧਰੀ ਮੱਸੇ ਦਾ ਕਾਤਿਲ ਮਹਿਤਾਬ ਸਿੰਘ ਮੀਰਾਕੋਟ ਤੇ ਹੋਰ ਖ਼ਤਰਨਾਕ ਸਿੰਘ ਇਸ ਪਾਸ ਠਹਿਰਦੇ ਹਨ। ਇਹ ਤੁਹਾਨੂੰ ਕਤਲ ਕਰਨ ਦੀਆਂ ਵਿਉਤਾਂ ਬਣਾ ਰਹੇ ਹਨ। ਸਰਕਾਰ ਨੂੰ ਹੁਣ ਬੰਦੋਬਸਤ ਕਰਨਾ ਚਾਹੀਦਾ ਹੈ। ਇਸ ਤੋਂ ਪਹਿਲਾਂ ਕਿ ਉਹ ਕੋਈ ਕਾਰਾ ਕਰੇ, ਹੁਣੇ ਹੀ ਉਸ ਨੂੰ ਫੜ੍ਹਕੇ ਮੌਤ ਦੇ ਘਾਟ ਉਤਾਰ ਦੇਣਾ ਚਾਹੀਦਾ ਹੈ। ਬਸ ਫੇਰ ਕੀ ਸੀ ਪੁਲੀਸ ਨੇ ਭਾਈ ਤਾਰੂ ਸਿੰਘ ਨੂੰ ਹੱਥਕੜੀਆਂ ਤੇ ਬੇੜੀਆਂ ਪਾ ਕੇ ਲਾਹੌਰ ਜ਼ਕਰੀਆ ਖ਼ਾਨ ਦੀ ਕਚਹਿਰੀ ਵਿੱਚ ਪੇਸ਼ ਕੀਤਾ ਤੇ ਆਪਣੀ ਜਾਨ ਬਚਾਉਣ ਲਈ ਇਸਲਾਮ ਕਬੂਲ ਕਰ ਲੈਣ ਲਈ ਕਿਹਾ। ਭਾਈ ਸਾਹਿਬ ਨੇ ਜੁਆਬ ਦਿੱਤਾ ਕਿ ਮੁਸਲਮਾਨ ਬਣ ਕੇ ਵੀ ਤਾਂ ਆਖ਼ਰ ਮਰਨਾ ਹੈ। ਇਹ ਸਿੱਖੀ ਕੇਸਾਂ ਸਵਾਸਾਂ ਨਾਲ ਨਿਭੇਗੀ। ਜੋ ਜੀਅ ਆਵੇ ਤੂੰ ਉਸੇ ਤਰ੍ਹਾਂ ਕਰ ਲੈ। ਮੈਂ ਤੈਥੋਂ ਰਹਿਮ ਦੀ ਭੀਖ ਨਹੀਂ ਮੰਗਣੀ। ਭਾਈ ਤਾਰੂ ਸਿੰਘ ਨੂੰ ਜ਼ਲਾਦਾਂ ਪਾਸੋਂ ਪਹਿਲਾਂ ਚਰਖੀ ਚੜਾਇਆ ਗਿਆ। ਫਿਰ ਮੋਚੀ ਪਾਸੋਂ ਭਾਈ ਜੀ ਦੀ ਖੋਪਰੀ ਲੁਹਾਈ ਗਈ। ਕਚਹਿਰੀ ਦੇ ਦੁਆਲੇ ਢੂੰਘੀ ਖਾਈ ਸੀ, ਜਿੱਥੇ ਭਾਈ ਤਾਰੂ ਸਿੰਘ ਨੂੰ ਨੀਮ ਮੁਰਦਾ ਹਾਲਤ ਵਿੱਚ ਸੁਟਿਆ ਗਿਆ।

ਸਾਰੇ ਸ਼ਹਿਰ ਵਿੱਚ ਤੇ ਪਿੰਡਾਂ ਵਿੱਚ ਇਹ ਖ਼ਬਰ ਅੱਗ ਵਾਂਗ ਫੈਲ ਗਈ ਕਿ ਖਾਨ ਬਹਾਦਰ ਨੇ ਭਾਈ ਤਾਰੂ ਸਿੰਘ ਦੀ ਖੋਪਰੀ ਉਤਰਵਾ ਦਿੱਤੀ ਹੈ ਤੇ ਉਹ ਅਜੇ ਜੀਉਂਦਾ ਹੈ ਤੇ ਬਾਹਰ ਖਾਈ ਵਿੱਚ ਪਿਆ ਹੈ। ਇਹ ਦੁਖਦਾਈ ਖ਼ਬਰ ਜਦੋਂ ਲਾਹੌਰ ਵਿੱਚ ਰਹਿੰਦੇ ਰਾਮਗੜ੍ਹੀਆਂ ਨੂੰ ਮਿਲੀ ਤਾਂ ਉਹ ਜਰ ਨਾ ਸਕੇ। ਕਿਸੇ ਵਸੀਲੇ ਰਾਹੀਂ ਸਰਕਾਰੀ ਆਗਿਆ ਲੈ ਕੇ ਉਹ ਭਾਈ ਜੀ ਨੂੰ ਇੱਕ ਧਰਮਸ਼ਾਲਾ ਵਿੱਚ ਲੈ ਗਏ। ਜ਼ਕਰੀਆ ਖਾਨ ਦੇ ਡਰੋਂ ਕੋਈ ਵੀ ਹਕੀਮ ਜਾਂ ਡਾਕਟਰ ਇਲਾਜ਼ ਕਰਨ ਲਈ ਨਾ ਮੰਨਿਆ। ਉਨ੍ਹਾਂ ਨੇ ਕੋਈ ਚਾਰਾ ਨਾ ਚੱਲਦਾ ਵੇਖ ਕੇ ਨਿੰਮ ਦੇ ਗਰਮ ਪਾਣੀ ਨਾਲ ਪਹਿਲਾ ਸਾਰੇ ਸਿਰ ਜੋ ਕਿ ਇੱਕ ਵੱਡੇ ਜ਼ਖ਼ਮ ਵਾਂਗ ਬਣ ਚੁੱਕਿਆ ਸੀ, ਨੂੰ ਧੋਤਾ ਤੇ ਫਿਰ ਕੜਾਹ ਬਣਾ ਕੇ ਕੋਸਾ ਕੋਸਾ ਭਾਈ ਜੀ ਦੇ ਸਿਰ 'ਤੇ ਬੰਨ੍ਹਣਾ ਸ਼ੁਰੂ ਕਰ ਦਿੱਤਾ। ਹੌਲੀ ਹੌਲੀ ਪਹਿਲਾਂ ਭਾਈ ਸਾਹਿਬ ਹੋਸ਼ ਵਿੱਚ ਆਏ ਤੇ ਫਿਰ ਕਾਇਮ ਹੋਣ ਲੱਗੇ।

ਰੱਬ ਦੀ ਕਰਨੀ ਵੇਖੋ! ਉਸੇ ਰਾਤ ਜ਼ਕਰੀਆ ਖਾਨ ਨੂੰ ਪੇਸ਼ਾਬ ਦਾ ਬੰਨ ਪੈ ਗਿਆ। ਉਸ ਨੂੰ ਬੜੀ ਤਕਲੀਫ ਹੋਣ ਲੱਗੀ। ਹਕੀਮ ਸੱਦੇ ਗਏ। ਜਦ ਕੋਈ ਫ਼ਰਕ ਨਾ ਪਿਆ ਤਾਂ ਮੌਲਵੀ ਮਲਾਣੇ, ਪੀਰ ਫਕੀਰ ਬੁਲਾਏ ਗਏ। ਤਵੀਤ ਬਣਾ ਕੇ ਗੱਲ ਪਾਏ ਗਏ। ਪਰ ਫਿਰ ਵੀ ਉਸ ਦੀ ਤਕਲੀਫ਼ ਵੱਧਦੀ ਜਾਵੇ। ਉਸ ਦੀਆਂ ਹਾਏ ਹਾਏ ਦੀਆਂ ਆਵਾਜ਼ਾਂ ਦੂਰ ਤੀਕ ਸੁਣਾਈ ਦੇਣ ਲੱਗੀਆਂ। ਸਭ ਕਹਿਣ ਲੱਗੇ ਕਿ ਉਸ ਨੇ ਰੱਬ ਦੇ ਪਿਆਰੇ ਨਾਲ ਘੋਰ ਅਪਰਾਧ ਕੀਤਾ ਹੈ। ਜ਼ੁਲਮ ਵਾਲੀ ਅੱਤ ਕਰ ਦਿੱਤੀ ਹੈ। ਅਖ਼ੀਰ ਇੱਕ ਪ੍ਰਸਿੱਧ ਸਿੱਖ ਭਾਈ ਸੁਬੇਗ ਸਿੰਘ ਨੂੰ ਧਰਮਸ਼ਾਲਾ ਭੇਜਿਆ ਗਿਆ ਜਿੱਥੇ ਰਾਮਗੜ੍ਹੀਏ ਭਾਈ ਤਾਰੂ ਸਿੰਘ ਦਾ ਇਲਾਜ਼ ਕਰ ਰਹੇ ਸਨ। ਜਦ ਉਹ ਭਾਈ ਤਾਰੂ ਸਿੰਘ ਪਾਸ ਗਏ ਤਾਂ ਉਨ੍ਹਾਂ ਕਿਹਾ ਕਿ ਹੁਣ ਖ਼ਾਲਸਾ ਹੀ ਬਖਸ਼ ਸਕਦਾ ਹੈ। ਭਾਈ ਸੁਬੇਗ ਸਿੰਘ ਸਿੱਧੇ ਜੰਗਲ ਨੂੰ ਗਏ ਜਿੱਥੇ ਖ਼ਾਲਸਾ ਜੀ ਦਾ ਵੱਡਾ ਜਥਾ ਸ. ਕਪੂਰ ਸਿੰਘ ਦੀ ਅਗਵਾਈ ਵਿੱਚ ਡੇਰੇ ਲਾਈ ਬੈਠਾ ਸੀ। ਸ. ਕਪੂਰ ਸਿੰਘ ਤੇ ਕੁਝ ਬਜ਼ੁਰਗ ਸਿੰਘਾਂ ਨੇ ਕਿਹਾ ਪਿਸ਼ਾਬ ਦਾ ਬੰਨ ਟੁੱਟ ਸਕਦਾ ਹੈ ਜੇ ਭਾਈ ਸਾਹਿਬ ਦੀਆਂ ਜੁਤੀਆਂ ਖੜ੍ਹ ਕੇ ਸੂਬੇ ਦੇ ਸਿਰ ਵਿੱਚ ਮਾਰੀਆਂ ਜਾਣ। ਇਸ ਦੇ ਨਾਲ ਹੀ ਸ਼ਹੀਦ ਸਿੰਘਾਂ ਦੇ ਸਿਰਾਂ ਦੇ ਮੁਨਾਰੇ ਢਾਹ ਕੇ ਸਸਕਾਰ ਕੀਤਾ ਜਾਵੇ। ਬੰਦੀ ਸਿੰਘ ਛੱਡੇ ਜਾਣ, ਚਰਖੜੀਆਂ ਪਟਵਾਈਆਂ ਜਾਣ ਤੇ ਅੱਗੇ ਤੋਂ ਸਿੰਘਾਂ ਨੂੰ ਗ੍ਰਿਫਤਾਰ ਨਾ ਕੀਤਾ ਜਾਵੇ।

ਇੰਝ ਹੀ ਕੀਤਾ ਗਿਆ। ਭਾਈ ਸਾਹਿਬ ਦੀ ਜੁਤੀ ਖੜ੍ਹਕੇ ਜ਼ਕਰੀਆ ਖਾਨ ਦੇ ਸਿਰ ਮਾਰੀ ਗਈ, ਜਿਸ ਨਾਲ ਪਿਸ਼ਾਬ ਦਾ ਬੰਨ ਟੁੱਟ ਗਿਆ। ਸਭ ਪਾਸੇ ਖੁਸ਼ੀਆਂ ਮਨਾਈਆਂ ਜਾਣ ਲੱਗੀਆਂ। ਸਿੰਘਾਂ ਦੇ ਸਿਰਾਂ ਦੇ ਮੁਨਾਰੇ ਢਾਹ ਕੇ ਸਸਕਾਰ ਕਰਵਾਏ ਗਏ। ਚਰਖੜੀਆਂ ਪੁਟਵਾਈਆਂ ਗਈਆਂ ਤੇ ਨਵਾਬ ਨੇ ਸਿੰਘਾਂ ਦੀਆਂ ਗ੍ਰਿਫਤਾਰੀਆਂ ਬੰਦ ਕਰਨ ਦਾ ਐਲਾਨ ਕੀਤਾ ਤੇ ਬੰਦੀ ਸਿੰਘ ਛੱਡੇ ਗਏ। ਜ਼ਕਰੀਆ ਖ਼ਾਨ ਦੇ ਜਦ ਪਿਸ਼ਾਬ ਦਾ ਬੰਨ ਲੱਗਦਾ ਤਾਂ ਜੁਤੀ ਖਾਣ ਨਾਲ ਟੁੱਟ ਜਾਂਦਾ। ਛਿੱਤਰ ਵਜਦੇ ਵੀ ਸਿਰ ਵਿੱਚ। ਏਸ ਤਰਾਂ 4 ਦਿਨ ਛਿੱਤਰ ਖਾਂਦਾ ਹੋਇਆ ਉਹ ਰੱਬ ਨੂੰ ਪਿਆਰਾ ਹੋ ਗਿਆ। ਜਦ ਭਾਈ ਤਾਰੂ ਸਿੰਘ ਨੂੰ ਪਤਾ ਲੱਗਾ ਤਾਂ ਉਨ੍ਹਾਂ ਕਿਹਾ ਕਿ ਮੇਰਾ ਸਮਾਂ ਵੀ ਹੁਣ ਆਣ ਪੁੱਜਾ ਹੈ। ਸਾਡਾ ਕੰਮ ਨਵਾਬ ਨੂੰ ਜੁਤੀਆਂ ਮਾਰ ਕੇ ਅੱਗੇ ਲਾਉਣਾ ਸੀ। ਉਹ ਪੂਰਾ ਹੋ ਗਿਆ। ਹੁਣ ਅਸੀਂ ਵੀ ਚਾਲੇ ਪਾਉਂਦੇ ਹਾਂ। ਇਸ ਤਰ੍ਹਾਂ ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਉਂਦੇ ਹੋਏ ਭਾਈ ਤਾਰੂ ਸਿੰਘ ਦਿਨ ਸੋਮਵਾਰ ਪਹਿਲੀ ਸਾਵਣ ਸੰਮਤ 1802 ਬਿਕਰਮੀ ਮੁਤਾਬਕ ਪਹਿਲੀ ਜੁਲਾਈ ਸੰਨ 1745 ਈ. ਨੂੰ ਸ਼ਹੀਦੀ ਪਾ ਗਏ। ਉਨ੍ਹਾਂ ਦਾ ਸ਼ਹੀਦ ਗੰਜ ਲਾਹੌਰ ਰੇਲਵੇ ਸਟੇਸ਼ਨ ਦੇ ਕੋਲ ਲੰਡਾ ਬਜ਼ਾਰ ਵਿੱਚ ਸ਼ਹੀਦ ਗੰਜ ਸਿੰਘਣੀਆਂ ਦੇ ਲਾਗੇ ਹੀ ਹੈ ਜੋ ਕਿ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਰੱਖ ਰਿਹਾ ਹੈ। ਅੱਜ ਭਾਈ ਸਾਹਿਬ ਦਾ ਸ਼ਹੀਦੀ ਦਿਹਾੜਾ ਸਾਰੇ ਸੰਸਾਰ ਵਿਚ ਬੜੀ ਸ਼ਰਧਾ ਮਨਾਇਆ ਜਾ ਰਿਹਾ ਹੈ।

# ਆਬਕਾਰੀ ਇੰਸਪੈਕਟਰ ਕਿਵੇਂ ਬਣਨਾ ਹੈ

(ਸਫਾ 24 ਦੀ ਬਾਕੀ)

2 ਘੰਟੇ 20 ਮਿੰਟ ਸੰਚਾਰ ਹੁਨਰ ਅਤੇ ਲਿਖਣਾ 200 ਅੰਕ 2 ਘੰਟੇ। 20 ਮਿੰਟ ਕਦਮ 4 ਸ਼ਖਸੀਅਤ ਟੈਸਟ ਇੱਕ ਵਾਰ ਜਦੋਂ ਤੁਸੀਂ ਅੰਤਮ ਪੜਾਅ ਵਿੱਚੋਂ ਲੰਘਦੇ ਹੋ ਤਾਂ ਇੰਟਰਵਿਊ ਹੁੰਦੀ ਹੈ। ਉਮੀਦਵਾਰਾਂ ਨੂੰ ਇੰਟਰਵਿਊ ਵਿੱਚ ਉਨ੍ਹਾਂ ਦੀ ਸ਼ਖਸੀਅਤ ਅਤੇ ਮਾਨਸਿਕ ਯੋਗਤਾ ਨੂੰ ਪਰਖਣ ਲਈ ਗ੍ਰਿਲ ਕੀਤਾ ਜਾਂਦਾ ਹੈ। ਫਿਰ ਸਫਲ ਉਮੀਦਵਾਰਾਂ ਦੀ ਅੰਤਿਮ ਸੂਚੀ ਤਿਆਰ ਕੀਤੀ ਜਾਂਦੀ ਹੈ ਆਬਕਾਰੀ ਇੰਸਪੈਕਟਰ ਦੀ ਨੌਕਰੀਵਰਣਨ ਇਹ ਕੰਮ ਕਰਨਾ ਕੋਈ ਆਸਾਨ ਕੰਮ ਨਹੀਂ ਹੈ ਕਿਉਂਕਿ ਉਨ੍ਹਾਂ ਨੂੰ ਕੁਝ ਸਮੇਂ ਲਈ ਕੁਝ ਭ੍ਰਿਸ਼ਟ ਸਿਆਸਤਦਾਨਾਂ ਅਤੇ ਪ੍ਰਸ਼ਾਸਨ ਵਿੱਚ ਆਪਣੇ ਗੌਡਫਾਦਰ ਰੱਖਣ ਵਾਲੇ ਉੱਚ ਪ੍ਰੋਫਾਈਲ ਕਾਰੋਬਾਰੀਆਂ ਨਾਲ ਨਜਿੱਠਣਾ ਪੈਂਦਾ ਹੈ। ਇਸ ਲਈ ਇਸ ਨੌਕਰੀ ਨੂੰ ਇੱਕ ਔਖਾ ਕੰਮ ਮੰਨਿਆ ਜਾਂਦਾ ਹੈ ਅਤੇ ਇਹ ਇਸਨੂੰ ਸਮਰਪਿਤ ਅਤੇ ਸਮਰਪਿਤ ਨੌਜਵਾਨਾਂ ਲਈ ਇੱਕ ਉੱਚ ਪ੍ਰੋਫਾਈਲ ਕੈਰੀਅਰ ਬਣਾਉਂਦਾ ਹੈ। ਪਰ ਆਪਣੇ ਫਰਜ਼ ਨਿਭਾਉਣ ਲਈ ਇੱਕ ਵਿਅਕਤੀ ਨੂੰ ਬਹੁਤ ਬਹਾਦਰ, ਮਿਹਨਤੀ, ਇਮਾਨਦਾਰ ਅਤੇ ਸਮਝਦਾਰ ਹੋਣਾ ਚਾਹੀਦਾ ਹੈ ਕਿਉਂਕਿ ਉਸਨੂੰ ਬਹੁਤ ਸਾਰੇ ਉੱਚ ਪ੍ਰੋਫਾਈਲ ਲੋਕਾਂ ਨਾਲ ਨਜਿੱਠਣਾ ਪੈਂਦਾ ਹੈ ਜੋ ਆਪਣੇ ਆਪ ਨੂੰ ਬਚਾਉਣ ਲਈ ਉੱਚ ਪੱਧਰੀ ਲੋਕਾਂ ਵਿੱਚ ਆਪਣੇ ਪ੍ਰਭਾਵ ਦੀ ਵਰਤੋਂ ਕਰ ਸਕਦੇ ਹਨ ਅਤੇ ਬਦਲੇ ਵਿੱਚ ਅਫਸਰ ਨੂੰ ਗਲਤ ਜਾਂ ਨਿਰਪੱਖ ਸਾਬਤ ਕਰ ਸਕਦੇ ਹਨ। । ਆਬਕਾਰੀ ਇੰਸਪੈਕਟਰ ਦੇ ਕਰੀਅਰ ਦੀਆਂ ਸੰਭਾਵਨਾਵਾਂ ਆਬਕਾਰੀ ਇੰਸਪੈਕਟਰ ਸਮੇਂ ਦੇ ਨਾਲ ਆਬਕਾਰੀ ਕਮਿਸ਼ਨਰ ਦੇ ਰੈਂਕ ਤੱਕ ਜਾ ਸਕਦਾ ਹੈ। ਆਬਕਾਰੀ ਇੰਸਪੈਕਟਰ ਦੀ ਤਨਖਾਹ ਇੱਕ ਆਬਕਾਰੀ ਇੰਸਪੈਕਟਰ ਨੂੰ 6,500-ਰੁ। 10,500 ਦਾ ਤਨਖਾਹ ਸਕੇਲ ਮਿਲਦਾ ਹੈ। ਭਾਰਤ ਸਰਕਾਰ ਨੇ ਵੱਖ-ਵੱਖ ਅਸਾਮੀਆਂ 'ਤੇ ਆਪਣੇ ਕਰਮਚਾਰੀਆਂ ਲਈ ਤਨਖਾਹ ਦੇ ਗ੍ਰੇਡ ਨਿਰਧਾਰਤ ਕੀਤੇ ਹਨ। ਹਾਲਾਂਕਿ ਉਹ ਨਵੇਂ ਤਨਖਾਹ ਕਮਿਸ਼ਨ ਨਾਲ ਬਦਲਦੇ ਰਹਿੰਦੇ ਹਨ। ਨੋਟ: ਉਪਰੋਕਤ ਸਕੇਲ ਸਿਰਫ ਤਨਖਾਹ ਸਕੇਲਾਂ ਦਾ ਇੱਕ ਵਿਚਾਰ ਪ੍ਰਦਾਨ ਕਰਦੇ ਹਨ। ਸੇਵਾ ਦੀਆਂ ਵੱਖ-ਵੱਖ ਸ਼ਾਖਾਵਾਂ ਵਿੱਚ ਤਨਖਾਹ ਦੇ ਵੱਖ-ਵੱਖ ਸਕੇਲ ਹੁੰਦੇ ਹਨ। ਇੱਥੋਂ ਤੱਕ ਕਿ ਇੱਕੋ ਬ੍ਰਾਂਚਾਂ ਦੇ ਕਰਮਚਾਰੀਆਂ ਨੂੰ ਉਹਨਾਂ ਦੀ ਤਾਇਨਾਤੀ ਦੇ ਖੇਤਰ ਅਤੇ ਉਹਨਾਂ ਦੀ ਕਿਸੇ ਖਾਸ ਸਮੇਂ 'ਤੇ ਜ਼ਿੰਮੇਵਾਰੀ ਸੰਭਾਲਣ ਦੇ ਅਨੁਸਾਰ ਵੱਖਰੀ ਤਨਖਾਹ ਹੋ ਸਕਦੀ ਹੈ। ਤਨਖ਼ਾਹ ਤੋਂ ਇਲਾਵਾ ਆਬਕਾਰੀ ਇੰਸਪੈਕਟਰ ਵੱਖ-ਵੱਖ ਕਿਸਮਾਂ ਦੇ ਭੱਤੇ ਪ੍ਰਾਪਤ ਕਰਦੇ ਹਨ ਜਿਵੇਂ ਕਿ ਮਹਿੰਗਾਈ ਭੱਤਾ, ਸ਼ਹਿਰ ਮੁਆਵਜ਼ਾ ਭੱਤਾ, ਛੁੱਟੀ ਯਾਤਰਾ ਭੱਤਾ, ਮੈਡੀਕਲ ਅਤੇ ਸਬਸਿਡੀ ਵਾਲੀ ਰਿਹਾਇਸ਼।

# ਅਵਾਰਾ ਡੰਗਰਾਂ ਕਾਰਨ ਮੌਤ 'ਤੇ ਸਰਕਾਰ ਮੁਆਵਜ਼ਾ ਦੇਵੇ



ਮੇਜਰ ਸਿੰਘ ਨਾਭਾ
91-94635-53962

ਅਵਾਰਾ ਪਸ਼ੂਆਂ ਦਾ ਪੰਜਾਬ ਅੰਦਰ ਹਰ ਥਾਂ ਬੋਲਬਾਲਾ ਹੈ ਜੋ ਚਿੰਤਾ ਦਾ ਵਿਸ਼ਾ ਹੈ । ਪਸ਼ੂ ਧਨ ਦੇਸ਼ ਦੀ ਖੇਤੀਬਾੜੀ ਅਤੇ ਆਰਥਿਕ ਸਥਿਤੀ ਲਈ ਅਹਿਮ ਸਥਾਨ ਰੱਖਦਾ ਹੈ।ਪੰਜਾਬ ਖੇਤੀਬਾੜੀ ਪੈਦਾਵਾਰ ਲਈ ਮੋਹਰੀ ਸੂਬਾ ਹੈ ਪਰ ਅਵਾਰਾ ਡੰਗਰਾਂ ਅਤੇ ਜੰਗਲੀ ਜੀਵ ਜੰਤੂਆਂ ਦੀ ਵੱਧ ਰਹੀ ਭਰਮਾਰ ਕਿਸਾਨਾਂ ਲਈ ਮੁਸੀਬਤ ਬਣ ਗਈ ਹੈ।ਕੁਦਰਤੀ ਬਨਸਪਤੀ ਦੀ ਮਨੁੱਖ ਦੇ ਜੀਵਨ ਵਿੱਚ ਬਹੁਤ ਮਹੱਤਤਾ ਹੈ।ਜੰਗਲੀ ਜੀਵਾਂ ਦੇ ਨਾਲ ਇਸ ਦਾ ਡੂੰਘਾ ਰਿਸ਼ਤਾ ਹੈ।ਪੰਜਾਬ ਅੰਦਰ ਬਹੁਤ ਥਾਵਾਂ ਤੇ ਬੀੜਾਂ ਨੂੰ ਸੁਰੱਖਿਅਤ ਰੱਖਿਆ ਗਿਆ ਹੈ।ਇਤਿਹਾਸਕ ਸ਼ਹਿਰ ਨਾਭਾ ਦੇ ਪੂਰਬ ਵੱਲ ਬੀੜ ਦੁਸਾਂਝ ਹੈ ।ਇਸ ਵਿੱਚ ਰੋਜ, ਨੀਲ ਗਊ, ਗਿੱਦੜ, ਬਾਂਦਰ ਅਤੇ ਹੋਰ ਜੰਗਲੀ ਜਾਨਵਰ ਰਹਿੰਦੇ ਹਨ। ਅਵਾਰਾ ਤਿੱਖੇ ਤਿੱਖੇ ਸਿੰਗਾਂ ਵਾਲੀਆਂ ਗਊਆਂ, ਸਾਨ੍ਹ ਵੀ ਜੰਗਲੀ ਬਣ ਚੁੱਕੇ ਹਨ। ਜੌੜੇਪੁਲਾਂ ਘਣੀਵਾਲ, ਭੋੜੇ ਆਦਿ ਪਿੰਡਾਂ ਨੂੰ ਮਿਲਾਉਂਦੀ ਸੜਕ ਇਸ ਬੀੜ ਵਿੱਚੋਂ ਲੰਘਦੀ ਹੈ।ਸੈਂਕੜੇ ਲੋਕ ਸਵੇਰੇ ਸ਼ਾਮ ਸਰਕਾਰੀ ਮੱਝ ਫਾਰਮ ਜੋ ਇਸੇ ਸੜਕ ਤੇ ਸਥਿਤ ਹੈ ਤੋਂ ਦੁੱਧ ਲੈਣ ਜਾਂਦੇ ਹਨ ਜਿਨ੍ਹਾਂ ਨੂੰ ਡੰਗਰਾਂ ਅਤੇ ਬਾਂਦਰਾਂ ਦੇ ਝੁੰਡਾਂ 'ਚੋਂ ਲੰਘਣਾ ਮੁਸ਼ਕਲ ਹੁੰਦਾ ਹੈ। ਇਸੇ ਤਰ੍ਹਾਂ ਇਸ ਸੜਕ ਤੇ ਸੈਰ ਕਰਨ ਵਾਲਿਆਂ ਲਈ ਵੀ ਰਸਤਾ ਸੁਰੱਖਿਅਤ ਨਹੀਂ ਹੈ।

ਇਸ ਸੜਕ ਤੋਂ ਲੰਘਣ ਵਾਲਿਆਂ ਦੇ ਇਨ੍ਹਾਂ ਅਵਾਰਾ ਡੰਗਰਾਂ, ਬਾਂਦਰਾਂ ਆਦਿ ਨਾਲ ਅਨੇਕਾਂ ਵਾਰੀ ਐਕਸੀਡੈਂਟ ਹੋ ਚੁੱਕੇ ਹਨ। ਕਈ ਜਾਨਾਂ ਵੀ ਜਾ ਚੁੱਕੀਆਂ ਹਨ। ਸਕੂਲਾਂ, ਕਾਲਜਾਂ ਵਿੱਚ ਪੜ੍ਹਦੇ ਬੱਚੇ ਮਜਬੂਰੀਵਸ਼ ਰੋਜ਼ਾਨਾ ਇਥੋਂ ਦੀ ਡਰ ਡਰ ਕੇ ਲੰਘਦੇ ਹਨ। ਸਕੂਲ, ਕਾਲਜ, ਟਿਊਸ਼ਨ ਅਤੇ ਡਿਊਟੀ 'ਤੇ ਜਾਣ ਵਾਲੀਆਂ ਇੱਕਲੀਆਂ ਲੜਕੀਆਂ ਲਈ ਇਥੋਂ ਦੀ ਲੰਘਣਾ ਹੋਰ ਵੀ ਮੁਸ਼ਕਲ ਹੈ। ਮਾਪਿਆਂ ਦੇ ਆਪਣੇ ਬੱਚਿਆਂ ਦੇ ਸਹੀ ਸਲਾਮਤ ਘਰ ਆਉਣ ਤੱਕ ਸਾਹ ਸੂਤੇ ਰਹਿੰਦੇ ਹਨ। ਭੂਸਰੇ ਸਾਨ੍ਹ ਅਤੇ ਭੁੱਖੇ ਬਾਂਦਰ ਕਈ ਵਾਰ ਲੰਘ ਰਹੇ ਰਾਹੀਆਂ ਤੇ ਹਮਲਾ ਕਰਕੇ ਜਖ਼ਮੀ ਕਰ ਦਿੰਦੇ ਹਨ। ਬਾਂਦਰਾਂ ਨੂੰ ਖਾਣ ਲਈ ਵਸਤਾਂ ਅਤੇ ਡੰਗਰਾਂ ਲਈ ਚਾਰਾ ਅਕਸਰ ਹੀ ਲੋਕ ਸੜਕ ਦੇ ਕਿਨਾਰਿਆਂ ਤੇ ਸੁੱਟ ਜਾਂਦੇ ਹਨ ਜਿਸ ਨਾਲ ਕਈ ਵਾਰੀ ਲੰਘ ਰਹੇ ਰਾਹੀਆਂ ਦੇ ਐਕਸੀਡੈਂਟ ਹੋ ਜਾਂਦੇ ਹਨ ਕਿਉਂਕਿ ਦੂਸਰੀ ਸਾਈਡ ਤੋਂ ਭੁੱਖੇ ਬਾਂਦਰ ਅਤੇ ਡੰਗਰ ਦੌੜ ਕੇ ਖਾਣ ਲਈ ਆਉਂਦੇ ਹਨ।

ਲੋਕ ਸ਼ਾਇਦ ਦਾਨ ਪੁੰਨ ਦੀ ਭਾਵਨਾ ਨਾਲ ਖਾਣ ਵਾਲੀਆਂ ਵਸਤਾਂ ਪਾ ਕੇ ਜਾਂਦੇ ਹਨ ਪਰ ਉਹ ਇਹ ਨਹੀਂ ਸੋਚਦੇ ਕਿ ਇਸ ਤਰ੍ਹਾਂ ਸੜਕ ਤੇ ਗੰਦ ਅਤੇ ਆਵਾਜਾਈ 'ਚ ਵਿਘਣ ਵੀ ਪੈਂਦਾ ਹੈ। ਇਸ ਤਰ੍ਹਾਂ ਅਣਜਾਣ ਰਾਹਗੀਰਾਂ ਲਈ ਇਥੋਂ ਲੰਘਣਾ ਖਤਰੇ ਤੋਂ ਬਾਹਰ ਨਹੀਂ। ਬੀੜ ਦੇ ਨਾਲ ਲਗਦੇ ਖੇਤਾਂ ਵਿੱਚ ਜੇਕਰ ਇਨ੍ਹਾਂ ਡੰਗਰਾਂ ਦੇ ਝੁੰਡ ਵੜ ਜਾਣ ਤਾਂ ਫਸਲ ਦੀ ਬਰਬਾਦੀ ਹੋ ਜਾਂਦੀ ਹੈ। ਇਸ ਦੀ ਭਰਪਾਈ ਕੌਣ ਕਰੇਗਾ ਇਸ ਬਾਰੇ ਕੋਈ ਚਿੰਤਤ ਨਹੀਂ। ਪਿੰਡ ਚੋਧਰੀ ਮਾਜਰਾ ਦੇ ਕਿਸਾਨ ਰਲ ਕੇ ਦਿਨ-ਰਾਤ ਡੰਗਰਾਂ ਦੀ ਰਾਖੀ ਤੋਂ ਅੱਤ ਦੀ ਗਰਮੀ ਅਤੇ ਸਰਦੀ ਦੇ ਬਾਵਜੂਦ ਆਪਣੇ ਖੇਤਾਂ ਦੁਆਲੇ ਪਹਿਰਾ ਦਿੰਦੇ ਹਨ। ਪਿਛਲੇ ਸਾਲ ਖੇਤ ਦੀ ਵਾੜ ਦੀ ਰਾਖੀ ਕਰ ਰਹੇ ਇੱਕ ਮਜਦੂਰ ਦੀ ਇੱਕ ਹਿੰਸਕ ਹੋਏ ਸਾਨ੍ਹ ਨੇ ਟੱਕਰਾਂ ਮਾਰ ਕੇ ਜਾਨ ਲੈ ਲਈ ਸੀ।

ਪਰ ਪ੍ਰਸ਼ਾਸ਼ਨ ਨੇ ਇਹੋ ਜਿਹੀਆਂ ਘਟਨਾਵਾਂ ਬਾਰੇ ਕਦੇ ਕੋਈ ਚਿੰਤਾ ਨਹੀਂ ਕੀਤੀ।ਸਰਕਾਰ ਨੂੰ ਚਾਹੀਦਾ ਤਾਂ ਇਹ ਹੈ ਕਿ ਡੰਗਰਾਂ ਨੂੰ ਫੜ੍ਹ ਕੇ ਨੇੜੇ ਦੀਆਂ ਗਊਸ਼ਾਲਾਵਾਂ ਵਿੱਚ ਭੇਜੇ ਜਦੋਂ ਕਿ ਸੂਬੇ ਅੰਦਰ 450 ਤੋਂ ਵੱਧ ਗਊਸ਼ਾਲਾਵਾਂ ਹਨ। ਬਾਂਦਰਾਂ ਲਈ ਵੀ ਬੀੜ ਅੰਦਰ ਮੇਨ ਸੜਕ ਤੋਂ ਰਸਤਾ ਦੇ ਕੇ ਸੁਰੱਖਿਅਤ ਥਾਂ ਬਣਾਈ ਜਾਵੇ ਜਿਥੇ ਲੋਕ ਆਸਾਨੀ ਨਾਲ ਬੇਖੌਫ਼ ਖਾਣ ਵਾਲੀਆਂ ਵਸ਼ਤਾਂ ਪਾ ਸਕਣ। ਭਾਵੇਂ ਸਰਕਾਰ ਨੇ ਪੰਜਾਬ ਗਊ ਸੇਵਾ ਕਮਿਸ਼ਨ ਐਕਟ, 2014 ਅਧੀਨ 'ਪੰਜਾਬ ਗਊ ਸੇਵਾ ਕਮਿਸ਼ਨ' ਦੀ ਸਥਾਪਨਾ ਕੀਤੀ ਗਈ ਹੈ ਜਿਸ ਵਿੱਚ ਗਊ,ਸਾਨ੍ਹ, ਬਲਦ,ਵੱਛੇ-ਵੱਛੜੀਆਂ ਦੀ ਸੁਰੱਖਿਆ ਅਤੇ ਦੇਖਭਾਲ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।ਇਸ ਲਈ ਫੰਡ ਲਈ ਬਜਟ ਦੀ ਵਿਵਸਥਾ ਕੀਤੀ ਗਈ ਹੈ ਜਿਸ ਨਾਲ ਗਊ-ਪਰਿਵਾਰ ਦੀ ਸੰਭਾਲ ਕਰਨੀ ਹੈ ਅਤੇ ਮੱਨੁਖੀ ਅੱਤਿਆਚਾਰ ਤੋਂ ਬਚਾਉਣਾ ਹੈ।

ਵਧੇਰੇ ਫੰਡ ਲਈ ਸਥਾਨਕ ਸਰਕਾਰਾਂ ਵਲੋਂ ਗਊ ਸੈੱਸ ਵੀ ਲਾ ਰੱਖਿਆ ਹੈ। ਪਰ ਗਊਧਨ ਦੀ ਸੰਭਾਲ ਲਈ ਕੋਈ ਠੋਸ ਨੀਤੀ ਸਾਹਮਣੇ ਨਹੀਂ ਆਈ।ਹਿੰਦੂ ਸੰਗਠਨ ਵੀ ਇਸ ਮਸਲੇ ਪ੍ਰਤੀ ਗੰਭੀਰ ਨਹੀਂ, ਉਨ੍ਹਾਂ ਨੂੰ ਵੀ ਸਰਕਾਰ ਵਿਰੁੱਧ ਆਵਾਜ਼ ਉਠਾਉਣੀ ਚਾਹੀਦੀ ਹੈ। ਬਾਜ਼ਾਰਾਂ ਵਿੱਚ ਆਮ ਆਵਾਰਾ ਡੰਗਰ ਘੁੰਮ ਰਹੇ ਹਨ ਜੋ ਲੋਕਾਂ ਦਾ ਜਾਨ ਅਤੇ ਮਾਲ ਦਾ ਨੁਕਸਾਨ ਅਕਸਰ ਕਰਦੇ ਰਹਿੰਦੇ ਹਨ। ਸ਼ੋਸ਼ਲ ਮੀਡੀਆ ਤੇ ਲੜਦੇ ਭਿੜਦੇ ਡੰਗਰਾਂ ਨਾਲ ਰਾਹਗੀਰਾਂ ਦੇ ਹੋਏ ਐਕਸ਼ੀਡੈਂਟਾਂ ਕਾਰਣ ਹੋਈਆਂ ਮੌਤਾਂ ਦੀਆਂ ਵੀਡੀਉਜ਼ ਅਕਸਰ ਦੇਖਣ ਨੂੰ ਮਿਲਦੀਆਂ ਹਨ। ਲੋਕਤੰਤਰੀ ਸਰਕਾਰ ਦਾ ਫਰਜ ਹੈ ਕਿ ਉਹ ਲੋਕਾਂ ਦੀਆਂ ਗੰਭੀਰ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰੇ। ਜੇ ਸਰਕਾਰ ਸੁਹਿਰਦਤਾ ਨਾਲ ਲੋਕਾਂ ਦੀ ਆਵਾਜ਼ ਸੁਣੇਗੀ ਤਾਂ ਹੀ ਉਹ ਲੋਕਾਂ 'ਚ ਲੋਕਪ੍ਰਿਆ ਹੋ ਸਕਦੀ ਹੈ।

ਪਟਿਆਲਾ ਵਿਖੇ ਘੁੰਮਦੇ ਲਾਵਾਰਿਸ ਪਸ਼ੂ ਕਾਰਨ ਵਿਅਕਤੀ ਦੀ ਮੌਤ ਹੋਣ ਤੇ ਪਰਿਵਾਰ ਨੂੰ 25 ਲੱਖ ਦਾ ਮੁਆਵਜ਼ਾ ਲੋਕ ਅਦਾਲਤ ਪਟਿਆਲਾ ਨੇ ਨਗਰ ਨਿਗਮ ਨੂੰ ਦੋਸ਼ੀ ਮੰਨ ਕੇ 30 ਦਿਨਾਂ ਅੰਦਰ ਦੇਣ ਲਈ ਕਿਹਾ । ਪਰ ਇਨ੍ਹਾਂ ਮੌਤਾਂ ਲਈ ਸਰਕਾਰ ਵਲੋਂ ਪਰਿਵਾਰਾਂ ਨੂੰ ਨਾ ਤਾਂ ਦੋ ਸ਼ਬਦ ਹਮਦਰਦੀ ਦੇ ਅਤੇ ਨਾ ਹੀ ਕੋਈ ਮੁਆਵਜ਼ਾ ਦਿੱਤਾ ਜਾਂਦਾ ਹੈ ਲੋਕਾਂ ਦੀ ਸੁਰੱਖਿਆ ਯਕੀਨੀ ਬਨਾਉਣਾ ਸਰਕਾਰ ਦੀ ਮੁਢਲੀ ਜ਼ਿੰਮੇਵਾਰੀ ਹੈ।

ਪਿਛਲੇ ਸਮੇਂ ਪਟਿਆਲਾ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੈ ਨੇ ਮੁੱਖ ਮੰਤਰੀ ਦੇ ਹੁਕਮਾਂ ਤਹਿਤ ਉੱਚ ਅਧਿਕਾਰੀਆਂ ਅਤੇ 36 ਗਊਸ਼ਾਲਾ ਕਮੇਟੀਆਂ ਦੇ ਨੁਮਾਇੰਦਿਆਂ ਨਾਲ ਮੀਟਿੰਗ ਦੌਰਾਨ ਜਿਲ੍ਹੇ ਨੂੰ ਅਵਾਰਾ ਬੇਸਹਾਰਾ ਡੰਗਰਾਂ / ਪਸ਼ੂਆਂ ਤੋਂ ਮੁਕਤ ਕਰਾਉਣ ਲਈ ਚਰਚਾ ਕੀਤੀ।

ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਕੋਈ ਅਵਾਰਾ ਪਸ਼ੂ ਸੜਕਾਂ 'ਤੇ ਰਹਿਣ ਨਹੀਂ ਦਿੱਤਾ ਜਾਵੇਗਾ ਸਗੋਂ ਇਨ੍ਹਾਂ ਨੂੰ ਗਊਸ਼ਾਲਾਵਾਂ ਵਿੱਚ ਸੰਭਾਲ ਲਈ ਭੇਜਿਆ ਜਾਵੇਗਾ ਜਿਸ ਲਈ ਪੁਖਤਾ ਪ੍ਰਬੰਧ ਕੀਤੇ ਜਣਗੇ। ਪਰ ਅਜੇ ਤੱਕ ਕੋਈ ਠੋਸ ਐਕਸ਼ਨ ਹੋਇਆ ਲੱਗਦਾ ਨਹੀਂ ।ਚੰਗੀ ਗੱਲ ਹੈ ਜੇਕਰ ਜਿਲ੍ਹੇ ਦੇ ਡੀ.ਸੀ. ਦੇ ਕਹੇ ਸ਼ਬਦ ਪੂਰੇ ਹੋ ਜਾਣ । ਸੋ, ਸਰਕਾਰ ਵਲੋਂ ਪੂਰੇ ਪੰਜਾਬ ਅੰਦਰ ਇਨ੍ਹਾਂ ਜੰਗਲੀ ਜੀਵਾਂ ਅਤੇ ਅਵਾਰਾ ਡੰਗਰਾਂ ਦੁਆਰਾ ਆਮ ਲੋਕਾਂ ਦੇ ਜਾਨੀ-ਮਾਲੀ ਨੁਕਸਾਨ ਅਤੇ ਕਿਸਾਨਾਂ ਦੀਆਂ ਫਸਲਾਂ ਦੇ ਨੁਕਸਾਨ ਨੂੰ ਤੁਰੰਤ ਰੋਕਣ ਲਈ ਕਦਮ ਚੁੱਕਣੇ ਚਾਹੀਦੇ ਹਨ।

****

### ਪ੍ਰੋ. ਸੰਧੂ ਵਰਿਆਣਵੀ ਦੇ ਜਨਮ ਦਿਨ 'ਤੇ

# ਇਕ ਚੱਲਦੀ ਫਿਰਦੀ ਸੰਸਥਾ, ਗਿਆਨ ਦਾ ਅਸੀਮ ਸੋਮਾ, ਗੁਣਾਂ ਦਾ ਖ਼ਜ਼ਾਨਾ ਹੈ ਪ੍ਰੋ. ਸੰਧੂ ਵਰਿਆਣਵੀ

ਮੈਂ ਸਿਰਫ਼ ਮੂੰਹੋਂ ਹੀ ਉਨ੍ਹਾਂ ਨੂੰ ਭਾਅ ਜੀ ਨਹੀਂ ਕਹਿੰਦਾ ਬਲਕਿ ਦਿਲੋਂ ਵੀ ਉਨ੍ਹਾਂ ਨੂੰ ਵੱਡਾ ਭਰਾ ਮੰਨਦਾ ਹਾਂ ਤੇ ਬੇਹੱਦ ਸਤਿਕਾਰ ਕਰਦਾ ਹਾਂ। ਪੰਜਾਬੀ ਭਾਸ਼ਾ, ਸਾਹਿਤ, ਸੱਭਿਆਚਾਰ ਤੇ ਜ਼ਿੰਦਗੀ ਦੇ ਹਰ ਪਹਿਲੂ ਬਾਰੇ ਉਨ੍ਹਾਂ ਕੋਲੋਂ ਬੜਾ ਕੁਝ ਸਿੱਖਣ ਨੂੰ ਮਿਲ਼ਦਾ ਹੈ। ਇਕ ਲੰਬੇ ਸੰਘਰਸ਼ ਦਾ ਨਾਮ ਹੈ ਪ੍ਰੋ. ਸੰਧੂ ਵਰਿਆਣਵੀ। ਕਈ ਵਰ੍ਹੇ ਪਹਿਲਾਂ ਉਨ੍ਹਾਂ ਨੇ ਜਦ ਕਵਿਤਾ ਸੂਰਮੇ ਲਿਖੀ ਤਾਂ ਵੇ਼ਲੇ ਦੇ ਗਰਮ ਖ਼ਿਆਲੀਆਂ ਅਤੇ ਵਿਵਸਥਾ ਬਣਾਈ ਰੱਖਣ ਦੇ ਦਾਅਵੇਦਾਰਾਂ ਦੀ ਨਜ਼ਰ ਵਿਚ ਉਹ ਬੁਰੀ ਤਰ੍ਹਾਂ ਚੜ੍ਹ ਗਿਆ। ਗਰਮਦਲੀਏ ਤਾਂ ਉਸ ਨੂੰ ਚੁੱਕ ਕੇ ਅਗਿਆਤ ਸਥਾਨ 'ਤੇ ਵੀ ਲੈ ਗਏ ਪਰ ਜਦ ਉਨ੍ਹਾਂ ਦੇ ਮੁਖੀ ਨਾ਼ਲ ਗੱਲਬਾਤ ਹੋਈ ਤਾਂ ਸੰਧੂ ਦਾ ਪ੍ਰਸ਼ਨ ਸੀ,'ਕੀ ਤੁਸੀਂ ਪਾਸ਼ ਨੂੰ ਮਾਰ ਕੇ ਸਮਝਦੇ ਹੋ ਕਿ ਉਹ ਮਰ ਗਿਐ?

ਉਨ੍ਹਾਂ ਦੇ ਮੁਖੀ ਨੇ ਉਸੇ ਵੇ਼ਲੇ ਆਪਣੇ ਬੰਦਿਆਂ ਨੂੰ ਕਿਹਾ ਕਿ ਸੰਧੂ ਨੂੰ ਬਾਇੱਜਤ ਉਸ ਦੇ ਘਰ ਛੱਡ ਕੇ ਆਵੋ।

ਉਹ ਅੱਜ ਤੱਕ ਬਿਨਾਂ ਡੋਲੇ ਬਿਨਾਂ ਘਾਬਰੇ ਹੱਕ ਸੱਚ ਦੀ ਆਵਾਜ਼ ਬੁਲੰਦ ਕਰਨਾ ਅਪਣਾ ਫ਼ਰਜ਼ ਸਮਝਦਾ ਹੈ। ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ (ਰਜਿ।)ਦਾ ਜਨ ਸਕੱਤਰ ਹੈ, ਮੌਜੂਦਾ ਸਮੇਂ ਵੀ ਪੰਜਾਬੀ ਭਾਸ਼ਾ, ਜ਼ੁਬਾਨ, ਸਾਹਿਤ ਲਈ ਸਰਕਾਰਾਂ ਨਾ਼ਲ ਆਢਾ ਲਾਈ ਰੱਖਦਾ ਹੈ। ਗਹਿਰ-ਗੰਭੀਰ ਮੁੱਦਿਆਂ 'ਤੇ ਬੜੀ ਅਸਾਨੀ ਨਾ਼ਲ ਆਪਣੀ ਗੱਲ ਕਹਿਣ ਦਾ ਹੁਨਰ ਉਸ ਨੂੰ ਆਉਂਦਾ ਹੈ। ਸਮਿਆਂ ਨੇ ਉਸ 'ਤੇ ਬੜੇ ਝੱਖੜ ਝੁਲਾਏ ਪਰ ਉਸ ਨੇ ਹਾਰ ਕੇ ਵੀ ਕਦੇ ਹਾਰ ਨਹੀਂ ਮੰਨੀ ਤੇ ਹਰ ਵਾਰ ਜੇਤੂ ਯੋਧਾ ਹੋ ਕੇ ਸਾਹਮਣੇ ਆਇਆ।ਉਸ ਦੀ ਕਵਿਤਾ ਲੋਕਾਂ ਨੂੰ ਸੰਬੋਧਨੀ ਕਵਿਤਾ ਹੈ। ਉਹ ਆਪਣੀ ਕਵਿਤਾ ਰਾਹੀਂ ਲੋਕ ਮਸਲੇ ਉਭਾਰਦਾ ਹੀ ਨਹੀਂ ਸਗੋਂ ਉਨ੍ਹਾਂ ਦੇ ਹੱਲ ਵੱਲ ਵੀ ਇਸ਼ਾਰਾ ਕਰਦਾ ਹੈ। ਸਮਾਜ ਵਿਚ ਆਈ ਰਾਜਨੀਤਿਕ, ਸਮਾਜਿਕ ਤੇ ਸੱਭਿਆਚਾਰਕ ਗਿਰਾਵਟ ਪ੍ਰਤੀ ਉਹ ਹਮੇਸ਼ਾਂ ਚਿੰਤਾ ਜਤਾਉਂਦਾ ਹੈ।ਵੱਧ ਰਹੇ ਧਾਰਮਿਕ ਪਾਖੰਡਵਾਦ, ਅਡੰਬਰਾਂ ਪ੍ਰਤੀ ਉਹ ਖੁੱਲ੍ਹ ਕੇ ਲਿਖਦਾ ਹੈ।

ਧਰਮ, ਮਜ਼੍ਹਬ, ਕੌਮ, ਦੀਨ ਤੇ ਭਾਸ਼ਾਵਾਂ ਦੇ ਨਾਮ ਤੇ ਉਲਝਦੇ ਮਨੁੱਖ ਉਸ ਨੂੰ ਰਤਾ ਵੀ ਚੰਗੇ ਨਹੀਂ ਲੱਗਦੇ। ਉਸ ਨੂੰ ਇਸ ਗੱਲ ਦਾ ਡਾਹਢਾ ਦੁੱਖ ਹੈ ਕਿ ਅੱਜ-ਕੱਲ੍ਹ ਬਹੁਤੀਆਂ ਸਾਹਿਤ ਸਭਾਵਾਂ ਸਾਹਿਤ ਬਾਰੇ ਗੰਭੀਰਤਾ ਨਾ਼ਲ ਕੋਈ ਗੱਲ ਵਿਚਾਰਨ ਦੀ ਜਗ੍ਹਾ ਰਸਮੀਂ ਪ੍ਰੋਗਰਾਮ ਕਰਵਾਉਣ ਤੀਕ ਸੀਮਤ ਹੋ ਰਹੀਆਂ ਹਨ ਅਤੇ ਆਪਣੇ ਅਸਲ ਮਕਸਦ ਤੋਂ ਭਟਕ ਰਹੀਆਂ ਹਨ।

ਸੰਧੂ ਵਰਿਆਣਵੀ ਦਾ ਜਨਮ ਜ਼ਿਲ੍ਹਾ ਜਲੰਧਰ ਦੇ ਪਿੰਡ #ਵਰਿਆਣਾ ( ਜਲੰਧਰ ਤੋਂ ਕਪੂਰਥਲਾ ਰੋਡ) ਵਿਖੇ 24 ਜੂਨ 1954 ਨੂੰ ਪਿਤਾ ਸ਼੍ਰੀ ਗੁਰਬਚਨ ਦਾਸ ਅਤੇ ਮਾਤਾ ਸ਼੍ਰੀਮਤੀ #ਜੀਤੋ ਦੇ ਘਰ ਹੋਇਆ। ਹਾਲਾਂਕਿ ਉਸ ਦਾ ਸਰਕਾਰੀ ਕਾਗ਼ਜ਼ਾਂ ਵਿੱਚ ਜਨਮ 5 ਜੁਲਾਈ 1954 ਦਾ ਹੈ।ਮਾਪਿਆਂ ਨੇ ਨਾਮ ਰੱਖਿਆ ਸੀ ਸਤਵਿੰਦਰਜੀਤ ਸਿੰਘ, ਅੱਗੋਂ ਚੱਲ ਕੇ ਉਸ ਨੇ ਆਪਣਾ ਸਾਹਤਿਕ ਨਾਮ ਸੰਧੂ ਵਰਿਆਣਵੀ ਕਰ ਲਿਆ।

ਮੁੱਢਲੀ ਪੜ੍ਹਾਈ ਪਿੰਡ ਵਰਿਆਣਾ ਦੇ ਹੀ ਪ੍ਰਾਇਮਰੀ ਸਕੂਲ ਤੋਂ ਕੀਤੀ ਤਾਂ ਦਸਵੀਂ ਮਿੰਟਗੁਮਰੀ ਸਕੂਲ ਜਲੰਧਰ ਤੋਂ ਕੀਤੀ। ਪਿਤਾ ਜੀ ਇਕ ਵਪਾਰੀ ਸਨ ਇਸ ਲਈ ਦਸਵੀਂ ਕਰਨ ਉਪਰੰਤ ਪਿਤਾ ਜੀ ਨਾ਼ਲ ਵਪਾਰ ਵਿੱਚ ਹੱਥ ਵਟਾਉਣ ਲੱਗਾ ਪਰ ਇਕ ਵਾਰ ਵਪਾਰ ਵਿੱਚ ਵੱਡਾ ਘਾਟਾ ਪੈ ਗਿਆ ਤਾਂ ਪਿਤਾ ਨੇ ਸਾਰਾ ਦੋਸ਼ ਸੰਧੂ ਸਿਰ ਹੀ ਮੜ੍ਹ ਦਿੱਤਾ। ਪਿਤਾ ਨਾ਼ਲ ਜਿਆਦਾ ਹੀ ਅਣਬਣ ਹੋ ਗਈ ਤਾਂ ਆਪਣੀ ਮਾਂ ਕੋਲੋਂ 20 ਰੁਪਈਏ ਫੜ ਪਿੰਡ ਦੀ ਜੂਹ, ਘਰ ਦਾ ਬੂਹਾ ਹਮੇਸ਼ਾਂ ਲਈ ਤਿਆਗ ਦਿੱਤਾ। ਫੇਰ ਸ਼ੁਰੂ ਹੋਈ ਉਸ ਦੀ ਜ਼ਿੰਦਗੀ ਦੇ ਸੰਘਰਸ਼ ਦੀ ਅਸਲ ਕਹਾਣੀ। ਪਹਿਲਾਂ ਪਹਿਲ ਕਾਰਖਾਨਿਆਂ ਵਿੱਚ ਮੋਢਿਆਂ 'ਤੇ ਭਾਰ ਢੋਇਆ ਅਤੇ ਖ਼ੂਬ ਮਿਹਨਤ ਕਰਦਿਆਂ ਨਾ਼ਲੋ-ਨਾ਼ਲ ਨੌਕਰੀ ਦੀ ਭਾ਼ਲ ਵੀ ਜਾਰੀ ਰੱਖੀ। ਇਸੇ ਸਮੇਂ ਢਾਹਾਂ ਕਲੇਰਾਂ ਦੇ ਮਿੱਡਲ ਸਕੂਲ ਵਿੱਚ ਦਰਜ਼ਾ ਚਾਰ ਦੀ ਨੌਕਰੀ ਮਿ਼ਲ ਗਈ। ਸਕੂਲ ਦੇ ਹੈਡਮਾਸਟਰ ਦੀ ਪ੍ਰੇਰਨਾ ਸਦਕਾ 1977 ਵਿੱਚ ਗਿਆਨੀ ਪਾਸ ਕੀਤੀ ਤੇ 1978 'ਚ ਓ.ਟੀ. ਏਸੇ ਵਰ੍ਹੇ ਜਲੰਧਰ ਦੀ ਤਹਿਸੀਲ ਫਿਲੌਰ ਦੇ ਪਿੰਡ ਦਿਆਲਪੁਰ ਦੇ ਸਰਕਾਰੀ ਹਾਈ ਸਕੂਲ ਵਿੱਚ ਅਧਿਆਪਕ ਵਜੋਂ ਨੌਕਰੀ ਮਿ਼ਲ ਗਈ ਤਾਂ ਉਸ ਨੇ ਪੱਕਾ ਵਸੇਰਾ ਓਥੇ ਹੀ ਕਰ ਲਿਆ। 1979 'ਚ ਬਿਮਲਾ ਦੇਵੀ ਨਾ਼ਲ ਵਿਆਹ ਹੋ ਗਿਆ ਤਾਂ ਘਰ ਵਿੱਚ ਪ੍ਰਭਦੀਪ ਕੌਰ ਬੇਟੀ ਨੇ ਜਨਮ ਲਿਆ। ਸੰਧੂ ਖ਼ੁਸ਼ੀ ਵਿੱਚ ਖ਼ੁਦ ਹੀ ਖੁਸਰਿਆਂ ਦੇ ਡੇਰੇ ਜਾ ਪਹੁੰਚਾ ਤੇ ਕਹਿੰਦਾ ਕਿ ਸਾਡੇ ਘਰ ਨੱਚਣ ਕਿਉਂ ਨਹੀਂ ਆਏ?

ਇਸ ਤਰ੍ਹਾਂ ਉਸ ਨੇ ਬੇਟੀ ਦੇ ਜਨਮ ਮੌਕੇ ਆਪਣੇ ਘਰ ਵਿੱਚ ਖੁਸਰੇ ਵੀ ਨਚਾਏ ਅਤੇ ਵੱਡਾ 'ਕੱਠ ਕਰ ਕੇ ਬੇਟੀ ਦੀ ਲੋਹੜੀ ਵੀ ਪਾਈ। ਪ੍ਰਭਦੀਪ ਉਸ ਦੀ ਇੱਕੋ ਇੱਕ ਧੀ (ਸੰਤਾਨ)ਹੈ। ਦਿਆਲਪੁਰ ਵਿਖੇ ਪੜ੍ਹਾਉਂਦਿਆਂ ਹੀ ਉਸ ਦੀ ਲਗਨ ਸਾਹਿਤ ਨਾ਼ਲ ਹੋਰ ਵੀ ਪਕੇਰੀ ਹੁੰਦੀ ਗਈ। ਉਸ ਦੀ ਪਤਨੀ ਬਿਮਲਾ ਦੇਵੀ ਨੇ ਹਰ ਦੁੱਖ ਸੁਖ ਵਿੱਚ ਉਸ ਦਾ ਬਹੁਤ ਸਾਥ ਦਿੱਤਾ ਤੇ ਉਸ ਨੂੰ ਹੋਰ ਪੜ੍ਹਨ ਲਈ ਵੀ ਪ੍ਰੇਰਿਆ। ਦਿਆਲਪੁਰ ਵਿਖੇ ਪੜ੍ਹਾਉਂਦਿਆਂ ਹੀ ਉਸ ਨੇ ਪ੍ਰਾਈਵੇਟ ਤੌਰ 'ਤੇ 1984 ਵਿੱਚ ਬੀ.ਏ. ਅਤੇ 1986 ਵਿੱਚ ਐਮ.ਏ. ਪੰਜਾਬੀ ਵੀ ਕਰ ਲਈ।

ਇਸ ਤਰ੍ਹਾਂ ਉਸ ਨੂੰ ਲੰਮੇ ਸੰਘਰਸ਼ ਦਾ ਫ਼ਲ਼ ਮਿ਼ਲਿਆ ਤੇ ਉਸ ਦੀ ਪੋਜੇਵਾਲ ਕਾਲਜ ਜਿਲ੍ਹਾ ਹੁਸ਼ਿਆਰਪੁਰ (ਹੁਣ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ)ਵਿੱਚ ਬਤੌਰ ਪ੍ਰੋਫ਼ੈਸਰ ਨਿਯੁਕਤੀ ਹੋ ਗਈ।

ਵਕ਼ਤ ਆਪਣੀ ਚਾਲੇ ਅੱਗੇ ਵਧਦਾ ਗਿਆ ਤਾਂ ਇੱਕ ਦਿਨ ਸੰਧੂ ਦੀ ਮਾਂ ਕਹਿੰਦੀ ਕਿ ਤੇਰੀ ਇੱਕੋ-ਇੱਕ ਧੀ ਹੈ, ਵੰਸ਼ ਕਿਵੇਂ ਅੱਗੇ ਵਧੇਗਾ?

ਤੂੰ ਹੋਰ ਵਿਆਹ ਕਰਵਾ ਲੈ, ਪਰ ਸੰਧੂ ਨੇ ਸਾਫ਼ ਮਨਾ ਕਰ ਦਿੱਤਾ ਤਾਂ ਮਾਂ ਨਾ਼ਲ ਵਿਗਾੜ ਇਸ ਕਦਰ ਪੈ ਗਿਆ ਕੇ ਇਸ ਦੀ ਮਾਂ ਨੇ ਗੁੱਸੇ ਵਿਚ ਕਹਿ ਦਿੱਤਾ 'ਤੂੰ ਮੇਰੀ ਮਰੀ ਤੇ ਵੀ ਮੈਨੂੰ ਛੋਹਵੀਂ ਨਾ।' ਸੰਧੂ ਨੇ ਮਾਂ ਦੀ ਆਖੀ ਇਹ ਗੱਲ ਨਿਭਾਈ ਵੀ। ਜਦ ਉਸ ਦੀ ਮਾਂ ਨੇ ਸਰੀਰ ਤਿਆਗਿਆ ਤਾਂ ਘਰ ਦਾ ਵੱਡਾ ਪੁੱਤਰ ਹੋਣ ਕਾਰਨ ਕੱਠੇ ਹੋਏ ਪਿੰਡ ਵਾਸੀ ਅਤੇ ਹੋਰ ਰਿਸ਼ਤੇਦਾਰ, ਲੋਕ ਸੰਧੂ ਨੂੰ ਹੀ ਸਾਰੇ ਰਸਮੋਂ ਰਿਵਾਜ਼ ਕਰਨ ਨੂੰ ਕਹਿਣ। ਸੰਧੂ ਨੇ ਮਾਂ ਦੇ ਸਰੀਰ ਨੂੰ ਅਗਨੀ ਤਾਂ ਜ਼ਰੂਰ ਦਿੱਤੀ ਪਰ ਉਸ ਨੂੰ ਛੂਹਿਆ ਬਿਲਕੁਲ ਨਹੀਂ।

ਸੰਧੂ ਦਾ ਮੁੱਢਲਾ ਝੁਕਾ ਤਾਂ ਕਹਾਣੀ ਵੱਲ ਰਿਹਾ ਹੈ ਅਤੇ ਉਸ ਨੇ ਪਹਿਲਾਂ ਪਹਿਲ 10-15 ਕਹਾਣੀਆਂ ਲਿਖੀਆਂ



**ਸੰਧੂ ਵਰਿਆਣਵੀ ਪ੍ਰੋ. (98786-14096)**

ਵੀ ਜੋ ਅਲਗ ਅਲਗ ਪਰਚਿਆਂ ਵਿੱਚ ਛਪੀਆਂ ਵੀ ਪਰ ਹੌਲੀ-ਹੌਲੀ ਸਮੇਂ ਦਾ ਸੱਚ ਕਵਿਤਾ ਰਾਹੀਂ ਬਿਆਨ ਕਰਨਾ ਉਸ ਦਾ ਜਨੂਨ ਬਣ ਗਿਆ। ਐਮ.ਫਿਲ. ਕਰਦਿਆਂ ਉਹ ਆਲੋਚਨਾ ਕਾਰਜ ਨਾ਼ਲ ਜੁੜ ਗਿਆ ਅਤੇ ਹੁਣ ਤੀਕ ਉਹ ਵੱਖ-ਵੱਖ ਅਖ਼ਬਾਰਾਂ ਵਿਚ ਇਕ ਹਜ਼ਾਰ ਤੋਂ ਵੱਧ ਪੁਸਤਕਾਂ ਦੇ ਰੀਵਿਊ ਕਰ ਚੁੱਕਾ ਹੈ। ਮਾਰਕਸਵਾਦੀ ਨਜ਼ਰੀਏ ਤੋਂ ਪ੍ਰਭਾਵਿਤ ਸੰਧੂ ਕਿਸੇ ਖ਼ਾਸ ਕਿਸਮ ਦੀ ਵਿਚਾਰਧਾਰਾ ਦਾ ਪਿੱਛਲੱਗੂ ਕਦੇ ਨਹੀ ਬਣਿਆ। ਹਰ ਧਰਮ ਦਾ ਸਤਿਕਾਰ ਕਰਨ ਵਾ਼ਲਾ ਸੰਧੂ ਮਾਨਵਤਾ ਧਰਮ ਨੂੰ ਸਭ ਤੋਂ ਉੱਪਰ ਰੱਖਦਾ ਹੈ। ਸੂਫ਼ੀਵਾਦ ਦਾ ਅਸਰ ਉਸ ਦੀਆਂ ਗੱਲਾਂ ਵਿਚ ਵੀ ਝਲਕਦਾ ਹੈ ਤੇ ਲੇਖਣੀ ਵਿਚ ਵੀ। ਹਾਸ਼ੀਏ ਤੇ ਧੱਕੇ ਗ਼ਰੀਬ, ਲਿਤਾੜੇ, ਨਿਮਾਣਿਆਂ ਲਈ ਉਸ ਦੇ ਅੰਦਰ ਅੰਤਾਂ ਦੀ ਹਮਦਰਦੀ ਹੈ, ਪਿਆਰ ਹੈ, ਆਪਣਾਪਨ ਹੈ।ਉਸ ਦਾ ਮੰਨਣਾ ਹੈ ਕਿ ਕਦੇ ਵੀ ਕੋਈ ਫ਼ਿਲਾਸਫੀ ਗ਼ੈਰ ਮਹ-ਤਵਪੂਰਨ ਨਹੀਂ ਹੁੰਦੀ ਬਸ਼ਰਤੇ ਉਸ ਦੇ ਸਿਧਾਂਤ ਅਤੇ ਵਿਹਾਰ 'ਚ ਕੋਈ ਫ਼ਰਕ ਨਾ ਹੋਵੇ।

ਪੋਜੇਵਾਲ ਕਾਲਜ ਵਿਖੇ ਪੜ੍ਹਾਉਂਦਿਆਂ ਉਸ ਨੇ ਪਿੰਡ ਦਿਆਲਪੁਰ ਛੱਡ ਪੱਕਾ ਟਿਕਾਣਾ ਜਿਲ੍ਹਾ ਹੁਸ਼ਿਆਰਪੁਰ ਦੇ ਪਹਾੜਾਂ ਦੀ ਗੋਦ ਵਿੱਚ ਵਸੇ ਸ਼ਹਿਰ ਗੜ੍ਹਸ਼ੰਕਰ ਵਿਖੇ ਕਰ ਲਿਆ। ਇਕ ਵਾਰ ਪਰਿਵਾਰ ਘਰੋਂ ਬਾਹਰ ਕਿਤੇ ਗਿਆ ਹੋਇਆ ਸੀ ਤਾਂ ਘਰ ਵਿੱਚ ਅੱਗ ਲੱਗ ਗਈ ਤੇ ਜਦ ਤਕ ਅੱਗ ਬੁਝਾਉਣ ਵਾਲੀਆਂ ਗੱਡੀਆਂ ਆਉਂਦੀਆਂ ਤਦ ਤਕ ਬਹੁਤ ਕੁਝ ਸੜ੍ਹ ਕੇ ਸੁਆਹ ਹੋ ਚੁੱਕਾ ਸੀ। ਫੇਰ ਵੀ ਦੁਨਿਆਵੀ ਵਸਤਾਂ ਦੇ ਸੜ੍ਹ ਜਾਣ ਦਾ ਉਸ ਨੂੰ ਏਨਾ ਦੁੱਖ ਨਹੀਂ ਹੋਇਆ ਜਿੰਨਾ ਦੁੱਖ ਉਸ ਦੀ ਨਿੱਜੀ ਲਾਇਬ੍ਰੇਰੀ ਵਿੱਚ ਪਈਆਂ ਹਜ਼ਾਰਾਂ ਕਿਤਾਬਾਂ ਸੜ੍ਹ ਜਾਣ ਦਾ ਹੋਇਆ। ਉਸ ਦੀਆਂ ਹੱਥ ਲਿਖਤਾਂ, ਖਰੜੇ ਅਤੇ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਦੀ ਦੀ ਬਾਣੀ 'ਤੇ ਲਿਖੇ ਆਪਣੇ ਪੱਤਰਾਂ ਦੇ ਸੜ੍ਹ ਜਾਣ ਦਾ ਹੋਇਆ।ਉਸ ਦਾ ਸੋਚਣਾ ਹੈ ਕਿ ਕੋਈ ਹੋਰ ਹੁੰਦਾ ਤਾਂ ਸ਼ਾਇਦ ਖ਼ੁਦਕੁਸ਼ੀ ਕਰ ਲੈਂਦਾ।

ਸਮੇਂ ਨੇ ਸਮੇਂ ਸਮੇਂ ਤੇ ਅਨੇਕ ਵਾਰ ਉਸ ਦੇ ਕਰੜੇ ਇਮਤਿਹਾਨ ਲਏ ਪਰ ਉਹ ਸਮੇਂ ਦੀ ਅੱਗ ਦਾ ਸੇਕ ਹੰਢਾ ਹੰਢਾ ਕੇ ਕੁੰਦਨ ਹੋ ਗਿਆ।

ਪੰਜਾਬ ਦੀਆਂ ਕਈ ਸਾਹਤਿਕ ਸੰਸਥਾਵਾਂ ਇਸ ਨੇ ਖ਼ੁਦ ਸ਼ੁਰੂ ਕਰਵਾਈਆਂ ਹਨ। ਕਈ ਸਾਲ ਪਹਿਲਾਂ ਇਕ ਸੰਗੀਤਕ ਕੰਪਨੀ ਖੋਲ੍ਹੀ। ਸਭ ਕੁਝ ਠੀਕ ਚੱਲ ਰਿਹਾ ਸੀ ਪਰ ਉਸ ਵਿੱਚ ਬਹੁਤ ਵੱਡਾ ਘਾਟਾ ਪੈ ਗਿਆ। ਕੰਪਨੀ ਵਿੱਚ ਹੋਰਨਾਂ ਦਾ ਵੀ ਖ਼ਾਸਾ ਪੈਸਾ ਲੱਗਾ ਹੋਇਆ ਸੀ। ਸੰਧੂ ਨੇ ਜਿਵੇਂ ਕਿਵੇਂ ਕਰ ਕੇ ਪਿਆ ਉਹ ਵੱਡਾ ਘਾਟਾ ਤਾਂ ਸਹਾਰ ਲਿਆ ਪਰ ਅੱਜ ਵੀ ਉਨ੍ਹਾਂ ਸਮਿਆਂ ਵਿਚ ਆਪਣੇ ਇਕ ਬੇਹੱਦ ਨਜ਼ਦੀਕੀ ਸ਼ਾਇਰ ਦੀ ਕਹੀ ਉਹ ਗੱਲ ਨਹੀਂ ਭੁੱਲ ਸਕਿਆ ਕਿ ਤੂੰ ਤਾਂ ਬਰਬਾਦ ਹੋ ਗਿਆ ਏਂ, ਤੇਰੇ ਪੱਲੇ ਹੁਣ ਕੁਝ ਨਹੀਂ ਰਿਹਾ। ਸੰਧੂ ਦਾ ਸੋਚਣਾ ਹੈ ਕੇ ਮੇਰਾ ਉਹ ਨਜ਼ਦੀਕੀ ਸ਼ਾਇਰ ਦੋਸਤ ਅਗਰ ਉਸ ਵੇ਼ਲੇ ਮੇਰੀ ਮਦਦ ਭਾਵੇਂ ਨਾ ਵੀ ਕਰਦਾ ਪਰ ਮੈਨੂੰ ਹੌਸਲਾ ਜ਼ਰੂਰ ਦਿੰਦਾ।

ਬਹੁਤੇ ਲੇਖਕਾਂ ਸ਼ਾਇਰਾਂ ਨੂੰ ਸਰਕਾਰੀ ਸਨਮਾਨਾਂ ਲਈ ਲੇਲੜੀਆਂ ਕੱਢਦੇ ਅਕਸਰ ਹੀ ਦੇਖੀਦਾ ਹੈ। ਇਕ ਵਾਰ ਜਦ ਮੈਂ ਸੰਧੂ ਵਰਿਆਣਵੀ ਨਾ਼ਲ ਇਸ ਬਾਬਤ ਗੱਲ ਕੀਤੀ ਤਾਂ ਉਨ੍ਹਾਂ ਦਾ ਜਵਾਬ ਸੋਚਣ ਲਈ ਮਜਬੂਰ ਕਰ ਗਿਆ।ਉਸ ਦਾ ਕਹਿਣਾ ਹੈ ਕਿ "ਕਿਸੇ ਲੇਖਕ ਦਾ ਅਸਲ ਸਨਮਾਨ ਉਦੋਂ ਹੁੰਦਾ ਹੈ ਜਦੋਂ ਹੱਕ-ਸੱਚ ਦੀ ਆਵਾਜ਼ ਉਠਾਉਣ ਕਾਰਣ ਵਿਵਸਥਾ ਉਸ ਲੇਖਕ ਦਾ ਸਿਰ ਕਲਮ ਕਰਦੀ ਹੈ।" ਇਸ ਜਵਾਬ ਅੱਗੇ ਕੋਈ ਵੀ ਨਿਰੁੱਤਰ ਹੋ ਜਾਵੇਗਾ।

ਸੰਧੂ ਨੇ ਆਪਣੇ ਆਪ ਨਾ਼ਲ ਹੀ ਇਹ ਅਹਿਦ ਕੀਤਾ ਹੋਇਆ ਹੈ ਕਿ :-

ਜਦ ਤਕ ਸਾਹ ਵਿਚ ਸਾਹ ਨੇ ਮੇਰੇ,
ਨੇਰ੍ਹੇ ਦੂਰ ਭਜਾਵਾਂਗਾ।
ਜੁਗਨੂੰ ਹਾਂ ਮੈਂ ਵਿੱਤ ਮੁਤਾਬਿਕ
ਰਾਤਾਂ ਨੂੰ ਰੁਸ਼ਨਾਵਾਂਗਾ।

ਤੇ ਮੈਂ ਉਸ ਨੂੰ ਅਜੇਹਾ ਕਰਦੇ ਵੇਖਦਾ ਵੀ ਹਾਂ। ਪਿਛਲੇ ਵਰ੍ਹੇ ਉਸ ਦੀ ਪਤਨੀ ਜਦ ਬਿਮਾਰ ਹੋਣ ਕਾਰਨ ਹਸਪਤਾਲ ਦਾਖ਼ਲ ਸੀ ਤਾਂ ਉਹ ਮੈਨੂੰ ਨਾ਼ਲ ਲੈ ਕੇ ਬਰਨਾਲਾ ਵਿਖੇ ਇਕ ਸਾਹਿਤਕ ਪ੍ਰੋਗਰਾਮ ਵਿੱਚ ਗਏ।

ਸੰਧੂ ਵਰਿਆਣਵੀ ਕਦੇ ਕਦੇ ਮੈਨੂੰ ਇਕ ਸੰਤ ਲੱਗਦਾ ਹੈ ਜਿਹੜਾ ਖ਼ੁਦ ਦੁੱਖ ਸਹਿ ਕੇ ਦੁਨੀਆਂ ਦੇ ਦੁੱਖ ਹਰਨ ਆਇਆ ਹੋਵੇ। ਇਕ ਅਜਿਹਾ ਫ਼ਕੀਰ ਕਿ ਜਿਸ ਦੀ ਬਗਲੀ ਵਿੱਚ ਸ਼ਬਦਾਂ ਦੇ ਲੱਖਾਂ ਹੀਰੇ ਮੋਤੀ ਲਾਲ ਹੋਵਣ।

ਜਦ ਵੀ ਕਿਸੇ ਵਿਸ਼ੇ ਤੇ ਉਸ ਨਾਲ ਸੰਵਾਦ ਰਚਾਇਆ ਜਾਵੇ ਉਹ ਗੱਲ ਦੀ ਤਹਿ ਤੀਕ ਜਾਂਦਾ ਹੈ। ਉਸ ਦੀ ਕਵਿਤਾ ਪੀੜਤ ਧਿਰ ਦੇ ਹਉਕਿਆਂ ਦੀ ਹੀ ਅਨੁਵਾਦ ਨਹੀਂ ਹੈ ਸਗੋਂ ਉਸ ਦੀ ਕਵਿਤਾ ਵਿਵਸਥਾ ਨੂੰ ਸਵਾਲ ਕਰਦਿਆਂ ਤਿੱਖੀ ਚੋਟ ਕਰਦੀ ਹੈ। ਉਂਝ ਭਾਵੇਂ ਅਨੇਕ ਸਾਂਝੇ ਕਾਵਿ ਸੰਗ੍ਰਹਿ ਵਿਚ ਉਸ ਦੀ ਕਵਿਤਾ ਸ਼ਾਮਿਲ ਹੈ ਪਰ ਪੰਜਾਬੀ ਸਾਹਿਤ ਦੀ ਝੋ਼ਲੀ ਉਸ ਨੇ ਦੋ ਕਾਵਿ ਸੰਗ੍ਰਹਿ ਅਲਵਿਦਾ ਤਕ (1999) ਅਤੇ ਸ਼ੌਕਤ ਢੰਡਵਾੜਵੀ ਲਕੀਰਾਂ 2015 ਪਾਏ ਹਨ।ਦੋਵੇਂ ਕਾਵਿ ਸੰਗ੍ਰਹਿ ਬੇਹੱਦ ਚਰਚਿਤ ਰਹੇ ਹਨ।

ਉਸ ਦਾ ਛੋਟਾ ਭਰਾ ਨਕਸ਼ ਵਰਿਆਣਵੀ ਖ਼ੁਦ ਇਕ ਨਾਮਵਰ ਗੀਤਕਾਰ ਹੈ ਪ੍ਰਸਿੱਧ ਗ਼ਜ਼ਲਕਾਰ ਹੈ।ਸੰਧੂ ਵਰਿਆਣਵੀ ਨੇ ਮੈਨੂੰ( ਜਗਦੀਸ਼ ਰਾਣਾ) ਅਤੇ ਆਪਣੇ ਛੋਟੇ ਭਰਾ ਨਕਸ਼ ਵਰਿਆਣਵੀ ਨੂੰ ਆਪਣੀ ਸਾਹਤਿਕ ਵਿਰਾਸਤ ਦਾ ਵਾਰਿਸ ਐਲਾਨਿਆ ਹੋਇਆ ਹੈ।

ਕਾਗ਼ਜ਼ਾਂ ਵਿੱਚ ਹੀ ਸਹੀ ਪਰ ਅੱਜ ਉਸ ਦਾ ਜਨਮ ਦਿਨ ਹੈ ਅਤੇ ਜ਼ਿੰਦਗੀ ਦੀਆਂ 70 ਬਹਾਰਾਂ ਪਤਝੜਾਂ ਦਾ ਅਨੰਦ ਮਾਣ ਚੁੱਕੇ, ਅੱਜ ਕੱਲ੍ਹ ਏਕਤਾ ਇਨਕਲੇਵ ਪਿੰਡ ਵਿਰਕ ਜਿਲ੍ਹਾ ਜਲੰਧਰ ਨੇੜ੍ਹੇ ਅਰਬਨ ਅਸਟੇਟ ਫ਼ਾਗਵੜਾ ਵਿਖੇ ਪੱਕੀ ਰਿਹਾਇਸ਼ ਕਰਨ ਵਾ਼ਲੇ ਪ੍ਰੋ. ਸੰਧੂ ਵਰਿਆਣਵੀ ਦੀ ਇਕ ਕਵਿਤਾ ਅਤੇ ਇਕ ਗ਼ਜ਼ਲ ਸ਼ਾਇਰਾਂ ਦੀ ਦੁਨੀਆਂ ਦੇ ਪਾਠਕਾਂ ਨਾ਼ਲ ਸਾਂਝੀਆਂ ਕਰ ਰਿਹਾ ਹਾਂ।



**ਜਗਦੀਸ਼ ਰਾਣਾ**
**79862-07849**

### ਗ਼ਜ਼ਲ 1

ਵਿਛੜੇ ਦਿਲਦਾਰ! ਤੇਰਾ ਆਸਰਾ।
ਐ ਅਧੂਰੇ ਪਿਆਰ! ਤੇਰਾ ਆਸਰਾ।

ਫੁੱਲ ਦਾ ਤਾਂ ਆਸਰਾ ਕੁਝ ਪਲ ਰਿਹੈ,
ਐ ਸਦੀਵੀ ਖ਼ਾਰ! ਤੇਰਾ ਆਸਰਾ।

ਜਿੱਤ ਦਾ ਮੂੰਹ ਦੇਖਿਆ ਨਾ ਉਮਰ ਭਰ,
ਸਾਨੂੰ ਪਰ ਐ ਹਾਰ! ਤੇਰਾ ਆਸਰਾ।

ਤੂੰ ਏਂ ਮੇਰੇ ਤਲਖ਼ ਰਾਹ ਦਾ ਹਮਸਫ਼ਰ,
ਐ ਮੇਰੇ ਗ਼ਮਖ਼ਾਰ! ਤੇਰਾ ਆਸਰਾ।

ਜਦ ਕਦੀ ਵੀ ਦਿਲ ਮੇਰਾ ਹੈ ਡੋਲਦੈ,
ਥੰਮਦੈ ਹਰ ਵਾਰ ਤੇਰਾ ਆਸਰਾ।

ਭੌਰਿਆਂ ਤੇ ਤਿਤਲੀਆਂ ਦਾ ਦਿਲ ਕਹੇ,
ਮਹਿਕਦੀ ਗੁਲਜ਼ਾਰ ! ਤੇਰਾ ਆਸਰਾ।

ਜ਼ਿੰਦਗੀ ਪੁਰਨੂਰ ਰਹਿਣੀ ਤੇਰੇ ਸੰਗ,
ਪਿਆਰ ਦੇ ਇਕਰਾਰ! ਤੇਰਾ ਆਸਰਾ।

ਹੈ ਗੁਜ਼ਰ ਚੱਲੀ ਖ਼ਿਜ਼ਾਂ ਇਹ ਜਾਪਦੈ,
ਆਸ ਦੇ ਆਸਾਰ ! ਤੇਰਾ ਆਸਰਾ।

ਛੇੜ ਕੇ ਸੰਗੀਤ ਰੂਹ ਨਸ਼ਿਆ ਰਹੀ,
ਐ ਮਧੁਰ ਛਣਕਾਰ! ਤੇਰਾ ਆਸਰਾ।

ਦਰਦ ਲੈ ਕੇ ਸੰਧੂ ਮੈਂ ਜਦ ਵੀ ਟੁਰਾਂ,
ਹੈ ਵੰਡਾਉਂਦਾ ਭਾਰ ਤੇਰਾ ਆਸਰਾ।

**

### ਵਰਿਆਣਾ ਕਵਿਤਾ 2
### ਮੇਰੀ ਵਿਰਾਸਤ ਤੇਰੀ ਸਿਆਸਤ

ਮੇਰੇ ਪੁਰਖਿਆਂ ਦੀਆਂ
ਵਕ਼ਤ ਦੇ ਪਰਾਂ ਤੇ ਨਾ ਉੱਡਣ ਦੀਆਂ ਕੁਝ ਭੁੱਲਾਂ ਨੇ
ਤੇਰੀ ਸਿਆਸਤ 'ਚ
ਕੁਝ ਕੁਝ ਮੱਕਾਰੀਆਂ 'ਤੇ ਜ਼ਹਿਰੀਲੀਆਂ ਸ਼ਰਾਰਤਾਂ ਨੇ
ਮੇਰੀ ਵਿਰਾਸਤ 'ਚ
ਭੁੱਲਾਂ ਨੇ
ਅਨੰਤ ਅਨੰਤ ਜਨਮੀਆਂ ਪੀੜਾਂ ਨੇ
ਅਨੰਤ ਸਫ਼ਰ ਤੇ ਤੁਰਦਿਆਂ-ਤੁਰਦਿਆਂ
ਆਪਣੀ ਹੋਂਦ 'ਤੇ ਲੱਗੇ
ਪ੍ਰਸ਼ਨ ਚਿੰਨ੍ਹਾਂ ਦੀ ਲੜੀ ਏ
ਨਗਨ ਜਿਸਮ ਤੇ ਹੰਢਾਈਆਂ ਧੁੱਪਾਂ-ਛਾਵਾਂ ਦੀ
ਵਿਲਕਦੀ, ਦਮ ਤੋੜਦੀ ਰੀਝ ਹੈ
ਤੇ ਦਿਨੇ ਜਾਗਦਿਆਂ ਅੱਖਾਂ 'ਚ ਬ਼ਲਦੇ
ਸਿਵਿਆਂ ਵਰਗੇ ਸੁਫ਼ਨਿਆਂ ਦੀ ਸ਼ਮਸ਼ਾਨ ਹੈ।
ਮੈਂ ਰੋਜ਼ ਜਨਮਦਾ
ਬਚਪਨ 'ਚ ਬੁੱਤੀਆਂ ਕਰਦਾ
ਜਵਾਨੀ 'ਚ ਬੁਢਾਪੇ ਦੀ ਅਉਧ ਹੰਢਾਉਂਦਾ
ਹਰ ਸ਼ਾਮ ਮਰਦਾ ਹਾਂ
'ਤੇ ਫਿਰ ਤਾਅ ਉਮਰ
ਇਸ ਅਮਲ 'ਚ ਗੁਜ਼ਰਦਾ
ਆਪਣੀ ਅਣਮੰਨੀ ਅਉਧ
ਪੁਗਾਉਂਦਾ-ਪੁਗਉਂਦਾ
ਤੁਹਾਡੀ ਦਹਲੀਜ਼ 'ਤੇ
ਆਸ ਦੇ ਦੀਵੇ ਜਗਾਉਂਦਾ-ਜਗਾਉਂਦਾ
ਅਜ਼ਲਾਂ ਤੋਂ ਮਿ਼ਲੀ ਵਿਰਾਸਤ ਤੋਂ
ਖਹਿੜਾ ਛੁਡਾਉਣ ਦੇ ਆਹਰ 'ਚ
ਕਦੇ ਭਗਤੀ ਕਦੇ ਸ਼ਕਤੀ
ਕਦੇ ਅਰਾਧਨਾ ਕਦੇ ਅਰਦਾਸ
ਕਦੇ ਚਿੜੀਆਂ ਤੋਂ ਬਾਜ਼ਾਂ ਨੂੰ ਤੁੜਵਾਉਣਾ
ਦੇ ਬੋਲਾਂ 'ਤੇ ਰੀਝਦਾ-ਰੀਝਦਾ
ਆਪਣਾ ਸੀਸ ਭੇਂਟ ਕਰ
ਸੁਰਖ਼ਰੂ ਹੋਣ ਦਾ ਭਰਮ ਪਾ਼ਲਦਾ ਹਾਂ
ਕਦੇ ਸੋਚਦਾ ਹਾਂ
ਇਹ ਜਨਮ ਜਨਮਾਂਤਰ੍ਹਾਂ 'ਚ ਉਲਝੀ ਜ਼ਿੰਦਗੀ
ਆਸਾਂ ਦੇ ਦੀਵੇ ਜਗਾਉਂਦੀ ਜਗਾਉਂਦੀ
ਕਦੋਂ ਤੱਕ ?
'ਚਿੜੀਆਂ ਦੀ ਮੌਤ ਗਵਾਰਾਂ ਦਾ ਹਾਸਾ'
ਦੀ ਖੇਡ 'ਚ
ਮਰਦੀ -ਜਨਮਦੀ
ਮਰਦੀ ਰਹੇਗੀ ?

**ਪੇਸ਼ਕਰਤਾ- ਰੇਸ਼ਮ ਕਰਨਾਣਵੀ**

# ਪੰਜਾਬੀ ਫ਼ਿਲਮ ਦਰਪਣ



ਅੰਮ੍ਰਿਤ ਪਵਾਰ


## ਪ੍ਰਗਟ ਭਾਗੂ ਕਹੇ ਧੀਆਂ ਨੂੰ ਸਤਿਕਾਰ ਦਿਓ

ਇੱਕ ਸੋਹਣਾ ਤੇ ਸੁਰ ਵਾਲਾ ਗਾਇਕ ਬਣ ਗਾਇਕੀ ਤੇ ਰਾਜ ਕਰਨ ਵਾਲੇ ਪ੍ਰਗਟ ਭਾਗੂ ਨੇ ਫ਼ਿਲਮਜ਼ ਵੀ ਬਹੁਤ ਕੀਤੀਆਂ। ਇਹਨਾਂ ਵਿੱਚ ਰਵਿੰਦਰ ਮਾਨ ਨਾਲ , ਲੱਖੀ ਨਾਲ ਫ਼ਿਲਮਾਂ ਸ਼ਾਮਿਲ ਨੇ ਤੇ ਅੱਜ ਕਲ ਆਸਥਾ ਵਿੱਚ ਲੀਨ ਪ੍ਰਗਟ ਭਾਗੂ ਧਾਰਮਿਕ ਗਾਇਕੀ ਦੇ ਰਾਜੇ ਹਨ। ਪ੍ਰਗਟ ਆਪਣੀ ਬਿਟੀਆ ਨੂੰ ਬਹੁਤ ਮੋਹ ਕਰਦੇ ਹਨ ਤੇ ਲੋਕਾਈ ਨੂੰ ਸੁਨੇਹਾ ਦਿੰਦੇ ਨੇ ਕਿ ਧੀਆਂ ਨੂੰ ਸਤਿਕਾਰ ਦਿਓ ਫਿਰ ਦੇਖੋ ਲਕਸ਼ਮੀ ਤੇ ਸਫਲਤਾ ਆਪ ਤੁਹਾਡੇ ਪੈਰ ਚੁੰਮੇਗੀ। ਪ੍ਰਗਟ ਧੀਆਂ ਲਈ ਅਕਸਰ ਦਾਨ ਦਕਸ਼ੁਣਾ ਕਰਦੇ ਹਨ।



## ਪ੍ਰਵੀਨ ਅਖਤਰ ਦੀ ਤਮੰਨਾ

ਜਪਾਨੀ ਗੁੱਡੀਆ ਅਕਸਰ ਸੈੱਟ ਤੇ ਪ੍ਰਵੀਨ ਅਖਤਰ ਨੂੰ ਸਾਥੀ ਕਲਾਕਾਰ ਆਖਦੇ ਨੇ ਤੇ "ਦਿਲਲਗੀ" "ਤੇਰੀ ਮੇਰੀ ਜੋੜੀ" ਬੁ ਮੈਂ ਡਰੱਗੀ" ਫ਼ਿਲਮਜ਼ ਕਰ ਚੁੱਕੀ ਪ੍ਰਵੀਨ ਅਖਤਰ ਵੱਡੇ ਫਿਲਮੀ ਕਲਾਕਾਰਾਂ ਨਾਲ ਸ਼ੋ ਵੀ ਕਰ ਰਹੀ ਹੈ । ਅਮਰੀਕਾ ਵਿਖੇ ਪ੍ਰਵੀਨ ਅਖਤਰ ਛਾ ਗਈ ਤੇ ਓਸ ਦੀ ਅਦਾ ਤੇ ਦਰਸ਼ਕ ਕੁਰਬਾਨ ਗਏ। ਹੋਰ ਫ਼ਿਲਮਾਂ ਤੇ ਚੰਗੇ ਕਿਰਦਾਰ ਦੇ ਨਾਲ ਪ੍ਰਵੀਨ ਦੀ ਤਮੰਨਾ ਹੈ ਕਿ ਇਸ ਵਕਤ ਗਾਇਕੀ ਵਿੱਚ ਸਰਗਰਮ ਓਸ ਦਾ ਬੇਟਾ ਵਾਹਿਦ ਅਖਤਰ ਸਟਾਰ ਗਾਇਕ ਬਣੇ ਤੇ ਓਹ ਵਾਹਿਦ ਦੀ ਮਾਂ ਦੇ ਨਾਲ ਜਾਣੀ ਜਾਏ।ਪ੍ਰਵੀਨ ਅਖਤਰ ਅੱਛੀ ਐਕਟ੍ਰੇਸ ਦੇ ਨਾਲ ਅੱਛੀ ਤੇ ਕੁਸ਼ਲ ਈਵੈਂਟ ਪ੍ਰਬੰਧਕ ਵੀ ਹੈ ਤੇ ਫਿਲਮੀ ਕਾਰੋਬਾਰ ਵਿੱਚ ਵੀ ਅੱਵਲ ਹੈ।




## ਸ਼ਾਹੀ ਕੁਲਵਿੰਦਰ ਦੇ "ਦੋ ਪੈਗ " ਇੰਸਟਾਗ੍ਰਾਮ ਨੂੰ ਸਰੂਰ

ਕੁਲਵਿੰਦਰ ਸ਼ਾਹੀ ਕਿ ਸ਼ਾਹੀ ਕੁਲਵਿੰਦਰ ਮਜਬੂਰੀਆਂ ਦੀ ਸੀਮਾ ਪਾਰ ਕਰ ਕਿ ਅੱਜ ਗਾਇਕੀ ਵਿੱਚ ਲੋਕ ਪ੍ਰਿਅ ਚਿਹਰਾ ਤੇ ਆਵਾਜ਼ ਹੈ।ਓਸ ਦਾ ਤਾਜ਼ਾ ਗੀਤ "ਦੋ ਪੈਗ" ਖ਼ੂਬ ਚਲਿਆ ਹੈ ਤੇ ਇੰਸਟਾਗ੍ਰਾਮ ਤੇ ਇਸ ਨੂੰ ਬਹੁਤ ਪਸੰਦ ਕੀਤਾ ਗਿਆ ਹੈ । ਸ਼ਾਹੀ ਵਕਤ ਨਾਲ ਚਲਦਾ ਗਾਇਕ ਹੈ ਤੇ ਕੰਗਨਾ ਰਣੌਤ ਕਾਂਡ ਤੇ ਓਸ ਦਾ ਗੀਤ ਖ਼ੂਬ ਚਰਚਿਤ ਹੋਇਆ ਹੈ। ਸ਼ਾਹੀ ਕੁਲਵਿੰਦਰ ਨੇ ਕਿਹਾ ਕਿ ਓਸ ਅਣਖੀਲਾ ਗੁਲਸ਼ਨ ,ਸੁਰਜੀਤ ਭੁੱਲਰ ,ਜਸਵਿੰਦਰ ਬਰਾੜ ਨਾਲ ਸਟੇਜਾਂ ਕੀਤੀਆਂ ਹਨ।ਓਹ ਧਾਰਮਿਕ ਗਾਇਕੀ ਖਾਸ ਕਰ ਜਾਗਰਣ ਵਿੱਚ ਵੀ ਮਕਬੂਲ ਹੈ ਤੇ ਹੁਣ ਨੇਹਾ ਮੂਵੀਜ਼ ਦੀ ਅਗਲੀ ਫਿਲਮ ਲਈ ਪਲੇ ਬੈਕ ਦੇ ਰਿਹਾ ਹੈ।



## ਯੋਗਰਾਜ ਸਿੰਘ ਲਈ " ਉੱਚਾ ਦਰ ਬਾਬੇ ਨਾਨਕ ਦਾ"

ਇੱਕ ਖੁਦ ਅੱਜ ਕਲ ਸਿਮਰਨ ਤੇ ਭਗਤੀ ਵਿੱਚ ਲੀਨ ਯੋਗਰਾਜ ਸਿੰਘ ਤੇ ਦੂਜਾ ਓਹਨਾਂ ਨੂੰ ਤਰੁਣ ਜਗਪਾਲ ਨੇ ਆਪਣੀ ਫਿਲਮ "ਉੱਚਾ ਦਰ ਬਾਬੇ ਨਾਨਕ ਦਾ" ਵਿੱਚ ਧਰਮ ਕਰਮ ਵਾਲਾ ਕਿਰਦਾਰ ਦੇ ਓਹਨਾਂ ਦੇ ਮਨ ਦੀ ਗੱਲ ਪੂਰੀ ਕੀਤੀ ਹੈ।ਦੇਵ ਖਰੋੜ, ਕਿਮੀ ਵਰਮਾ, ਮੋਨਿਕਾ ਗਿੱਲ, ਸਰਬਜੀਤ ਚੀਮਾ, ਹਰਵੀ ਸੰਘਾ ਤੇ ਕਮਲਜੀਤ ਨੀਰੂ ਸਾਰੇ ਕਲਾਕਾਰ ਓਹਨਾਂ ਦੀ ਇੱਜ਼ਤ ਕਰਦੇ ਹਨ।ਇਹ ਫਿਲਮ ਸੰਗਤਾਂ ਨੂੰ ਗੁਰੂ ਘਰ ਨਾਲ ਹੋਰ ਜੋੜੇਗੀ ਓਹ ਆਖਦੇ ਹਨ । ਤਰਨਵੀਰ ਸਿੰਘ ਜਗਪਾਲ ਨੌਜਵਾਨ ਨਿਰਦੇਸ਼ਕ ਇਸ ਵਕਤ ਦੁਨੀਆਂ ਭਰ ਵਿੱਚ ਇਸ ਫਿਲਮ ਲਈ ਮੁਬਾਰਕਾਂ ਕਬੂਲ ਰਹੇ ਹਨ ।ਵੀਤ ਬਲਜੀਤ ਨੇ ਇਸ ਫਿਲਮ ਦੇ ਗੀਤ ਲਿਖੇ ਹਨ। ਫਿਲਮ ਲਈ ਲੋਕਾਂ ਵਿੱਚ ਸ਼ਰਧਾ ਤੇ ਉਤਸ਼ਾਹ ਹੈ ।




## ਮਾਲਵੀ ਮਲਹੋਤਰਾ ਬਣ ਗਈ ਹੀਰੋਇਨ

ਤੂਤ ਦੀ ਛਮਕ ਜਿਹੀ ਲੰਬੀ ਤੇ ਪਤਲੀ ਮਾਲਵੀ ਮਲਹੋਤਰਾ ਦਾ ਨਾਮ ਦੇਖਿਓ ਦਿਨਾਂ ਵਿੱਚ ਪ੍ਰਸਿੱਧ ਹੋ ਜਾਏਗਾ। ਚਿਕਨੀ ਚਮੇਲੀ ਲੱਗਦੀ ਮਾਲਵੀ ਨੇ "ਅੰਗਰੇਜ਼ "ਵਾਲੇ ਸਿਮਰਨਜੀਤ ਸਿੰਘ ਹੁੰਦਲ ਨਾਲ ਫਿਲਮ ਕੀਤੀ ਹੈ ਜਿਹੜੀ ਅਗਲੇ ਮਹੀਨੇ ਆਏਗੀ। ਧਿਰਾ ਗਿੱਲ ਇਸ ਫਿਲਮ ਦਾ ਹੀਰੋ ਏ ਜਿਹੜਾ ਪ੍ਰਸਿੱਧ ਪੰਜਾਬੀ ਯੁਵਾ ਗਾਇਕ ਹੈ।ਮਾਲਵੀ ਨੇ ਪਾਕਸਤਾਨੀ ਅਦਾਕਾਰ ਇਫ਼ਤਖ਼ਾਰ ਠਾਕਰ ਨਾਲ ਇਸ ਵਿੱਚ ਦ੍ਰਿਸ਼ ਦਿੱਤੇ ਹਨ ।ਮਾਲਵੀ ਨੂੰ ਯਕੀਨ ਏ ਕਿ ਓਸ ਦੀ ਪਹਿਲੀ ਫਿਲਮ "ਹਾਏ ਬੀਬੀਏ ਫਸ ਗਏ ਕਿੱਥੇ" ਖ਼ੂਬ ਪਸੰਦ ਕੀਤੀ ਜਾਏਗੀ। ਾਲਵੀ ਦੀ ਜਿਸਮਾਨੀ ਬਣਤਰ ਰੇਸ਼ਮੀ ਅੰਗ ਤੇ ਬੋਲਦੀਆਂ ਅੱਖਾਂ ਨਾਲ ਆਕਰਸ਼ਕ ਤੋਂ ਵੀ ਆਕਰਸ਼ਕ ਹੈ।ਹਾਏ ਬੀਬੀਏ ਕੁੜੀ ਨਿਰੀ ਖੰਡ ਦੀ ਪੁੜੀ ਆ ਦਰਸ਼ਕ ਆਖਣਗੇ।



## ਅਸ਼ੋਕ ਪੁਰੀ ਮਾਡਲਿੰਗ ਵਿੱਚ ਵੀ ਸਟਾਰ

ਅਸ਼ੋਕ ਪੁਰੀ ਹੁਸ਼ਿਆਰਪੁਰ ਦੇ ਆਇਕਾਨ ਹਨ ਤੇ ਕਲੱਬਾਂ ਦੇ ਪ੍ਰਧਾਨ ਬਣ ਨਾਮ, ਰੰਗਮੰਚ ਲਈ ਚਿਹਰਾ ਸਫਲ ਤੇ ਟੀਵੀ ਦੇ ਅਜ਼ੀਮ ਕਲਾਕਾਰ ਹਨ ।ਪੰਜਾਬੀ ਫ਼ਿਲਮਾਂ ਕਰਦੇ ਰਹਿੰਦੇ ਅਸ਼ੋਕ ਨੇ ਅੱਜ ਕਲ ਮਾਡਲਿੰਗ ਖੇਤਰ ਵਿੱਚ ਤਹਿਲਕਾ ਮਚਾਉਣ ਦੀ ਗੱਲ ਨਿਭਾਈ ਹੈ। ਅਸ਼ੋਕ ਖੁਰਾਣਾ ਦੇ ਹਰੇਕ ਗੀਤ ਦੇ ਮਾਡਲ ਪੁਰੀ ਸਤਵਿੰਦਰ ਬਿੱਟੀ ਦੇ ਗੀਤ ਦੇ ਵੀ ਮੁੱਖ ਮਾਡਲ ਹਨ ਤੇ ਮੰਗੀ ਮਾਹਲ ਤੇ ਹਰਜੀਤ ਹਰਮਨ ਦੇ ਗੀਤਾਂ ਨੂੰ ਵੀ ਅਸ਼ੋਕ ਆਪਣੀਂ ਕਲਾ ਤੇ ਮਾਡਲਿੰਗ ਨਾਲ ਲੋਕ ਪ੍ਰਿਅ ਕਰਨ ਦੇ ਸਹਾਈ ਪਾਤਰ ਰਹੇ ਹਨ।



# ਹਾਇ ਬੀਬੀ ਮੈਂ ਮਰ ਗਿਆ !



ਅਮਨਜੀਤ ਕੌਰ
001-818-213-0222

ਇਹ ਸੰਨ 81 ਦੀ ਗੱਲ ਹੈ ਜਦੋਂ ਮੈਂ ਪ੍ਰੈੱਪ 'ਚ ਪੜ੍ਹਦੀ ਸੀ ਤਾਂ ਕਾਲਜ ਵਾਲ਼ਿਆਂ ਨੇ ਨੇੜੇ ਤੇੜੇ ਦੇ ਪਿੰਡਾਂ ਤੋਂ ਵਿਦਿਆਰਥਣਾ ਲਿਆਉਣ ਲਈ ਬੱਸ ਲਗਾਈ ਹੋਈ ਸੀ। ਉਸੇ ਬੱਸ ਵਿੱਚ ਕਾਲਜ ਲਾਗੇ ਦੇ ਇੱਕ ਛੋਟੇ ਜਿਹੇ ਸਕੂਲ ਦੇ ਬੱਚੇ ਵੀ ਜਾਂਦੇ ਸਨ।

ਕਾਲਜ ਨੂੰ ਜਾਂਦੇ ਰਾਹ ਵਿੱਚ ਇੱਟਾਂ ਵਾਲ਼ਾ ਭੱਠਾ ਹੋਣ ਕਰਕੇ ਸੜਕ ਦੇ ਨਾਲ ਲੱਗਦੇ ਖੇਤ ਸੜਕ ਤੋਂ ਤਿੰਨ ਚਾਰ ਫੁੱਟ ਨੀਵੇਂ ਹੋ ਗਏ ਸਨ।ਉਥੇ ਹੀ ਇੱਕ ਖਤਰਨਾਕ ਜਿਹਾ ਕੂਹਣੀ ਮੋੜ ਵੀ ਪੈਂਦਾ ਸੀ।

ਇੱਕ ਦਿਨ ਸਾਡੀ ਬੱਸ ਦੇ ਡਰਾਈਵਰ ਨੇ ਕੂਹਣੀ ਮੋੜ ਤੇ ਅੱ-ਗਿਉਂ ਆ ਰਹੇ ਘੋੜੇ ਵਾਲ਼ੇ ਰੇੜ੍ਹੇ ਨੂੰ ਬਚਾਉਂਦਿਆਂ ਬੱਸ ਏਨੀ ਮੋੜ ਦਿੱਤੀ ਕਿ ਰੁੜ੍ਹਦੀ ਬੱਸ ਨੀਵੇਂ ਖੇਤਾਂ 'ਚ ਜਾ ਡਿੱਗੀ। ਚੀਕ-ਚਿਹਾੜਾ ਪੈ ਗਿਆ! ਥੋੜ੍ਹੀ ਦੂਰ ਖੇਤਾਂ 'ਚ ਬਣੇ ਘਰਾਂ 'ਚੋਂ ਲੋਕ ਮੱਦਦ ਲਈ ਭੱਜੇ ਆਏ। ਡਿਗੀ ਬੱਸ ਦੀ ਡਰਾਈਵਰ ਵਾਲ਼ੀ ਖਿੜਕੀ ਅਸਮਾਨ ਵੱਲ ਨੂੰ ਖੁੱਲ੍ਹ ਗਈ। ਫੁਰਤੀ ਨਾਲ ਬਹੁਤ ਸਾਰੇ ਲੋਕ ਇਕੱਠੇ ਹੋ ਗਏ।ਅਸੀਂ ਦਸ ਬਾਰਾਂ ਕੁੜੀਆਂ ਤੇ ਏਨੇ ਕੁ ਹੀ ਬੱਚੇ ਸਨ ਬੱਸ ਵਿੱਚ! ਹੁਣ ਲੋਕ ਸੋਚਣ ਕਿ ਕੁੜੀਆਂ ਤੇ ਬੱਚਿਆਂ ਨੂੰ ਬੱਸ 'ਚੋਂ ਬਾਹਰ ਕਿਵੇਂ ਕੱਢਿਆ ਜਾਵੇ?ਇਕ ਜਣੇ ਨੇ ਡਰਾਈਵਰ ਵਾਲੀ ਖਿੜਕੀ ਰਾਹੀਂ ਉੱਤਰ ਕੇ ਬੱਚਿਆ ਨੂੰ ਬੱਸ ਚੋ ਬਾਹਰ ਕੱਢਣਾ ਸ਼ੁਰੂ ਕਰ ਦਿੱਤਾ।ਰੱਬ ਦਾ ਸ਼ੁਕਰ ਕਿ ਕਿਸੇ ਦੇ ਗੰਭੀਰ ਸੱਟਾਂ ਨਹੀਂ ਸਨ ਲੱਗੀਆਂ।

ਹੁਣ ਆਈ ਵਾਰੀ ਸਾਡੀ ਕੁੜੀਆਂ ਦੀ।ਬੱਸ ਵਿੱਚ ਵੜੇ ਉਸ ਵੀਰ ਨੇ ਆਵਾਜ਼ ਮਾਰੀ ਕਿ ਬਾਹਰੋਂ ਇਕ ਜਣਾ ਹੋਰ ਬੱਸ 'ਚ ਉਤਰੋ ਤਾਂ ਕਿ ਵਿਚਾਰੀਆਂ ਕੁੜੀਆਂ ਨੂੰ ਵੀ ਬਾਹਰ ਕੱਢਿਆ ਜਾਵੇ। ਇੱਕ ਹੋਰ ਮੁੰਡਾ ਬੱਸ 'ਚ ਉੱਤਰ ਆਇਆ ਤੇ ਕਹਿਣ ਲੱਗਾ ਕਿ ਲਓ ਭਾਈ ਕੁੜੀਉ ਮੇਰੀ ਪਿੱਠ ਤੇ ਪੈਰ ਰੱਖ ਰੱਖ ਕੇ ਇੰਜਣ ਕੋਲੋਂ ਦੀ ਸਟੇਅਰਿੰਗ ਫੜ ਕੇ ਬਾਹਰ ਨੂੰ ਨਿੱਕਲੋ ।ਬਾਹਰ ਖੜ੍ਹੇ ਲੋਕਾਂ ਨੇ ਸਾਨੂੰ ਸਾਰੀਆਂ ਜਣੀਆਂ ਨੂੰ ਬਾਹੋਂ ਫੜ ਫੜ ਬਾਹਰ ਕੱਢ ਲਿਆ। ਅਸੀਂ ਸਾਰੀਆਂ ਜਣੀਆਂ ਨੇ ਮੱਦਦ ਕਰਨ ਵਾਲ਼ੇ ਉਨ੍ਹਾਂ ਭਰਾਵਾਂ ਨੂੰ ਰੱਜ ਕੇ ਅਸੀਸਾਂ ਦਿੱਤੀਆਂ ਅਤੇ ਸ਼ੁਕਰਾਨਾ ਕਰਿਆ!

ਹੁਣ ਸੁਣੋ ਇਸ ਕਾਂਡ ਦੀ ਅਗਲੀ ਦਿਲਚਸਪ ਗੱਲ-ਉਸ ਘਟਨਾਂ ਤੋਂ ਤਿੰਨ ਚਾਰ ਕੁ ਦਿਨਾਂ ਬਾਅਦ ਅਸੀਂ ਕਾਲਜ ਬੈਠੀਆਂ ਤਿੰਨ ਚਾਰ ਕੁੜੀਆਂ ਬੱਸ ਉਲਟਣ ਬਾਰੇ ਗੱਲਾਂ ਕਰ ਰਹੀਆਂ ਸਾਂ।ਅਚਾਨਕ ਨਿੱਕੀ ਨੇ ਉੱਚੀ ਉੱਚੀ ਹੱਸਣਾ ਸ਼ੁਰੂ ਕਰ ਦਿੱਤਾ। ਅਸੀਂ ਹੈਰਾਨ ਕਿ ਇਹਨੂੰ ਕੀ ਹੋ ਗਿਆ ? ਉਸ ਨੇ ਆਪਣਾ ਹਾਸਾ ਮਸਾਂ ਰੋਕਦਿਆਂ ਗੱਲ ਸੁਣਾਈ:-

"ਕੁੜੇ ਓਦਣ ਬੱਸ ਵਿੱਚੋਂ ਕੋਡੇ ਹੋਏ ਜਿਸ ਭਾਈ ਦੀ ਪਿੱਠ 'ਤੇ ਪੈਰ ਰੱਖ ਰੱਖ ਕੇ ਅਸੀਂ ਸਾਰੀਆਂ ਜਣੀਆਂ ਬਾਹਰ ਨਿੱਕਲ਼ੀਆਂ ਸੀਗੀਆਂ।ਸਭ ਤੋਂ ਅਖੀਰ ਵਿੱਚ ਮੇਰੀ ਵਾਰੀ ਆਈ ਤੋਂ ਜਦ ਮੈਂ ਉਹਦੀ ਪਿੱਠ ਤੇ ਪੈਰ ਰੱਖਿਆ ਤਾਂ ਉਹ ਵਿਚਾਰਾ ਇੱਕ ਦਮ 'ਕੱਠਾ ਜਿਹਾ ਹੁੰਦਾ ਚੀਕਿਆ-'ਹਾਇ ਉਏ ਬੀਬੀ ਮੈਂ ਮਰ ਗਿਆ !' ਕਿਉਂ ਕਿ ਮੈਂ ਓਦਣ 'ਪੈਂਸਲ ਹੀਲ' ਵਾਲੇ ਸੈਂਡਲ ਪਾਏ ਹੋਏ ਸੀ...!"

ਅਸੀਂ ਤਾਂ ਐਕਸੀਡੈਂਟ ਵਾਲ਼ਾ ਉਹ ਡਰਾਉਣਾ ਸੀਨ ਚੇਤੇ ਕਰਕੇ ਸਹਿਮੀਆਂ ਹੋਈਆਂ ਨਿੱਕੀ ਨੂੰ ਵਰਜੀਏ ਪਰ ਉਹਦਾ ਹਾਸਾ ਈ ਨਾ ਬੰਦ ਹੋਵੇ!

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਹੁਣ ਪੰਜਾਬੀ ਫ਼ਿਲਮਾਂ ਦਾ ਨਵਾਂ ਹੀਰੋ ਕਹੇਗਾ "ਹਾਏ ਬੀਬੀਏ ਫਸ ਗਏ ਕਿੱਥੇ" ਤੇ ਉਹ ਹੈ ਧੀਰਾ ਗਿੱਲ

ਪੰਜਾਬੀ ਫ਼ਿਲਮਾਂ ਨੂੰ ਇੱਕ ਨਵਾਂ ਹੀਰੋ ਮਿਲਣ ਜਾ ਰਿਹਾ ਹੈ, ਜਵਾਨ, ਸੋਹਣਾ, ਪਤਲਾ ਤੇ ਹਿੱਟ ਅੱਜ ਦਾ ਗਾਇਕ ਧੀਰਾ ਗਿੱਲ ਜੀ ਹਾਂ "ਅੰਗਰੇਜ਼ " ਫਿਲਮ ਵਾਲੇ ਨਿਰਦੇਸ਼ਕ ਸਿਮਰਨਜੀਤ ਸਿੰਘ ਹੁੰਦਲ ਵੱਲੋਂ ਆਪਣੇ ਨਿਰਦੇਸ਼ਨ ਹੇਠ ਧੀਰਾ ਗਿੱਲ ਨੂੰ ਪਰਦੇ ਤੇ ਹੀਰੋ ਵਜੋਂ ਪੇਸ਼ ਕੀਤਾ ਜਾ ਰਿਹਾ ਹੈ।ਅਗਸਤ ਮਹੀਨੇ ਆ ਰਹੀ ਇਹ ਹਾਸਰਸ ਰੋਮਾਂਟਿਕ ਫ਼ਿਲਮ ਦਾ ਨਾਂ ਹੀ ਹਾਸ ਭਰਪੂਰ ਤੇ ਪੰਜਾਬੀ ਸੱਭਿਆਚਾਰਕ ਜਿਹਾ ਹੈ ਤੇ ਫਿਲਮ ਹੈ "ਹਾਏ ਬੀਬੀਏ ਫਸ ਗਏ ਕਿੱਥੇ " ਤੇ ਲਾਲੀਵੁਡ ਦੇ ਲੋਕ ਪ੍ਰਿਅ ਅਦਾਕਾਰ ਇਫ਼ਤਖ਼ਾਰ ਠਾਕਰ ਵੀ ਇਸ ਫ਼ਿਲਮ ਵਿੱਚ ਹਨ। ਕੌਣ ਹੈ ਧੀਰਾ ਗਿੱਲ ਤਾਂ ਪੱਟੀ ਕੋਲ ਜਿਲਾ ਤਰਨ ਤਾਰਨ ਦੇ ਪਿੰਡ ਦੁਬਲੀ ਦਾ ਜੱਟ ਪਰਿਵਾਰ ਨਾਲ ਸਬੰਧਿਤ ਇਹ ਨਵਾਂ ਗਾਇਕ ਨਾਇਕ ਭੰਗੜੇ ਦਾ ਕਪਤਾਨ ਰਿਹਾ ਹੈ ਤੇ "ਡਾਕੂ" "ਜੱਟ ਕਿੱਥੇ ਹਾਰਦਾ" ਓਸ ਦੇ ਹੁਣੇ ਜਿਹੇ ਆਏ ਤੇ ਖ਼ੂਬ ਪਸੰਦ ਕੀਤੇ ਗਏ ਟਰੈਕ ਹਨ। ਅਸਲ ਵਿੱਚ ਜਦ "ਡਾਕੂ" ਗੀਤ ਦਾ ਵੀਡਿਓ ਸਿਮਰਨਜੀਤ ਹੁੰਦਲ ਨੇ ਬਣਾਇਆ ਤਦ ਹੀ ਅੱਖ ਰੜਕੀ ਸੀ ਕਿ ਜਲਦੀ ਧੀਰੇ ਗਿੱਲ ਦੀ ਐਂਟਰੀ ਪਾਲੀਵੁੱਡ ਹੋਣ ਵਾਲੀ ਏ ਤੇ ਓਸ ਦੀ ਪਰਸਨੈਲਿਟੀ ਦੇਖ ਅੰਦਾਜਾ ਸੀ ਕਿ ਹੀਰੋ ਬਣ ਓਹ ਪਰਦੇ ਦੀ ਸ਼ੋਭਾ ਬਣੇਗਾ। ਓਹੀ ਹੋਇਆ ਹੈ। ਬਗੀਚਾ ਸਿੰਘ ਸੰਧੂ ਨੇ ਇਸ ਫ਼ਿਲਮ ਦਾ ਨਿਰਮਾਣ ਕੀਤਾ ਹੈ।ਸੰਧੂ ਐਂਟਰਟੇਨਮੈਂਟ ਤੇ ਮਾਝਾ ਪ੍ਰੋਡਕਸ਼ਨ ਦੇ ਨਾਲ ਰੀਲਜ ਰੀਅਲ ਨੇ ਇਹ ਫਿਲਮ ਲੋਕਾਂ ਤੱਕ ਪਹੁੰਚਦੀ ਕਰਨੀ ਹੈ। ਧੀਰਾ ਗਿੱਲ ਦੇ ਨਾਲ ਓਸ ਦੇ ਹਾਣ ਪ੍ਰਵਾਨ ਦੀ ਛਮਕ ਛਲੋ ਜਿਹੀ ਮਾਲਵੀ ਮਲਹੋਤਰਾ ਨਾਇਕਾ ਹੈ। ਸੁਖਦੇਵ ਬਰਨਾਲਾ,ਅਨੀਤਾ ਦੇਵਗਨ ਤੇ ਦੀਦਾਰ ਗਿੱਲ ਫਿਲਮ ਦੇ ਦੂਜੇ ਮੁੱਖ ਕਲਾਕਾਰ ਹਨ। ਸਿਮਰਨਜੀਤ ਹੁੰਦਲ ਦੀ ਲਿਖੀ ਇਸ ਫਿਲਮ ਦੇ ਸੰਵਾਦ ਓਸ ਨਾਲ ਭਿੰਦੀ ਤੋਲਾਵਾਲ ਨੇ ਲਿਖੇ ਹਨ ਤੇ ਪਿੱਠਵਰਤੀ ਸੰਗੀਤ ਰਾਜੂ ਸਿੰਘ ਦਾ ਹੈ। "ਹਾਏ ਬੀਬੀਏ ਫਸ ਗਏ ਕਿੱਥੇ" ਜਿਆਦਾਤਰ ਯੂ ਕੇ ਵਿਖੇ ਫਿਲਮਾਈ ਗਈ ਹੈ।





ਦੂਬਲੀ ਤੋ ਕਨੇਡਾ, ਟੋਰਾਂਟੋ ਸ਼ੋ ਕਰਨ ਵਾਲੇ ਆਰਿਫ਼ ਲੋਹਾਰ ਜਿਹੀ ਸਟੇਜ ਪੇਸ਼ਕਾਰੀ ਲਈ ਮਸ਼ਹੂਰ ਧੀਰੇ ਗਿੱਲ ਨੂੰ ਨਾਇਕ ਬਣ ਜਾਣ ਦੀਆਂ ਵਧਾਈਆਂ ਤੇ ਉਮੀਦ ਹੈ ਕਿ ਸਿਮਰਨਜੀਤ ਹੁੰਦਲ ਨਾਲ ਓਸ ਦੀ ਕੇਮਿਸਟਰੀ ਖ਼ੂਬ ਬਣਦੀ ਰਹੇਗੀ ਤੇ ਫਿਲਹਾਲ ਇੰਤਜ਼ਾਰ ਹੈ ਫਿਲਮ "ਹਾਏ ਬੀਬੀਏ ਫਸ ਗਏ ਕਿੱਥੇ" ਦਾ ਜਦ ਮਾਲਵੀ ਤੇ ਧੀਰਾ ਗਿੱਲ ਦੀ ਜਵਾਨ ਜੋੜੀ ਦਰਸ਼ਕਾਂ ਨੂੰ ਭਰਵਾਂ ਮਨੋਰੰਜਨ ਦੇਵੇਗੀ।

# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੀਫੋਰਨੀਆ) ਦੀ 39ਵੀਂ ਵਰ੍ਹੇਗੰਢ ਦੇ ਸਮਾਗਮ















ਤਸਵੀਰਾਂ : ਦੇਸ਼ ਦੁਆਬਾ





ਜੋ ਮਾਗਿਹ ਠਾਕੁਰ ਅਪੁਨੀ ਕਿਉ ਸੋਈ ਸੋਈ ਦਿਵਾਈ ॥
ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ॥

ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੀ 39ਵੀਂ ਵਰੇਗੰਢ ਬੀਤੇ ਐਤਵਾਰ, 30 ਜੂਨ, 2024 ਨੂੰ ਬੜੇ ਹੀ ਉਤਸ਼ਾਹ ਨਾਲ ਮਨਾਈ ਗਈ। ਤਿੰਨ ਰੋਜ਼ਾ ਅਖੰਡ ਪਾਠ ਸੇਵਾ ਸ਼ੁੱਕਰਵਾਰ ਨੂੰ ਸ਼ੁਰੂ ਹੋਈ ਅਤੇ ਐਤਵਾਰ 30 ਜੂਨ, 2024 ਨੂੰ ਭੋਗ ਸਮਾਗਮ ਨਾਲ ਸਮਾਪਤ ਹੋਈ। ਸੰਗਤ ਅਤੇ ਸੇਵਾਦਾਰਾਂ ਵੱਲੋਂ ਪਾਠ ਅਤੇ ਲੰਗਰ ਦੀ ਸੇਵਾ ਕੀਤੀ ਗਈ। ਸੰਗਤਾਂ ਨੇ 29 ਜੂਨ 2024 ਦਿਨ ਸ਼ਨੀਵਾਰ ਸਵੇਰੇ 11:00 ਵਜੇ ਨਿਸ਼ਾਨ ਸਾਹਿਬ ਦੇ ਚੋਲਾ ਦੀ ਸੇਵਾ ਕੀਤੀ।

ਅੱਸੀਵਿਆਂ ਦੇ ਅਰੰਭ ਵਿੱਚ ਸੰਗਤ ਨੂੰ ਪੂਜਾ ਕਰਨ ਲਈ ਆਪਣੇ ਸਥਾਨ ਦੀ ਲੋੜ ਮਹਿਸੂਸ ਹੋਈ। ਸੰਸਥਾਪਕ ਮੈਂਬਰ ਇਕੱਠੇ ਹੋ ਗਏ ਅਤੇ ਗੁਰਦੁਆਰਾ ਬਣਾਉਣ ਲਈ ਕੇਂਦਰੀ ਸਥਾਨ ਦੀ ਭਾਲ ਸ਼ੁਰੂ ਕਰ ਦਿੱਤੀ। ਗੁਰੂ ਸਾਹਿਬ ਨੇ 1985 ਵਿੱਚ ਆਪਣੀ ਸੰਗਤ ਨੂੰ ਇਸ ਗੁਰੂਘਰ ਦੀ ਬਖਸ਼ਿਸ਼ ਕੀਤੀ। ਸੰਸਥਾਪਕ ਮੈਂਬਰਾਂ ਅਤੇ ਸੰਗਤ ਦੇ ਸਹਿਯੋਗ ਅਤੇ ਯੋਗਦਾਨ ਨਾਲ ਇਸ ਇਮਾਰਤ ਦਾ ਨਵੀਨੀਕਰਨ ਅਤੇ ਸ੍ਰੀ ਗੁਰੂ ਰਵਿਦਾਸ ਟੈਂਪਲ ਵਿੱਚ ਤਬਦੀਲ ਕੀਤਾ ਗਿਆ। ਇਸ ਇਮਾਰਤ ਨੂੰ 2023 ਵਿੱਚ ਦੁਬਾਰਾ ਬਣਾਇਆ ਗਿਆ ਸੀ।

2005 ਵਿੱਚ, ਕੁਝ ਦੂਰਦਰਸ਼ੀ ਮੈਂਬਰਾਂ ਅਤੇ ਸੰਗਤ ਨੇ ਵਧ ਰਹੀਆਂ ਭਾਈਚਾਰੇ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਇੱਕ ਹੋਰ ਇਮਾਰਤ ਖਰੀਦੀ। ਇਹ ਇੱਕ ਸਿਟੀ ਜਿਮ ਹੁੰਦਾ ਸੀ। 2013 ਅਤੇ 2014 ਦੌਰਾਨ, ਸੰਗਤ ਅਤੇ ਕੁਝ ਸੇਵਾਦਾਰਾਂ ਨੇ ਵੱਡੀ ਰਕਮ ਦਾਨ ਕੀਤੀ ਅਤੇ ਇਮਾਰਤ ਨੂੰ ਪੂਰੀ ਤਰ੍ਹਾਂ ਨਾਲ ਤਿਆਰ ਕਰਨ ਲਈ ਇੱਕ ਸਾਲ ਤੋਂ ਵੱਧ ਸਮੇਂ ਤੱਕ ਅਣਥੱਕ ਮਿਹਨਤ ਕੀਤੀ, ਜੋ ਹੁਣ ਦਰਬਾਰ ਹਾਲ ਵਜੋਂ ਵਰਤੀ ਜਾਂਦੀ ਹੈ।

ਇਸ ਸਾਲ ਗੁਰੂਘਰ ਦੀ ਕਮੇਟੀ ਅਤੇ ਸੰਗਤਾਂ ਨੇ ਇੱਕ ਹੋਰ ਇਮਾਰਤ ਖਰੀਦੀ ਹੈ। ਹਰਦਿਆਲ ਬੰਗਾ ਨੇ ਚਰਚ 'ਤੇ ਇੱਕ ਵਿਕਰੀ ਚਿੰਨ੍ਹ ਦੇਖਿਆ ਅਤੇ ਸਥਾਨ ਅਤੇ ਦਿੱਖ ਦੇ ਕਾਰਨ ਇਸ ਇਮਾਰਤ ਨੂੰ ਖਰੀਦਣ ਦਾ ਵਿਚਾਰ ਬਣਾਇਆ। ਇਸ ਮੌਕੇ ਸ਼ਸ਼ੀ ਪਾਲ, ਵਿਨੋਦ ਕੁਮਾਰ, ਸੁਨੀਤਾ ਸਿੰਘ, ਰਮੇਸ਼ ਸੁਮਨ, ਜਗਤਾਰ ਸਿੰਘ, ਹਰਮੇਸ਼ ਬੰਗੜ, ਦਿਲਬਾਗ ਸਿੰਘ, ਸਲਿੰਦਰ ਭਾਟੀਆ ਤੇ ਹੋਰਾਂ ਨੇ ਸਹਿਯੋਗ ਕੀਤਾ। ਰਾਮ ਮੂਰਤੀ ਸਰੋਏ ਵੀ ਬਹੁਤ ਮਦਦਗਾਰ ਰਹੇ ਅਤੇ ਸਭ ਤੋਂ ਵੱਧ ਯੋਗਦਾਨ ਪਾਉਣ ਵਾਲਿਆਂ ਵਿੱਚੋਂ ਇੱਕ ਸਨ।

ਗੁਰੂਘਰ ਦੇ ਗਿਆਨੀ ਬਲਵਿੰਦਰ ਸਿੰਘ, ਸਤਿੰਦਰ ਸਿੰਘ ਅਤੇ ਕਰਮਜੀਤ ਸਿੰਘ ਦੇ ਰਾਗੀ ਜਥੇ ਨੇ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਕੇ ਕੀਰਤਨ ਅਤੇ ਕਥਾ ਦੌਰਾਨ ਕੋਈ ਨਹੀਂ ਹਿੱਲਿਆ। ਭਾਈ ਅਮਰਜੀਤ ਸਿੰਘ ਅਤੇ ਭਾਈ ਮਨਜੀਤ ਸਿੰਘ ਦਾ ਜਥਾ ਕਾਫੀ ਸਮੇਂ ਬਾਅਦ ਇਸ ਗੁਰੂਘਰ ਆਇਆ। ਉਨ੍ਹਾਂ ਦਾ ਸ਼ਬਦ ਕੀਰਤਨ ਬਹੁਤ ਹੀ ਸੁਰੀਲਾ ਸੀ। ਮਾਣਯੋਗ ਸ਼੍ਰੀ ਜਸਵੰਤ ਸਿੰਘ ਕੌਂਸਲੇਟ ਜਨਰਲ ਆਫ ਇੰਡੀਆ, ਸੈਨ ਫਰਾਂਸਿਸਕੋ ਨੇ ਸੰਗਤਾਂ ਨੂੰ ਇਸ ਮਹਾਨ ਪੁਰਬ ਦੀ ਵਧਾਈ ਦਿੱਤੀ। ਉਨ੍ਹਾਂ ਸੰਗਤ ਨੂੰ ਦੱਸਿਆ ਕਿ ਕੌਂਸਲੇਟ ਹਫ਼ਤੇ ਦੇ ਸੱਤੇ ਦਿਨ ਲੋਕਾਂ ਲਈ ਖੁੱਲ੍ਹਾ ਰਹੇਗਾ।

ਸ੍ਰੀ ਦਿਲਬਾਗ ਸਿੰਘ (ਜਨਰਲ ਸਕੱਤਰ), ਸ੍ਰੀ ਓ.ਪੀ. ਬਾਲੀ (ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਦੇ ਸੰਸਥਾਪਕ ਮੈਂਬਰ), ਸ੍ਰੀ ਰਮੇਸ਼ ਸੁਮਨ (ਚੇਅਰਮੈਨ) ਨੇ ਗੁਰੂਘਰ ਦੀ 39ਵੀਂ ਵਰੇਗੰਢ ਮੌਕੇ ਸੰਗਤ ਨੂੰ ਜੀ ਆਇਆਂ ਕਿਹਾ ਅਤੇ ਵਧਾਈ ਦਿੱਤੀ। ਸ੍ਰੀ ਓ.ਪੀ. ਬਾਲੀ ਸੰਸਥਾਪਕ ਮੈਂਬਰਾਂ ਵਿੱਚੋਂ ਇੱਕ ਹਨ ਅਤੇ ਇੱਕ ਇਤਿਹਾਸਕਾਰ ਹਨ, ਉਹ ਇਸ ਗੁਰੂਘਰ ਦੇ ਇਤਿਹਾਸ ਦੇ ਸਾਰੇ ਵੇਰਵਿਆਂ ਨੂੰ ਜਾਣਦੇ ਹਨ। ਅਸੀਂ ਇਸ ਇਤਿਹਾਸਕ ਘਟਨਾ ਦੀ ਕਵਰੇਜ ਲਈ ਪਾਲ ਫਿਲਮਜ਼ ਅਤੇ ਸ਼੍ਰੀ ਪ੍ਰੇਮ ਕੁਮਾਰ ਚੁੰਬਰ (ਸੰਪਾਦਕ-ਮੁੱਖ ਸੰਪਾਦਕ: ਅੰਬੇਡਕਰ ਟਾਈਮਜ਼ ਅਤੇ ਦੇਸ਼ ਦੁਆਬਾ) ਅਤੇ ਸ਼੍ਰੀ ਰਿੱਕੀ ਪਾਲ ਦੇ ਧੰਨਵਾਦੀ ਹਾਂ।

ਇਸ ਮੌਕੇ ਇੱਕ ਬਹੁਤ ਹੀ ਸਫਲ ਸਿਹਤ ਕੈਂਪ ਲਗਾਇਆ। ਅਸੀਂ ਆਪਣਾ ਸਮਾਂ ਦੇਣ ਲਈ ਡਾ: ਅਮਰਜੀਤ ਸਿੰਘ, ਡਾ: ਸ਼ੈਫਾਲੀਧਾਮ, ਡਾ: ਸੰਦੀਪ ਧਾਮ ਅਤੇ ਪਿੰਕੀ ਸਿੰਘ ਦਾ ਧੰਨਵਾਦ ਕਰਨਾ ਕੀਤਾ। ਅਸੀਂ ਸਾਰੇ ਸੇਵਾਦਾਰਾਂ ਦੇ ਧੰਨ-ਵਾਦੀ ਹਾਂ ਜਿਨ੍ਹਾਂ ਨੇ 3 ਦਿਨ ਖਾਣਾ ਬਣਾਇਆ ਅਤੇ ਪਰੋਸਿਆ, ਖਾਸ ਕਰਕੇ ਸੁਨੀਤਾ ਸਿੰਘ, ਕੁਲਵੰਤ ਕੌਰ ਬੰਗਾ, ਕਿਰਨਾ ਬੰਗਾ, ਸੁਰਜੀਤ ਕੌਰ, ਗਿਆਨ ਸੁਮਨ, ਮਨਜੀਤ ਕੌਰ, ਨਰੰਜਨ ਦੇਵੀ, ਕੁਲਵੰਤ ਕੌਰ ਜਸਵਿੰਦਰ ਕੌਰ, ਕੁਲਵਿੰਦਰ ਕੌਰ, ਸੱਤਿਆ ਮਤੀ ਰੱਤੂ, ਬਿਮਲਾ ਰਾਣੀ, ਬਲਵਿੰਦਰ ਕੁਮਾਰ, ਰਜਿੰਦਰ ਸਿੰਘ, ਗਿਆਨ ਰੱਤੂ, ਹਰਬੰਸ ਕਾਲੂ, ਹਰਬੰਸ ਰੱਤੂ, ਨਰੇਸ਼ ਕੁਮਾਰ, ਸ਼ਿੰਦਰ ਪਾਲ, ਰੇਸ਼ਮ ਕਲਸੀ (ਬਿੱਟੂ)। ਪ੍ਰੇਮ ਕੁਮਾਰ ਅਤੇ ਸੰਤੋਖ ਮਧਰ ਨੇ ਬਾਹਰਲੇ ਰੱਖ-ਰਖਾਅ ਦੀ ਜ਼ਿੰਮੇਵਾਰੀ ਨਿਭਾਈ। ਰਸੋਈ ਵਿੱਚ ਮਦਦ ਕਰਨ ਵਾਲੀਆਂ ਹੋਰ ਵੀ ਬਹੁਤ ਸਾਰੀਆਂ ਔਰਤਾਂ ਸਨ।

ਅਸੀਂ ਸਾਰੇ ਸੰਸਥਾਪਕ ਮੈਂਬਰਾਂ ਅਤੇ ਉਹਨਾਂ ਦੇ ਸੰਸਥਾਪਕ ਮੈਂਬਰਾਂ ਦੇ ਮੈਂਬਰਾਂ ਨੂੰ ਇੱਕ 8/10 ਤਸਵੀਰ ਭੇਜਣ ਲਈ ਬੇਨਤੀ ਕਰ ਰਹੇ ਹਾਂ। ਅਸੀਂ ਅਗਲੇ ਸਾਲ 40ਵੀਂ ਵਰ੍ਹੇਗੰਢ 'ਤੇ ਇੱਕ ਸੋਵੀਨਾਰ ਕਰਾਉਣਾ ਚਾਹੁੰਦੇ ਹਾਂ ਅਤੇ ਅਸੀਂ ਤਸਵੀਰਾਂ ਰਾਹੀ ਉਨ੍ਹਾਂ ਦੇ ਕੁਝ ਯੋਗਦਾਨ ਨੂੰ ਜੋੜਨਾ ਚਾਹੁੰਦੇ ਹਾਂ ਤਾਂ ਜੋ ਇਹ ਇੱਕ ਦਸਤਾਵੇਜ਼ ਬਣ ਜਾਵੇ ਜੋ ਸੰਗਤ ਨੂੰ ਦਿੱਤਾ ਜਾ ਸਕੇ ਅਤੇ ਇੱਕ ਕਾਪੀ ਗੁਰੂਘਰ ਵਿੱਚ ਰੱਖੀ ਜਾ ਸਕੇ।

ਅਸੀਂ ਸਾਰੇ ਵਲੰਟੀਅਰਾਂ ਅਤੇ ਦਾਨੀਆਂ ਦੀ ਮਦਦ ਅਤੇ ਯੋਗਦਾਨ ਲਈ ਧੰਨਵਾਦੀ ਹਾਂ।

# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੀਫੋਰਨੀਆ) ਦੀ 39ਵੀਂ ਵਰ੍ਹੇਗੰਢ ਦੇ ਸਮਾਗਮ
























# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੀਫੋਰਨੀਆ) ਦੀ 39ਵੀਂ ਵਰ੍ਹੇਗੰਢ ਦੇ ਸਮਾਗਮ




















ਤਸਵੀਰਾਂ : ਦੇਸ਼ ਦੁਆਬਾ





# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ (ਕੈਲੀਫੋਰਨੀਆ) ਦੀ 39ਵੀਂ ਵਰ੍ਹੇਗੰਢ ਦੇ ਸਮਾਗਮ










ਤਸਵੀਰਾਂ : ਦੇਸ਼ ਦੁਆਬਾ













NSB Insurance

NIRMAL SINGH BADHAN

for Insurance Call:
NIRMAL SINGH BADHAN
707-228-2020



Lic #0144676

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813

www.nsbinsures.com

1519 Gary CT., Rohnert Park, CA 94928



RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ
ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®
CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com



2081 Arena Blvd #
100 Sacramento, CA 95834



Raja
SWEETS & CATERING
AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets




Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

